9-AUG-PAGE-add page.qxd 8/8/2023 10:29 PM Page 1

ਬੁੱਧਵਾਰ, 9 ਅਗਸਤ, 2023
25 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 69

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 9 AUGUST, 2023 ਜਲੰਧਰ

You Tube nawan zamana TV

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




9-AUG-PAGE-1.qxd 8/8/2023 10:27 PM Page 2



## ਕਾਰਜ ਸਾਧਕ ਅਫਸਰ ਨੇ ਸੀਵਰੇਜ ਪਾਉਣ ਦੀ ਕਰਵਾਈ ਸ਼ੁਰੂਆਤ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਨਗਰ ਕੌਂਸਲ ਅਮਲੋਹ ਦੇ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ ਵੱਲੋਂ ਸ਼ਹਿਰ ਵਿੱਚ ਸੀਵਰੇਜ ਦੇ ਪਾਈਪ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਬਲਜਿੰਦਰ ਸਿੰਘ ਨੇ ਕਿਹਾ ਕਿ ਅਮਲੋਹ ਬੁੱਗਾ ਮਾਰਗ ਉਤੇ ਵਿਕਾਸ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ ਹੈ ਤੇ ਇੱਥੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਆ ਰਹੀ ਸੀ, ਜਿਸ ਕਰਕੇ ਸੀਵਰੇਜ ਦੀ ਨਵੀਂ ਲਾਈਨ ਪਾਉਣੀ ਸ਼ੁਰੂ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਅਮਲੋਹ ਸ਼ਹਿਰ ਅੰਦਰ ਜਿੱਥੇ ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਯਤਨਾਂ ਸਦਕਾ 600 ਦੇ ਕਰੀਬ ਸਟਰੀਟ ਲਾਈਟਾਂ ਲੱਗ ਰਹੀਆਂ ਹਨ, ਉਥੇ ਹੀ ਜਲਦ ਵੱਖ ਵੱਖ ਵਾਰਡਾਂ ਵਿੱਚ ਨਵੇਂ ਵਿਕਾਸ ਕੰਮਾਂ ਦੀ ਸ਼ੁਰੂਆਤ ਵੀ ਕਰਨ ਜਾ ਰਹੇ ਹਾਂ, ਉਥੇ ਹੀ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਸ਼ਹਿਰ ਦੇ ਵਿਕਾਸ ਲਈ ਨਗਰ ਕੌਂਸਲ ਅਮਲੋਹ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ, ਜਿਸ ਸਦਕਾ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਵਿਕਾਸ ਪੱਖੋਂ ਮੋਹਰੀ ਬਣੇਗਾ। ਇਸ ਮੌਕੇ ਨਗਰ ਕੌਂਸਲ ਅਮਲੋਹ ਦੇ ਮੁਲਾਜ਼ਮ ਵੀ ਮੌਜੂਦ ਸਨ।

## ਬ੍ਰਹਮਾਕੁਮਾਰੀ ਆਸ਼ਰਮ 'ਚ ਅੱਖਾਂ ਦੇ ਫਲੂ ਦਾ ਚੈੱਕਅੱਪ ਕੈਂਪ



**ਨਾਭਾ (ਵਰਿੰਦਰ ਵਰਮਾ)**-ਬ੍ਰਹਮਾਕੁਮਾਰੀ ਆਸ਼ਰਮ ਨਾਭਾ ਵਿਖੇ ਰੇਖਾ ਦੀਦੀ ਤੇ ਬੀਨਾ ਦੀਦੀ ਦੀ ਅਗਵਾਈ ਹੇਠ ਅੱਖਾਂ ਦੇ ਫਲੂ ਦਾ ਚੈੱਕਅਪ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਚੰਡੀਗੜ੍ਹ ਆਈ ਹਸਪਤਾਲ ਨਾਭਾ ਦੇ ਡਾਕਟਰ ਸੰਦੀਪ ਦਿਆਲ ਤੇ ਟੀਮ ਵੱਲੋਂ 285 ਦੇ ਕਰੀਬ ਮਰੀਜ਼ਾਂ ਦੇ ਅੱਖਾਂ ਦੀ ਜਾਂਚ ਕੀਤੀ ਗਈ। ਕੈਂਪ ਦੌਰਾਨ ਡਾਕਟਰ ਸੰਦੀਪ ਦਿਆਲ ਵੱਲੋਂ ਮਰੀਜ਼ਾਂ ਨੂੰ ਅੱਖਾਂ ਦੀ ਸਾਂਭ ਸੰਭਾਲ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਡਿਵਾਈਨ ਏਂਜਲ ਚੈਰੀਟੇਬਲ ਗਰੁੱਪ ਦੇ ਸਰਪ੍ਰਸਤ ਰਵਿੰਦਰ ਸਿੰਘ ਵੀਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਦੱਸਿਆ ਕਿ ਇਹ ਕੈਂਪ ਗੁਲਸ਼ਨ ਦੀਦੀ ਦੀ ਯਾਦ 'ਚ ਲਗਾਇਆ ਜਾ ਰਿਹਾ ਹੈ। ਕੈਂਪ ਦੌਰਾਨ ਡਾ. ਸੰਦੀਪ ਦਿਆਲ, ਰਵਿੰਦਰ ਸਿੰਘ ਵੀਰ, ਸਾਬਕਾ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਸਿੰਘ ਗੋਲੂ ਤੇ ਆਈਆਂ ਹੋਈਆਂ ਸ਼ਖਸੀਅਤਾਂ ਦਾ ਰੇਖਾ ਦੀਦੀ ਤੇ ਬੀਨਾ ਦੀਦੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸ੍ਰੀ ਰਾਮ ਸੇਵਾ ਸੰਮਤੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਮਹੰਤ ਅਵਧ ਬਿਹਾਰੀ ਜੀ, ਲੱਕੀ, ਐਡਵੋਕੇਟ ਯਸਪਾਲ ਸਿੰਗਲਾ, ਅਰੁਣ ਗੁਪਤਾ, ਵਿਕਾਸ ਮਿੱਤਲ, ਦੀਪ ਸਾਹੀ, ਅਸ਼ੋਕ ਕਿੰਗਰ, ਸ਼ਿਵ ਕੌਸ਼ਲ, ਮੋਹਿਤ ਅਰੋੜਾ, ਸੰਜੀਵ ਜਿੰਦਲ, ਜਤਿੰਦਰ ਗੁਪਤਾ, ਸੰਜੇ ਢੀਂਗਰਾ ਤੇ ਹੋਰ ਮੈਂਬਰ ਹਾਜ਼ਰ ਸਨ।

## ਜੇ ਕੇ ਐੱਸ ਪਬਲਿਕ ਸਕੂਲ 'ਚ ਵੇਸਟਜ਼ ਤੋਂ ਤਿਆਰ ਸਮੱਗਰੀ ਦੀ ਪ੍ਰਦਰਸ਼ਨੀ ਲਗਾਈ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ ਪਬਲਿਕ ਸਕੂਲ ਗੁਰੂ ਹਰਸਹਾਏ ਦੇ 5ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਨੇ ਬੂਟੇ ਉਗਾਉਣ ਲਈ ਬੋਤਲਾਂ ਦੀ ਵਰਤੋਂ ਕਰਕੇ ਗਮਲੇ ਤੇ ਡਿਸਪੋਜੇਬਲ ਗਲਾਸ ਦੀ ਵਰਤੋਂ ਕਰਕੇ ਵੱਖ-ਵੱਖ ਤਰ੍ਹਾਂ ਦੀ ਸਜਾਵਟੀ ਸਮੱਗਰੀ ਤਿਆਰ ਕੀਤੀ। ਉਨ੍ਹਾਂ ਨੇ ਇਹ ਗਤੀਵਿਧੀਆਂ ਕਲਾਸ ਇੰਚਾਰਜ ਮੈਡਮ ਕੁਲਵਿੰਦਰ ਕੌਰ ਤੇ ਮਨਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਕੀਤੀਆਂ। ਉਨ੍ਹਾਂ ਡਿਸਪੋਜੇਬਲ ਗਲਾਸ ਤੋਂ ਕੱਪ ਸਟੈਂਡ, ਪੈੱਨ ਸਟੈਂਡ, ਲੈਂਪ ਆਦਿ ਸਮੱਗਰੀ ਤਿਆਰ ਕੀਤੀ। ਬੇਕਾਰ ਬੋਤਲਾਂ ਤੋਂ ਗਮਲੇ ਬਣਾਉਣ ਦੀ ਗਤੀਵਿਧੀ ਲਈ, ਉਨ੍ਹਾਂ ਨੇ ਸਭ ਤੋਂ ਪਹਿਲਾਂ ਬੋਤਲ ਨੂੰ ਸਾਫ ਕੀਤਾ। ਇਸ ਤੋਂ ਬਾਅਦ ਬੋਤਲ ਨੂੰ ਕੱਟ ਕੇ ਉਸ 'ਤੇ ਪੇਂਟ ਕਰਕੇ ਬੋਤਲ ਨੂੰ ਡਿਜ਼ਾਇਨ ਦਿੱਤਾ। ਫਿਰ ਉਨ੍ਹਾਂ ਨੇ ਇਸ ਤੋਂ ਤਿਆਰ ਗਮਲਿਆਂ ਵਿੱਚ ਮਿੱਟੀ ਪਾ ਦਿੱਤੀ ਅਤੇ ਛੋਟੇ ਪੌਦੇ ਉਗਾਏ। ਵਿਦਿਆਰਥੀਆਂ ਨੇ ਇਨ੍ਹਾਂ ਗਤੀਵਿਧੀਆਂ ਨੂੰ ਬੜੇ ਉਤਸ਼ਾਹ ਨਾਲ ਕੀਤਾ। ਪ੍ਰਿੰਸੀਪਲ ਮੀਨੂੰ ਮੋਂਗਾ ਨੇ ਵਿਦਿਆਰਥੀਆਂ ਦੀਆਂ ਇਨ੍ਹਾਂ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਗਤੀਵਿਧੀਆਂ ਵਿਦਿਆਰਥੀਆਂ ਨੂੰ ਸਰਗਰਮ ਰੱਖਦੀਆਂ ਹਨ ਤੇ ਬਾਹਰੀ ਦੁਨੀਆ ਦਾ ਗਿਆਨ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਗਤੀਵਿਧੀਆਂ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ।

## ਦਿਵੇਸ ਬੱਬਰ ਕ੍ਰਿਸਚੀਅਨ ਫਰੰਟ ਯੂਥ ਵਿੰਗ ਦੇ ਪ੍ਰਧਾਨ ਚੁਣੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਤੇ ਦਿਨ ਰੀਵਰ ਆਫ ਮਿਨਿਸਟਰੀ ਆਫ ਇੰਡੀਆ ਵੱਲੋਂ ਗਰੇਸਫੁਲ ਹਾਊਸ ਚਰਚ ਗੜ੍ਹੀ ਸਹਿਬ ਰੋਡ ਸਮਾਣਾ ਵਿਖੇ ਇੱਕ ਸਮਾਗਮ ਦੌਰਾਨ ਸਮਾਣਾ ਤੇ ਪਟਿਆਲਾ ਦੀ ਯੂਥ ਕਮੇਟੀ ਦੀ ਚੋਣ ਕੀਤੀ ਗਈ, ਜਿਸ ਦੀ ਪ੍ਰਧਾਨਗੀ ਪੰਜਾਬ ਨੈਸ਼ਨਲ ਕ੍ਰਿਸਚਨ ਫਰੰਟ ਦੇ ਉੱਪ ਪ੍ਰਧਾਨ ਬਿਸਪ ਸੁਖਚੈਨ ਮਸੀਹ ਨੇ ਕੀਤੀ। ਇਸ ਵਿੱਚ ਸਮਾਣਾ ਤੇ ਪਟਿਆਲਾ ਲਈ ਵੱਖ ਵੱਖ ਯੂਥ ਕਮੇਟੀਆਂ ਦੀ ਚੋਣ ਕੀਤੀ ਗਈ ਤੇ 11 ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿੱਚ ਸਮਾਣਾ ਯੂਥ ਕਮੇਟੀ ਦੇ ਪ੍ਰਧਾਨ ਵਜੋਂ ਦਿਵੇਸ਼ ਬੱਬਰ ਨੂੰ ਚੁਣਿਆ ਗਿਆ ਅਤੇ ਉੱਪ ਪ੍ਰਧਾਨ ਆਸੀਸ ਮਸੀਹ ਨੂੰ ਚੁਣਿਆ ਗਿਆ। ਪਟਿਆਲਾ ਯੂਥ ਕਮੇਟੀ ਦੇ ਪ੍ਰਧਾਨ ਵਜੋਂ ਮਹੇਸ਼ ਕੁਮਾਰ ਤੇ ਉੱਪ ਪ੍ਰਧਾਨ ਲਈ ਪਿੰਟੂ ਚੌਹਾਨ ਨੂੰ ਨਿਯੁਕਤ ਕੀਤਾ ਗਿਆ। ਇਸ ਮੌਕੇ ਪਾਸਟਰ ਸੈਮੁਏਲ, ਪਾਸਟਰ ਇਮੈਨੁਅਲ, ਰਾਜੇਸ਼ ਕੁਮਾਰ, ਬਲਜਿੰਦਰ ਸਿੰਘ, ਅਮਰਜੀਤ, ਰੂਬੈਨ, ਅਭਿਸ਼ੇਕ ਮਸੀਹ, ਦਿਲਪ੍ਰੀਤ, ਸੰਤੋਸ਼ ਚੌਹਾਨ, ਰਾਜਨ, ਸਾਗਰ, ਗੌਤਮ ਕੁਮਾਰ ਆਦਿ ਸ਼ਾਮਲ ਸਨ।

## ਤੀਆਂ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਫਿਰੋਜ਼ਪੁਰ ਦੇ ਸਥਾਨਕ ਆਸ਼ਰਮ ਵਿੱਚ 'ਤੀਆਂ ਦਾ ਤਿਉਹਾਰ' ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਵਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਪਰਮ ਸ਼ਿਸ਼ ਸਾਧਵੀ ਸੁਸ਼੍ਰੀ ਕਿਰਨ ਭਾਰਤੀ ਨੇ ਦੱਸਿਆ ਕਿ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਅਧਿਆਤਮਕ ਸਤਿਸੰਗ, ਕਥਾਵਾਂ ਦੇ ਨਾਲ ਨਾਲ ਸਮਾਜ ਨੂੰ ਆਪਣੇ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੇ ਮੰਤਵ ਤਹਿਤ ਸੰਸਥਾਨ ਵੱਲੋਂ ਸਥਾਨਕ ਆਸ਼ਰਮ 'ਚ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਇਸ ਵਿੱਚ ਵੱਖ ਵੱਖ ਪਿੰਡਾਂ ਤੇ ਸ਼ਹਿਰ ਤੋਂ ਕੁੜੀਆਂ ਤੇ ਔਰਤਾਂ ਨੇ ਭਾਗ ਲਿਆ।ਕੁੜੀਆਂ ਵੱਲੋਂ ਗਿੱਧਾ, ਬੋਲੀਆਂ ਪਾ ਕੇ ਪੀਂਘਾਂ ਝੂਟੀਆਂ ਗਈਆਂ।ਬੱਚਿਆਂ ਵੱਲੋਂ ਸੱਭਿਆਚਾਰਕ ਡਾਂਸ ਵੀ ਪੇਸ਼ ਕੀਤਾ ਗਏ।ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਚਰਖਾ, ਫੁੱਲਕਾਰੀ ਤੇ ਹੋਰ ਵੀ ਸਾਮਾਨ ਦਿੱਖ ਦਾ ਕੇਂਦਰ ਬਣੇ ਹੋਏ ਸਨ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਸੰਗਤ ਨੂੰ ਤੀਆਂ ਦੇ ਇਤਿਹਾਸ ਤੇ ਅਧਿਆਤਮਕ ਰਹੱਸ ਬਾਰੇ ਸੰਗਤ ਨੂੰ ਵਿਚਾਰ ਦਿੱਤੇ ਗਏ। ਅੰਤ ਵਿੱਚ ਵਾਤਾਵਰਨ ਨੂੰ ਬਚਾਉਣ ਲਈ ਸੰਗਤ ਨੂੰ ਪੌਦੇ ਵੰਡੇ ਗਏ ਤੇ ਸਭ ਸੰਗਤ ਨੇ ਵੱਧ ਤੋਂ ਵੱਧ ਪੌਦੇ ਲਗਾਉਣ ਦੇ ਨਾਲ ਸੰਭਾਲਣ ਦਾ ਵੀ ਪ੍ਰਣ ਲਿਆ।ਸਾਧਵੀ ਸੰਦੀਪ ਭਾਰਤੀ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਭਜਨ ਗਾਈਨ ਕੀਤਾ ਗਿਆ।

## ਆਰ ਐੱਸ ਡੀ ਸਕੂਲ 'ਚ ਬੁਲਬੁਲ ਸਕਾਊਟ ਕੈਂਪ ਲਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਰ ਐੱਸ ਡੀ ਰਾਜ ਰਤਨ ਪਬਲਿਕ ਸਕੂਲ ਵਿਖੇ ਤਿੰਨ ਰੋਜ਼ਾ ਬੁਲਬੁਲ ਕੈਂਪ ਲਗਾਇਆ ਗਿਆ।ਇਸ ਕੈਂਪ ਦੀ ਸ਼ੁਰੂਆਤ ਸਕਾਊਟ ਮਾਸਟਰ ਚਰਨਜੀਤ ਸਿੰਘ ਵੱਲੋਂ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਡਾ. ਪ੍ਰਵੀਨ ਸਾਰੇ ਨੇ ਸਾਰੇ ਵਿਦਿਆਰਥੀਆਂ ਨੂੰ ਸਕਾਊਟਸ ਦੀ ਮਹੱਤਤਾ ਬਾਰੇ ਦੱਸਿਆ।ਇਸ ਵਿੱਚ 2ਵੀਂ ਤੋਂ 5ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਕੈਂਪ ਵਿੱਚ ਵੱਖ-ਵੱਖ ਨੈਤਿਕ ਤੇ ਸਿੱਖਿਅਕ ਗਤੀਵਿਧੀਆਂ ਕਰਵਾਈਆਂ ਗਈਆਂ ਤਾਂ ਜੋ ਬੱਚਿਆਂ ਦੇ ਨੌਜਵਾਨ ਦਿਮਾਗ਼ ਦਾ ਵਿਕਾਸ ਹੋ ਸਕੇ, ਉਹ ਸਿੱਖਣ ਤੇ ਆਪਣੇ ਅੰਦਰ ਵਧੀਆ ਕਦਰਾਂ-ਕੀਮਤਾਂ ਦੀ ਖੋਜ ਕਰਨ।ਸਕੂਲ ਦੇ ਮੁਖੀ ਐੱਸ ਸੀ ਸਾਂਵਲਕਾ ਦੇ ਸਕੱਤਰ, ਰਜਨੀਸ਼ ਸਾਂਵਲਕਾ ਡਾਇਰੈਕਟਰ ਐੱਸ ਪੀ ਆਨੰਦ ਤੇ ਸਕੂਲ ਦੇ ਪ੍ਰਿੰਸੀਪਲ ਡਾ. ਪ੍ਰਵੀਨ ਸਾਰੇ ਨੇ ਭਵਿੱਖ ਵਿੱਚ ਵੀ ਅਜਿਹੇ ਕੈਂਪ ਲਗਾਉਣ ਦਾ ਭਰੋਸਾ ਦਿੱਤਾ ਤਾਂ ਜੋ ਬੱਚਿਆਂ ਦਾ ਬਹੁਪੱਖੀ ਵਿਕਾਸ ਹੋ ਸਕੇ।

# ਅੱਜ ਦੇ ਰੋਸ ਪ੍ਰਦਰਸ਼ਨਾਂ 'ਚ ਕਰਾਂਗੇ ਸ਼ਮੂਲੀਅਤ : ਗੁਰਮੇਲ ਮੈਲਡੇ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਇੱਥੇ ਸ਼ਹੀਦ ਨਛੱਤਰ ਸਿੰਘ ਯਾਦਗਾਰੀ ਭਵਨ ਜਗਰਾਉਂ ਵਿਖੇ ਪੰਜਾਬ ਪੈਨਸ਼ਨਰ ਯੂਨੀਅਨ ਦੀ ਮੀਟਿੰਗ ਜਗਦੀਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਪੈਨਸ਼ਨਰਾਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ ਜਿਵੇਂ ਕਿ 2.59 ਪੈਨਸ਼ਨ ਸੋਧ ਫਾਰਮੂਲਾ ਲਾਗੂ ਨਹੀਂ ਕੀਤਾ ਜਾ ਰਿਹਾ। ਪਿਛਲੇ ਕਈ ਸਾਲਾਂ ਦੀਆਂ ਡੀ.ਏ. ਦੀਆਂ ਕਿਸ਼ਤਾਂ ਦਾ ਬਕਾਇਆ ਪੈਨਸ਼ਨਰਾਂ ਨੂੰ ਨਹੀਂ ਦਿੱਤਾ ਗਿਆ, ਜੋ ਕਿ ਹਰ ਪੈਨਸ਼ਨਰ ਦੀ ਵੱਡੀ ਰਕਮ ਬਣਦੀ ਹੈ। 1-1-2016 ਤੋਂ ਜੂਨ 2022 ਤੱਕ ਦਾ ਪੈਨਸ਼ਨ ਸੋਧ/ਪੇ-ਕਮਿਸ਼ਨ ਦਾ ਸਾਢੇ ਛੇ ਸਾਲ ਦਾ ਬਕਾਇਆ ਵੀ ਸਰਕਾਰ ਦੇਣਾ ਭੁੱਲੀ ਬੈਠੀ ਹੈ। ਮੈਲਡੇ ਨੇ ਕਿਹਾ ਕਿ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਵਡੇਰੀ ਉਮਰ ਦੇ ਪੈਨਸ਼ਨਰ ਬੀਮਾਰੀ ਦੇ ਹਾਲਤ ਵਿੱਚ ਔਖਾ ਸਮਾਂ ਲੰਘਾ ਰਹੇ ਹਨ। ਕੁਝ ਅਜਿਹੇ ਕੇਸ ਵੀ ਹਨ, ਜੋ ਬਕਾਇਆ ਛੱਡ ਕੇ ਸਵਰਗ ਸੁਧਾਰ ਚੁੱਕੇ ਹਨ। ਪੰਜਾਬ ਸਰਕਾਰ ਨੂੰ ਪੈਨਸ਼ਨਰਾਂ ਨੂੰ ਵਿਸ਼ੇਸ਼ ਕਰਕੇ ਪੇ-ਕਮਿਸ਼ਨ ਏਰੀਅਰ ਦਾ ਭੁਗਤਾਨ ਕਰਨਾ ਚਾਹੀਦਾ ਹੈ। ਮੈਡੀਕਲ ਬਿੱਲ ਕਈ-ਕਈ ਸਾਲਾਂ ਤੋਂ ਸਰਕਾਰੀ ਦਫਤਰਾਂ ਵਿੱਚ ਰੁਲ ਰਹੇ ਹਨ, ਜਿਨ੍ਹਾਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ ਤੇ ਪਤਾ ਵੀ ਨਹੀਂ ਲੱਗਦਾ ਕਿ ਬਿੱਲ ਕਿਸ ਹਾਲਤ ਵਿੱਚ ਤੇ ਕਿਸ ਦਫਤਰ ਵਿੱਚ ਹਨ। ਇਨ੍ਹਾਂ ਮੁਸ਼ਕਲਾਂ ਸਬੰਧੀ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਰ ਸਾਂਝੇ ਫਰੰਟ ਦਾ ਗਠਨ ਕਰਕੇ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ ਜਾਵੇਗਾ। ਮੀਟਿੰਗ ਨੂੰ ਸਵਰਨ ਸਿੰਘ ਹਠੂਰ, ਪ੍ਰਿਤਪਾਲ ਸਿੰਘ ਪੰਡੋਰੀ, ਚਮਕੌਰ ਸਿੰਘ ਦੌਧਰ ਤੇ ਜਗਸੀਰ ਸਿੰਘ ਨੇਰੀ, ਪਾਲਾ ਸਿੰਘ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਸਰਕਾਰ ਨੇ ਚੋਣਾਂ ਵਿੱਚ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਉਲਟ ਦਿਸ਼ਾ ਵੱਲ ਚੱਲ ਕੇ ਪੈਨਸ਼ਨਰਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਇਸ ਲਈ ਆਉਣ ਵਾਲੇ ਸਮੇਂ ਸੰਘਰਸ਼ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ।

# ਬਾਬਾ ਪਿਆਰਾ ਸਿੰਘ ਦੀ ਬਰਸੀ ਮੌਕੇ 182 ਖ਼ੂਨਦਾਨੀਆਂ ਨੇ ਕੀਤਾ ਖ਼ੂਨਦਾਨ

**ਸਮਰਾਲਾ (ਸੁਰਜੀਤ ਸਿੰਘ)**

ਇੱਥੋਂ ਨਜ਼ਦੀਕੀ ਪਿੰਡ ਝਾੜ ਸਾਹਿਬ ਵਿਖੇ ਬ੍ਰਹਮ ਗਿਆਨੀ ਸੰਤ ਬਾਬਾ ਪਿਆਰਾ ਸਿੰਘ ਦੀ 58ਵੀਂ ਸਲਾਨਾ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਇਲਾਕੇ ਦੀਆਂ ਸਮਾਜਸੇਵੀ ਸੰਸਥਾਵਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਮਾਨਵਤਾ ਦੀ ਸੇਵਾ ਲਈ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਪ੍ਰਧਾਨ ਡਾ. ਬਲਬੀਰ ਸਿੰਘ ਅਤੇ ਸਕੱਤਰ ਡਾ. ਸੰਦੀਪ ਕੌਰ ਨੇ ਕਿਹਾ ਕਿ ਖ਼ੂਨ ਦਾ ਮਹੱਤਵ ਸਿਰਫ਼ ਉਹੀ ਮਨੁੱਖ ਸਮਝ ਸਕਦਾ ਹੈ, ਜੋ ਹਸਪਤਾਲ 'ਚ ਪਿਆ ਆਪਣੇ ਆਖ਼ਰੀ ਸਾਹ ਗਿਣ ਰਿਹਾ ਹੁੰਦਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਸਰਬੰਸ ਸਿੰਘ ਮਾਣਕੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੈਂਪ 'ਚ ਸ਼ਿਰਕਤ ਕਰਦਿਆਂ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਨਿਵਾਜਿਆ ਗਿਆ। ਬਾਬਾ ਪ੍ਰੀਤਮ ਸਿੰਘ ਪਪੜੌਦੀ, ਆਪ ਆਗੂ ਤੇਜਿੰਦਰ ਸਿੰਘ ਗਰੇਵਾਲ, ਸ਼ਿਵ ਸੈਨਾ ਆਗੂ ਰਮਨ ਵਡੇਰਾ ਨੇ ਕਿਹਾ ਕਿ ਖ਼ੂਨਦਾਨ ਕਰਨ ਤੋਂ ਵੱਡਾ ਕੋਈ ਹੋਰ ਪਰਉਪਕਾਰ ਨਹੀਂ ਹੋ ਸਕਦਾ, ਇਲਾਕੇ ਦੀਆਂ ਸੰਸਥਾਵਾਂ ਲੰਬੇ ਸਮੇਂ ਤੋਂ ਇਹ ਕਾਰਜ ਬਾਖ਼ੂਬੀ ਨਿਭਾ ਰਹੀਆਂ ਹਨ। ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਦੇ ਐੱਨ.ਐੱਸ.ਐੱਸ. ਵਿੰਗ,



ਰੈੱਡ ਕਰਾਸ ਵਿੰਗ, ਸਪੋਰਟਸ ਵਿੰਗ ਦੀਆਂ ਵਿਦਿਆਰਥਣਾਂ ਅਤੇ ਸਮੂਹ ਸਟਾਫ਼ ਵੱਲੋਂ ਸੇਵਾ ਨਿਭਾਉਂਦੇ ਹੋਏ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਅਤੇ ਕੈਂਪ ਦੀਆਂ ਬਾਕੀ ਹੋਰ ਜ਼ਿੰਮੇਵਾਰੀਆਂ ਨੂੰ ਵੀ ਤਨਦੇਹੀ ਨਾਲ ਨਿਭਾਇਆ ਗਿਆ।

ਕੈਂਪ ਦੌਰਾਨ ਪੁੱਜੀਆਂ ਸਿਵਲ ਹਸਪਤਾਲ ਲੁਧਿਆਣਾ, ਸਿਵਲ ਹਸਪਤਾਲ ਰੋਪੜ ਅਤੇ ਸਿਵਲ ਹਸਪਤਾਲ ਸਮਰਾਲਾ ਦੀਆਂ ਬਲੱਡ ਬੈਂਕਾਂ ਵੱਲੋਂ 182 ਖ਼ੂਨਦਾਨੀਆਂ ਦਾ ਖ਼ੂਨ ਇਕੱਤਰ ਕੀਤਾ ਗਿਆ। ਕੈਂਪ 'ਚ ਡਾ. ਸੁਖਵਿੰਦਰ ਕੌਰ, ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਸਾਬਕਾ ਚੇਅਰਮੈਨ ਜਥੇ: ਅਮਰੀਕ ਸਿੰਘ ਹੇੜੀਆਂ, ਚਿੱਤਰਕਾਰ ਜਗਦੀਸ਼ ਬਰਾੜ, ਹਰਦੀਪ ਸਿੰਘ ਬਹਿਲੋਲਪੁਰ, ਆਪ ਆਗੂ ਅੰਮ੍ਰਿਤ ਪੁਰੀ, ਅੰਮ੍ਰਿਤ ਕੌਰ, ਹਾਕੀ ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ, ਚੇਅਰਮੈਨ ਮੇਜਰ ਸਿੰਘ, ਕਸ਼ਮੀਰੀ ਲਾਲ, ਜਸਵਿੰਦਰ ਸਿੰਘ ਗੋਗੀ, ਜਗਤਾਰ ਸਿੰਘ ਮਾਣਕੀ, ਹਰਬੰਸ ਲਾਲ ਚਾਨਣਾ, ਕਰਮਜੀਤ ਸਿੰਘ ਢਿੱਲੋਂ, ਸਰਬਜੀਤ ਸਿੰਘ ਲੌਂਗੀਆ, ਦੀਪ ਦਿਲਬਰ, ਮਨਜੀਤ ਸਿੰਘ, ਸ਼ੰਕਰ ਕਲਿਆਣ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ ਖੱਟਰਾਂ, ਸੰਤੋਖ ਸਿੰਘ ਕੋਟਾਲਾ, ਨਵਤੇਜ ਸਿੰਘ ਕੋਟਾਲਾ, ਰਾਜੂ ਨਾਗਰਾ, ਮੋਨੂੰ ਖੱਟਰਾ, ਨੀਰਜ ਸਿਹਾਲਾ, ਸੁਰਿੰਦਰ ਸਿੰਘ ਬੇਦੀ, ਗੁਰਮੀਤ ਸਿੰਘ ਢੀਂਡਸਾ, ਅੰਤਰਜੋਤ ਸਿੰਘ, ਲੱਕੀ ਸਮਰਾਲਾ ਆਦਿ ਵੱਲੋਂ ਵੀ ਕੈਂਪ ਨੂੰ ਸਫ਼ਲ ਬਣਾਉਣ ਲਈ ਕਾਰਜ ਕੀਤੇ ਗਏ।

## ਪਲੇਸਮੈਂਟ ਕੈਂਪ ਭਲਕੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਡਾ. ਸੇਨੂ ਦੁੱਗਲ ਦੇ ਦਿਸ਼ਾ-ਨਿਰਦੇਸ਼ਾਂ 'ਤੇ 10 ਅਗਸਤ ਨੂੰ ਜ਼ਿਲ੍ਹਾ ਪੱਧਰੀ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ 'ਚ ਸਕਿਊਰਟੀ ਗਾਰਡ ਦੀ ਨੌਕਰੀ ਲਈ ਐੱਸ.ਆਈ.ਐੱਸ. ਸਕਿਊਰਟੀ ਲਿਮਟਿਡ ਕੰਪਨੀ ਸ਼ਮੂਲੀਅਤ ਕਰ ਰਹੀ ਹੈ ਤੇ ਸਿਰਫ ਲੜਕੇ ਹੀ ਭਾਗ ਲੈ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਸ ਕੈਂਪ 'ਚ 10ਵੀ ਬਾਰਵੀਂ ਪਾਸ, ਗ੍ਰੈਜੂਏਸ਼ਨ ਪਾਸ ਜਾਂ ਇਸ ਤੋਂ ਵੱਧ, 21 ਤੋਂ 37 ਸਾਲ ਉਮਰ ਤੇ 5 ਫੁੱਟ 6 ਇੰਚ ਕੱਦ, 54 ਕਿਲੋ ਵਜ਼ਨ, ਛਾਤੀ 80 ਸੈਂਟੀਮੀਟਰ ਤੋਂ 85 ਸੈਂਟੀਮੀਟਰ ਵਾਲੇ ਨੌਜਵਾਨ ਭਾਗ ਲੈ ਸਕਦੇ ਹਨ।

# ਕਮਿਊਨਿਟੀ ਸੈਂਟਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕਮਿਊਨਿਟੀ ਸੈਂਟਰ ਨੇੜੇ ਬੱਸ ਸਟੈਂਡ ਵਿਖੇ ਸ਼ਹਿਰ ਦੀਆਂ ਔਰਤਾਂ ਤੇ ਲੜਕੀਆਂ ਵੱਲੋਂ ਇਕੱਠੇ ਹੋ ਕੇ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਜਾਣਕਾਰੀ ਅਨੁਸਾਰ ਬਰਸਾਤੀ ਮੌਸਮ ਕਾਰਨ ਕਮਿਊਨਿਟੀ ਸੈਂਟਰ 'ਚ ਪ੍ਰੀਤ ਗਰੁੱਪ ਵੱਲੋਂ ਕਮਲੇਸ਼ ਰਾਣੀ ਉਰਫ਼ ਪ੍ਰੀਤ ਦੀ ਅਗਵਾਈ 'ਚ ਕਰਵਾਏ ਸਮਾਗਮ ਦਾ ਉਦਘਾਟਨ ਹਲਕਾ ਵਿਧਾਇਕ ਦੀ ਪਤਨੀ ਪਿੰਦਰਜੀਤ ਕੌਰ ਦਿਆਲਪੁਰਾ ਨੇ ਕੀਤਾ। ਉਨ੍ਹਾ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੀ ਪੀੜ੍ਹੀ ਸਾਡੇ ਪਿਛੋਕੜ ਤੇ ਸੱਭਿਆਚਾਰ ਨਾਲ ਸਬੰਧਤ ਤਿਉਹਾਰਾਂ ਨੂੰ ਭੁੱਲਦੀ ਜਾ ਰਹੀ ਹੈ, ਜਿਨ੍ਹਾਂ ਨੂੰ ਵਿਰਸੇ ਨਾਲ ਜੋੜਨਾ ਜ਼ਰੂਰੀ ਹੈ। ਉਨ੍ਹਾਂ ਤੀਆਂ ਦੀ ਇਤਿਹਾਸਕ ਮਹੱਤਤਾ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਔਰਤਾਂ ਵੱਲੋਂ ਜਿੱਥੇ ਵੱਖ-ਵੱਖ ਤਰ੍ਹਾਂ ਦੇ ਗਿੱਧੇ ਦੀਆਂ ਵੰਨਗੀਆਂ ਤੇ ਬੋਲੀਆਂ ਪਾਈਆਂ ਗਈਆਂ, ਉੱਥੇ ਡੀ.ਜੇ. 'ਤੇ ਵੀ ਨੱਚ ਕੇ ਧਮਾਲਾਂ ਪਾਈਆਂ ਤੇ ਕਈ ਨਵ-ਵਿਆਹੀਆਂ ਮੁਟਿਆਰਾਂ ਵੱਲੋਂ ਚਰਖੇ ਕੱਤ ਕੇ ਦਿਖਾਏ ਗਏ। ਇਸ ਪ੍ਰੋਗਰਾਮ ਵਿੱਚ ਦੇਸੀ ਪੱਖੀਆਂ ਵੀ ਝੱਲੀਆਂ ਗਈਆਂ। ਸਮਾਗਮ ਕਮਿਊਨਿਟੀ ਸੈਂਟਰ ਵਿੱਚ ਹੋਣ ਕਾਰਨ ਪੀਂਘਾ ਦਾ ਚਾਅ ਵੀ ਅੰਦਰ ਹੀ ਛੱਤ ਨਾਲ ਤਿੰਨ ਰੰਗ ਬਿਰੰਗੀਆਂ ਪੀਂਘਾ ਪਾ ਕੇ ਪੂਰਾ ਕੀਤਾ ਗਿਆ, ਜਿਸ 'ਤੇ ਮੁਟਿਆਰਾਂ ਤੇ ਔਰਤਾਂ ਵੱਲੋਂ ਝੂਟੇ ਲਏ ਗਏ। ਇਸ ਮੌਕੇ ਸਜ ਵਿਆਹੀਆਂ ਲੜਕੀਆਂ ਨਾਲ ਉਨ੍ਹਾਂ ਦੇ ਲਾੜੇ ਵੀ ਪਹੁੰਚੇ ਸਨ, ਜਿੱਥੇ ਉਨ੍ਹਾਂ ਆਪਸ ਵਿੱਚ ਭੰਗੜੇ ਪਾ ਕੇ ਜਸ਼ਨ ਮਨਾਇਅ, ਉੱਥੇ ਲਾੜਿਆਂ ਵੱਲੋਂ ਆਪਣੀਆਂ ਸਜ ਵਿਆਹੀਆਂ ਔਰਤਾਂ ਨੂੰ ਝੂਟੇ ਦਿੱਤੇ ਗਏ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਪ੍ਰਵੀਨ ਮੱਕੜ, ਪਰਮਜੀਤ ਕੌਰ, ਜਸਵਿੰਦਰ ਕੌਰ, ਕਮਲਜੀਤ ਕੌਰ, ਦਲਵਿੰਦਰ ਕੌਰ ਚਾਹਲ, ਚਰਨਜੀਤ ਕੌਰ, ਪ੍ਰੀਤੀ ਕੌਰ, ਬੁੱਧ ਸਿੰਘ, ਕਿਰਪਾਲ ਸਿੰਘ, ਸੰਦੀਪ ਕੌਰ, ਹਰਜਿੰਦਰ ਕੌਰ, ਗੁਲਜਿੰਦਰ ਕੌਰ ਸਮਰਾਲਾ, ਗਗਨਦੀਪ ਕੌਰ ਮੋਰਿੰਡਾ, ਸਿਮਰਪ੍ਰੀਤ ਕੌਰ, ਲਖਵਿੰਦਰ ਕੌਰ ਅਮੀਰਪੁਰ, ਗੁਰਮੀਤ ਕੌਰ, ਗਗਨਦੀਪ ਕੌਰ ਖੰਨਾ, ਪੂਜਾ ਮਾਂਗਟ, ਰੂਬੀ, ਛਿੰਦਰਪਾਲ ਕੌਰ ਹੇਡੋਂ, ਚਰਨਜੀਤ ਸਿੰਘ ਆਜ਼ਾਦ, ਮਨੀ ਖੰਨਾ, ਲਾਲੀ ਲੁਧਿਆਣਾ ਆਦਿ ਮੌਜੂਦ ਸਨ।

## ਜਸਪ੍ਰੀਤ ਸਿੰਘ ਛਾਬੜਾ ਨੂੰ ਪ੍ਰਸੰਸਾ ਪੱਤਰ ਦੇ ਕੇ ਕੀਤਾ ਸਨਮਾਨਤ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**

ਪਿਛਲੇ ਕਈ ਸਾਲਾਂ ਤੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਲੋਕਾਂ ਦੀ ਸੇਵਾ ਕਰ ਰਹੇ ਜਸਪ੍ਰੀਤ ਸਿੰਘ ਛਾਬੜਾ ਪ੍ਰਧਾਨ ਮੁਕਤੀਸਰ ਵੈਲਫੇਅਰ ਕਲੱਬ ਨੂੰ ਪੰਜਾਬ ਦੇ ਏ.ਡੀ.ਜੀ.ਪੀ ਟਰੈਫਿਕ ਅਮਰਦੀਪ ਸਿੰਘ ਰਾਏ ਵੱਲੋਂ ਐਸ ਐਸ ਪੀ ਹਰਮਨਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਦਿੱਤਾ ਗਿਆ। ਪਹਿਲੇ ਦਰਜੇ ਦਾ ਪ੍ਰਸੰਸਾ ਪੱਤਰ ਜਸਪ੍ਰੀਤ ਸਿੰਘ ਛਾਬੜਾ ਨੂੰ ਦੂਜੀ ਵਾਰ ਮਿਲ ਰਿਹਾ ਹੈ। ਜਸਪ੍ਰੀਤ ਸਿੰਘ ਛਾਬੜਾ ਵੱਡੇ ਪੱਧਰ 'ਤੇ ਸ਼ਹਿਰ ਵਿੱਚ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਮੁਹਿੰਮ ਚਲਾ ਰਹੇ ਹਨ। ਇਸ ਤੋਂ ਪਹਿਲਾਂ ਛਾਬੜਾ ਨੂੰ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੜਕ ਸੁਰੱਖਿਆ ਮੰਤਰਾਲੇ ਵੱਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ। ਇਸ ਦੌਰਾਨ ਜਸਪ੍ਰੀਤ ਸਿੰਘ ਛਾਬੜਾ ਨੇ ਕਿਹਾ ਕਿ ਉਹ ਪੰਜਾਬ ਪੁਲਸ ਦਾ ਤਹਿ ਦਿਲੋਂ ਧੰਨਵਾਦ ਰਹਿਣਗੇ ਜਿਨ੍ਹਾਂ ਨੇ ਉਨ੍ਹਾਂ ਵੱਲੋਂ ਕੀਤੀ ਗਈ ਸਮਾਜ ਸੇਵਾ ਦੇ ਕੰਮਾਂ ਨੂੰ ਦੇਖਦੇ ਹੋਏ ਅੱਜ ਉਨ੍ਹਾਂ ਨੂੰ ਪਹਿਲੇ ਦਰਜੇ ਦਾ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਹਰਮਨ ਬੀਰ ਸਿੰਘ ਗਿੱਲ , ਐੱਸ ਪੀ ਐਚ ਕੁਲਵੰਤ ਰਾਏ ਅਤੇ ਜ਼ਿਲ੍ਹੇ ਦੇ ਸਮੂਹ ਡੀ ਐਸ ਪੀ ਹਾਜ਼ਰ ਸਨ।

# ਪਰਚਾ ਦਰਜ ਹੋਣ ਤੋਂ ਬਾਅਦ ਸੰਘਰਸ਼ ਖਤਮ



**ਕਰਤਾਰਪੁਰ** : ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਪਿੰਡ ਬੂਲੇ ਦੀ ਨੌਜਵਾਨ ਕੁੜੀ ਨੂੰ ਇਨਸਾਫ ਦਿਵਾਉਣ ਲਈ ਸੰਘਰਸ ਨੂੰ ਤੇਜ਼ ਕਰਦਿਆਂ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਐੱਸ ਐੱਸ ਪੀ ਜਲੰਧਰ ਦਿਹਾਤੀ ਦੇ ਦਫਤਰ ਅੱਗੇ ਧਰਨਾ ਮੁਜ਼ਾਹਰਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਐੱਸ ਐੱਸ ਪੀ, ਐੱਸ ਪੀ ਸਥਾਨਕ ਅਤੇ ਡੀ ਐੱਸ ਪੀ ਕਰਤਾਰਪੁਰ ਨੇ ਯੂਨੀਅਨ ਆਗੂਆਂ ਨਾਲ ਆਪਣੇ ਦਫਤਰ ਮੀਟਿੰਗ ਕਰਕੇ ਮੰਗਾਂ ਮੰਨ ਲਈਆਂ ਅਤੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਡੀ ਐੱਸ ਪੀ ਕਰਤਾਰਪੁਰ ਵੱਲੋਂ ਐੱਸ ਐੱਸ ਪੀ ਤਰਫੋਂ ਮੰਗਾਂ ਮੰਨਣ ਦਾ ਐਲਾਨ ਕੀਤਾ ਗਿਆ। ਧਰਨੇ ਮੁਜ਼ਾਹਰੇ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਮਜ਼ਦੂਰਾਂ-ਕਿਸਾਨਾਂ ਨੇ ਸ਼ਮੂਲੀਅਤ ਕੀਤੀ।

ਉੱਧਰ ਕੁੜੀ ਜਤਿੰਦਰ ਕੌਰ ਦੀ ਹਾਜ਼ਰੀ ਵਿੱਚ ਉਸ ਦੀ ਭੈਣ ਰਾਜਦੀਪ ਕੌਰ ਵਾਸੀ ਪਿੰਡ ਮੁਰੀਦਪੁਰ ਦੇ ਬਿਆਨ ਉੱਪਰ ਪਰਚਾ ਦਰਜ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਅਤੇ ਥਾਣਾ ਕਰਤਾਰਪੁਰ ਅੱਗੇ ਸੱਤਵੇਂ ਦਿਨ ਸ਼ਾਮ ਵੇਲੇ ਧਰਨਾ ਸਮਾਪਤ ਕਰਦਿਆਂ ਯੂਨੀਅਨ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪ੍ਰਸ਼ਾਸਨ ਨੇ ਮੰਨੀਆਂ ਮੰਗਾਂ ਨੂੰ ਅਮਲ ਵਿੱਚ ਲਾਗੂ ਨਾ ਕੀਤਾ ਤਾਂ 15 ਅਗਸਤ ਨੂੰ ਕਾਲੇ ਝੰਡਿਆਂ ਨਾਲ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਸੰਤੋਖ ਸਿੰਘ ਸੰਧੂ ਨੇ ਕਿਹਾ ਕਿ ਜਾਤਾਂ, ਧਰਮਾਂ ਦੇ ਨਾਂਅ 'ਤੇ ਵੋਟਾਂ ਬਟੋਰਨ ਵਾਲੇ ਮੰਤਰੀ-ਸੰਤਰੀ ਜ਼ਰੂਰਤ ਵੇਲੇ ਭੁਗਤਦੇ ਮਜ਼ਦੂਰਾਂ, ਕਿਸਾਨਾਂ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਵੱਲੋਂ ਆਪਣੇ ਸਰਕਲ ਪ੍ਰਧਾਨ ਨੂੰ ਬਚਾਉਣ ਲਈ ਪਾਏ ਗਏ ਸਿਆਸੀ ਦਬਾਅ ਕਾਰਨ ਨੌਜਵਾਨ ਕੁੜੀ ਨੂੰ ਇਨਸਾਫ ਦਿਵਾਉਣ ਲਈ ਮਿਹਨਤੀ ਲੋਕਾਂ ਨੂੰ ਇੱਕ ਹਫਤਾ ਥਾਣਾ ਕਰਤਾਰਪੁਰ ਅੱਗੇ ਧਰਨਾ ਲਾਉਣ ਲਈ ਮਜਬੂਰ ਹੋਣਾ ਪਿਆ। ਧਰਨੇ ਉੱਪਰ ਡਟੇ ਕਈ ਬੱਚੇ, ਬੁੱਢੇ, ਔਰਤਾਂ ਤੇ ਨੌਜਵਾਨ ਗਰਮੀ, ਹੁੰਮਸ ਅਤੇ ਮੱਛਰ ਕਾਰਨ ਬਿਮਾਰ ਹੋਏ। ਉਨ੍ਹਾਂ ਕਿਰਤੀ ਲੋਕਾਂ ਨੂੰ ਆਪਣੇ ਬੁਨਿਆਦੀ ਮੁੱਦਿਆਂ ਉੱਪਰ ਘੋਲ ਚਲਾਉਣ ਲਈ ਪਿੰਡ-ਪਿੰਡ ਜਥੇਬੰਦੀਆਂ ਬਣਾਉਣ ਦਾ ਹੋਕਾ ਦਿੰਦਿਆਂ ਅਗਲੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਵੀ ਦਿੱਤਾ। ਇਸ ਮੌਕੇ ਯੂਨੀਅਨ ਵੱਲੋਂ ਧੀ ਨੂੰ ਇਨਸਾਫ ਦਿਵਾਉਣ ਲਈ ਚੱਲੇ ਸੰਘਰਸ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਵਾਲੇ ਲੋਕਾਂ ਅਤੇ ਜਥੇਬੰਦੀਆਂ ਦਾ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ, ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਜਸਵੀਰ ਕੌਰ ਜੱਸੀ, ਬਲਵਿੰਦਰ ਕੌਰ ਘੁੱਗਸ਼ੋਰ, ਪੰਜਾਬ ਕਿਸਾਨ ਯੂਨੀਅਨ (ਬਾਗੀ) ਦੇ ਜਨਰਲ ਸਕੱਤਰ ਡਾਕਟਰ ਗੁਰਦੀਪ ਸਿੰਘ ਭੰਡਾਲ ਤੋਂ ਇਲਾਵਾ ਪੇਂਡੂ ਮਜ਼ਦੂਰ ਆਗੂਆਂ ਅਮਰੀਕ ਸਿੰਘ, ਗੋਬਿੰਦਾ, ਲਵਪ੍ਰੀਤ ਸਿੰਘ, ਬਲਬੀਰ ਸਿੰਘ ਧੀਰਪੁਰ, ਬਲਵਿੰਦਰ ਕੌਰ ਦਿਆਲਪੁਰ ਤੇ ਸਰਬਜੀਤ ਕੌਰ ਕੁੱਦੋਵਾਲ ਆਦਿ ਨੇ ਸੰਬੋਧਨ ਕੀਤਾ।

## ਬਲਵਿੰਦਰ ਕਲਸੀ ਦਾ ਪੱਤਰਕਾਰ ਭਾਈਚਾਰੇ ਵੱਲੋਂ ਸਨਮਾਨ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹਲਕਾ ਗੁਰੂ ਹਰਸਹਾਏ ਦੇ ਵਾਸੀ ਬਲਵਿੰਦਰ ਸਿੰਘ ਕਲਸੀ ਰਾਮਗੜ੍ਹੀਆ ਅਕਾਲ ਜਥੇਬੰਦੀ ਅੰਦਰ ਪਿਛਲੇ ਪੰਜ ਸਾਲਾਂ ਤੋਂ ਵੱਖ-ਵੱਖ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਹੁਣ ਉਨ੍ਹਾਂ ਨੂੰ ਜਥੇਬੰਦੀ ਵੱਲੋਂ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਉਨ੍ਹਾਂ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਤੇ ਬਾਅਦ ਵਿੱਚ ਉਨ੍ਹਾਂ ਨੇ ਪ੍ਰੈੱਸ ਕਲੱਬ ਦਫਤਰ ਪਹੁੰਚ ਕੇ ਪੱਤਰਕਾਰ ਭਾਈਚਾਰੇ ਨਾਲ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਪੱਤਰਕਾਰ ਭਾਈਚਾਰੇ ਨੇ ਕਲੱਬ ਪਹੁੰਚਣ 'ਤੇ ਸ੍. ਕਲਸੀ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਨੂੰ ਜਥੇਬੰਦੀ ਦਾ ਪੰਜਾਬ ਪ੍ਰਧਾਨ ਬਣਨ ਦੀ ਵਧਾਈ ਦਿੱਤੀ। ਇਸ ਮੌਕੇ ਪੱਤਰਕਾਰ ਭਾਈਚਾਰੇ ਵੱਲੋਂ ਸ੍. ਕਲਸੀ ਨੂੰ ਲੋਈ ਤੇ ਦਸਤਾਰ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮੋਨੂੰ ਨਾਗੀ, ਸੋਨੂੰ ਸੋਢੀ, ਹਰਜਿੰਦਰ ਕਲਸੀ, ਗੁਰਚਰਨ ਸਿੰਘ, ਸੁਖਮੰਦਰ ਕਲਸੀ ਤੇ ਜਥੇਬੰਦੀ ਦੇ ਹੋਰ ਵੀ ਕਈ ਨੁਮਾਇੰਦੇ ਹਾਜ਼ਰ ਸਨ।

## ਅੱਜ ਆਵਾਜਾਈ ਤੇ ਬਾਜ਼ਾਰ ਬੰਦ ਦੀ ਅਪੀਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਨੀਪੁਰ ਵਿੱਚ ਹੋਈ ਸ਼ਰਮਨਾਕ ਤੇ ਨਿੰਦਣਯੋਗ ਘਟਨਾ ਨੂੰ ਲੈ ਕੇ ਮਨੀਪੁਰ ਅੱਤਿਆਚਾਰ ਐਕਸ਼ਨ ਕਮੇਟੀ ਵੱਲੋਂ ਪੰਜਾਬ ਬੰਦ ਦੇ ਦਿੱਤੇ ਸੱਦੇ ਨੂੰ ਲੈ ਕੇ 09 ਅਗਸਤ ਨੂੰ ਸਵੇਰੇ 10-00 ਵਜੇ ਤੋਂ ਸ਼ਾਮ 03 ਵਜੇ ਤੱਕ ਰੋਸ ਧਰਨਾ ਦਿੱਤਾ ਜਾਵੇਗਾ। ਇਨਸਾਫ ਪਸੰਦ ਵੀਰਾਂ, ਭਰਾਵਾਂ ਨੂੰ ਬੇਨਤੀ ਹੈ ਕਿ ਗੁਰੂ ਗੋਬਿੰਦ ਸਿੰਘ ਪਾਰਕ ਸ੍ਰੀ ਮੁਕਤਸਰ ਸਾਹਿਬ ਵਿਖੇ ਪਹੁੰਚ ਕੇ ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨ ਲਈ ਧਰਨੇ ਵਿੱਚ ਪਹੁੰਚਣ। ਉਨ੍ਹਾ ਟਰਾਂਸਪੋਰਟ ਤੇ ਵਪਾਰ ਮੰਡਲ ਨੂੰ ਵੀ ਕਾਰੋਬਾਰ ਬੰਦ ਰੱਖਣ ਦੀ ਅਪੀਲ ਕੀਤੀ।



# ਸਰਕਾਰ ਖ਼ਿਲਾਫ਼ ਅਣਮਿੱਥੇ ਸਮੇਂ ਦਾ ਧਰਨਾ 502ਵੇਂ ਦਿਨ ਵੀ ਜਾਰੀ

**ਜਗਰਾਉਂ (ਨਛੱਤਰ ਸੰਧੂ)**-ਧਰਨਾਕਾਰੀ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਨੇ ਥਾਣੇ ਮੂਹਰੇ ਚੱਲ ਰਹੇ ਪੱਕੇ ਮੋਰਚੇ 'ਚ 502ਵੇਂ ਦਿਨ ਇੱਕ ਵਿਸੇਸ਼ ਮੀਟਿੰਗ ਕਰਕੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਹੁਕਮਾਂ ਨੂੰ ਲਾਗੂ ਕਰਾਉਣ ਅਤੇ ਮੋਰਚੇ ਨੂੰ ਯੋਜਨਾਬੱਧ ਢੰਗ ਨਾਲ ਚਲਾਉਣ ਲਈ ਇੱਕ ਕੋਰ ਕਮੇਟੀ ਤੇ ਅੱਠ ਪ੍ਰਬੰਧਕੀ ਗਰੁੱਪਾਂ ਦਾ ਗਠਨ ਕੀਤਾ ਗਿਆ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਦੇ ਜਨਰਲ ਸਕੱਤਰ ਜਸਦੇਵ ਸਿੰਘ ਲਲਤੋਂ, ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ, ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ, ਸਾਧੂ ਸਿੰਘ ਅੱਚਰਵਾਲ, ਸੁਖਦੇਵ ਸਿੰਘ ਚਕਰ ਨੇ ਦੱਸਿਆ ਕਿ ਪੀੜਤ ਪਰਵਾਰ ਨੂੰ ਨਿਆਂ ਦਿਵਾਉਣ ਲਈ ਸੰਘਰਸ਼ੀ ਆਗੂਆਂ ਵਲੋਂ ਤਰਲੋਚਨ ਸਿੰਘ ਝੋਰੜਾਂ, ਜਸਦੇਵ ਸਿੰਘ ਲਲਤੋਂ, ਅਵਤਾਰ ਸਿੰਘ ਰਸੂਲਪੁਰ, ਜਗਦੀਸ਼ ਸਿੰਘ ਕੌਂਕੇ, ਗੁਰਦੇਵ ਸਿੰਘ ਮੁੱਲਾਂਪੁਰ, ਗੁਰਦਿਆਲ ਸਿੰਘ ਤਲਵੰਡੀ, ਸਾਧੂ ਸਿੰਘ ਅੱਚਰਵਾਲ, ਜਸਪ੍ਰੀਤ ਸਿੰਘ ਢੋਲਣ, ਨਿਰਮਲ ਸਿੰਘ ਧਾਲੀਵਾਲ, ਦਲੀਪ ਸਿੰਘ ਚਕਰ, ਸੁਖਦੇਵ ਸਿੰਘ ਮਾਣੂੰਕੇ ਆਦਿ ਆਗੂਆਂ ਦੀ 11 ਮੈਂਬਰੀ ਕੋਰ ਕਮੇਟੀ ਦਾ ਬਣਾਈ ਗਈ ਹੈ। ਇਸ ਇਲਾਵਾ 8 ਪ੍ਰਬੰਧਕੀ ਗਰੁੱਪਾਂ ਦਾ ਗਠਨ ਵੀ ਕੀਤਾ ਗਿਆ ਹੈ। ਕੋਰ ਕਮੇਟੀ ਦੇ ਮੁਖੀ ਤਰਲੋਚਨ ਸਿੰਘ ਝੋਰੜਾਂ ਤੇ ਸਹਿ ਮੁਖੀ ਜਸਦੇਵ ਸਿੰਘ ਲਲਤੋਂ ਨੇ ਦੱਸਿਆ ਕਿ ਕਰੀਬ ਡੇਢ ਸਾਲ ਤੋਂ ਚੱਲ ਰਹੇ ਸੰਘਰਸ਼ ਨੂੰ ਪੁਖਤਾ ਢੰਗ ਨਾਲ ਚਲਾਉਣ ਦੇ ਮਕਸਦ ਨਾਲ ਇੱਕ ਕੋਰ ਕਮੇਟੀ ਅਤੇ 8 ਪ੍ਰਬੰਧਕੀ ਗਰੁੱਪਾਂ ਦਾ ਗਠਨ ਕੀਤਾ ਗਿਆ ਹੈ ਤਾਂ ਜੁ ਭਾਰਤੀ ਕੌਮੀ ਕਮਿਸ਼ਨ ਦੇ ਆਦੇਸਾਂ ਨੂੰ ਲਾਗੂ ਕਰਾਇਆ ਜਾ ਸਕੇ ਅਤੇ ਦੋਵੇਂ ਪੀੜ੍ਹਤ ਪਰਿਵਾਰਾਂ ਨਿਆਂ ਦਿਵਾਇਆ ਜਾ ਸਕੇ। ਆਗੂਆਂ ਨੇ ਇਹ ਵੀ ਦੱਸਿਆ ਕਿ ਕੌਮੀ ਕਮਿਸ਼ਨ ਨੇ ਜਿਥੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਲਿਖਿਆ ਸੀ, ਉਥੇ ਪੀੜ੍ਹਤਾਂ ਨੂੰ ਮੁਆਵਜ਼ਾ ਦੇਣ ਤੇ ਮਾਤਾ ਸੁਰਿੰਦਰ ਕੌਰ ਨੂੰ ਪੈਨਸ਼ਨ ਦੇਣ ਲਈ ਵੀ ਕਮਿਸ਼ਨਰ ਪਟਿਆਲਾ ਨੂੰ ਲਿਖਿਆ ਸੀ। ਆਗੂਆਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਅੰਨੀ

### ਇੱਕ ਕੋਰ ਕਮੇਟੀ ਤੇ ਅੱਠ ਪ੍ਰਬੰਧਕੀ ਗਰੁੱਪਾਂ ਦਾ ਗਠਨ



ਤੇ ਬੋਲੀ ਹੈ। ਸਰਕਾਰ ਦੇ ਕੰਨਾਂ ਤੱਕ ਅਵਾਜ਼ ਪੁਚਾਉਣ ਲਈ ਮੋਰਚੇ ਦਾ ਯੋਜਨਾਬੱਧ ਢੰਗ ਨਾਲ ਪੁਨਰਗਠਨ ਕੀਤਾ ਗਿਆ ਹੈ। ਕੋਰ ਕਮੇਟੀ ਦੇ ਮੈਂਬਰ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਨੁਸਾਰ ਥਾਣੇ ਮੂਹਰੇ ਲੱਗੇ ਪੱਕੇ ਮੋਰਚੇ ਦੇ ਪ੍ਰਬੰਧ ਲਈ ਅਤੇ ਸੰਭਾਵੀ ਰੋਸ-ਮੁਜ਼ਾਹਰੇ ਲਈ ਦੋ ਵੱਖ-ਵੱਖ ਪ੍ਰਬੰਧਕੀ ਗਰੁੱਪਾਂ ਤੋਂ ਬਿਨਾਂ ਬਲਜੀਤ ਸਿੰਘ ਦੀ ਅਗਵਾਈ 'ਚ ਵਿੱਤ ਗਰੁੱਪ, ਮੁੱਖ ਸੰਪਾਦਕ ਅਮਨ ਖਹਿਰਾ ਯੂ.ਕੇ. ਤੇ ਪੱਤਰਕਾਰ ਮਨਜੀਤ ਸਿੱਧਵਾਂ ਦੀ ਅਗਵਾਈ 'ਚ ਮੀਡੀਆ ਗਰੁੱਪ, ਐਡਵੋਕੇਟ ਐੱਸ.ਐੱਸ.ਧਾਲੀਵਾਲ ਤੇ ਕਾਨੂੰਨੀ ਮਸ਼ੀਰ ਜੀਵਨ ਗਿੱਲ, ਐਡਵੋਕੇਟ ਮਨਜੀਤ ਕੌਰ ਸੰਧੂ, ਐਡਵੋਕੇਟ ਐਚ.ਸੀ.ਅਰੋੜਾ ਅਧਾਰਤ ਲੀਗਲ ਏਡ ਗਰੁੱਪ, ਐੱਸ.ਸੀ.ਕਮਿਸ਼ਨ ਦੇ ਸਾਬਕਾ ਮੈਂਬਰ ਜੀ.ਸੀ. ਦਿਵਾਲੀ ਤੇ ਸਾਬਕਾ ਡੀ ਜੀ ਪੀ ਆਰ ਸਿੰਘ, ਸਾਬਕਾ ਸੂਚਨਾ ਕਮਿਸਨਰ ਆਰ.ਐਸ.ਨਾਗੀ, ਪ੍ਰੀਤਮ ਸਿੰਘ ਭਲਾਈ ਅਫ਼ਸਰ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਅਤੇ ਪੀ. ਸਿੰਘ ਆਈ ਏ ਐਸ ਅਧਾਰਿਤ 11 ਮੈਂਬਰੀ ਸਲਾਹਕਾਰ ਗਰੁੱਪ, ਮਹਿੰਦਰ ਸਿੰਘ ਤੇ ਨਛੱਤਰ ਸਿੰਘ ਦੀ ਅਗਵਾਈ 'ਚ ਪ੍ਰਚਾਰ ਗਰੁੱਪ ਅਤੇ ਸੁੱਖ ਪੁਰਤਗਾਲ ਤੇ ਜਗਜੀਤ ਸਿੱਧੂ ਯੂਐਸਏ ਦੀ ਅਗਵਾਈ 'ਚ ਉਵਰਸੀਜ ਸਪੋਰਟਰ ਗਰੁੱਪ ਦਾ ਗਠਨ ਕੀਤਾ ਗਿਆ ਹੈ।

# ਡਾ. ਸੀਮਾਂਤ ਗਰਗ ਨੇ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਕੀਤੀ ਮੀਟਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤੀ ਜਨਤਾ ਪਾਰਟੀ ਮੋਗਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਵੱਲੋਂ ਨਵੰਬਰ 'ਚ ਹੋ ਰਹੀਆਂ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਬਾਘਾ ਪੁਰਾਣਾ ਮੰਡਲ ਦੇ ਪ੍ਰਧਾਨ ਦੀਪਕ ਤਲਵਾੜ ਦੀ ਅਗਵਾਈ 'ਚ ਕੋਟਕਪੂਰਾ ਰੋਡ 'ਤੇ ਸਥਿਤ ਬੀ.ਜੇ.ਪੀ ਦੇ ਦਫਤਰ ਵਿਖੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ, ਜਿਸ 'ਚ ਵੱਡੀ ਗਿਣਤੀ ਵਿਚ ਬੇ.ਜੇ.ਪੀ ਆਗੂ ਸੁਖਨੰਦਨ ਅਗਰਵਾਲ, ਵਿਨੋਦ ਗੁੰਬਰ, ਪ੍ਰੇਮ ਪਾਲ ਗਰਗ, ਜਤਿਨ ਬੱਠਲਾ ਵਾਈਸ ਪ੍ਰਧਾਨ, ਅਰਵਿੰਦ ਭਾਟੀਆ, ਪਵਨ ਸ਼ਰਮਾ, ਗਗਨਦੀਪ ਲੂੰਬਾ ਯੂਥ ਪ੍ਰਧਾਨ, ਡਾ. ਗਗਨ ਗਿੱਲ ਵਾਈਸ ਪ੍ਰਧਾਨ, ਰਾਮ ਤੀਰਥ ਗੁੰਬਰ ਅਤੇ ਹੋਰ ਸ਼ਾਮਲ ਹੋਏ। ਡਾ. ਗਰਗ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ 'ਚ 15 ਵਾਰਡਾਂ ਵਿਚ ਬੀ.ਜੇ.ਪੀ ਦੇ ਵਰਕਰ ਖੜ੍ਹਨਗੇ ਅਤੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਉਨ੍ਹਾ ਕਿਹਾ ਕਿ ਲੋਕਾਂ ਨੂੰ ਸਮੱਸਿਆਵਾਂ ਟ੍ਰੈਫਿਕ ਸਮੱਸਿਆ, ਹਸਪਤਾਲ 'ਚ ਡਾਕਟਰਾਂ ਦੀ ਸਮੱਸਿਆ, ਪਾਣੀ ਦੀ ਸਮੱਸਿਆ, ਕਾਲੇ ਪੀਲੀਏ ਦੀ ਸਮੱਸਿਆ, ਹੈਪਾਟਾਈਟਸ ਸੀ ਅਤੇ ਹੋਰ ਵੀ ਜਿਹੜੀਆਂ ਪ੍ਰੇਸ਼ਾਨੀਆਂ ਹਨ, ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੂਸਰੀਆਂ ਪਾਰਟੀਆਂ ਦੇ ਵਰਕਰ ਪਾਰਟੀ ਨੂੰ ਛੱਡ ਕੇ ਬੀ.ਜੇ.ਪੀ ਵਿਚ ਸ਼ਾਮਲ ਹੋ ਰਹੇ ਹਨ। ਅੱਜ ਵੀ ਬਾਘਾ ਪੁਰਾਣਾ ਵਿਚ ਸਵਰਨਜੀਤ ਕੌਰ ਨੇ ਲੋਕ ਇਨਸਾਫ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ, ਜਿੱਥੇ ਕਿ ਡਾ. ਸੀਮਾਂਤ ਗਰਗ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਮਹਿਲਾ ਮੋਰਚਾ ਦੀ ਪ੍ਰਧਾਨ ਮਮਤਾ ਸਿੰਗਲਾ, ਬਲਵੀਰ ਕੌਰ ਜਰਨਲ ਸੈਕਟਰੀ, ਸੋਨੀਆ ਬਾਂਸਲ ਵਾਈਸ ਪ੍ਰਧਾਨ, ਪੰਕਜ ਗੁੰਬਰ, ਪ੍ਰਦੀਪ ਤਲਵਾੜ, ਕੁਲਦੇਵ ਸਿੰਘ, ਨਨੀ ਪ੍ਰਧਾਨ, ਰੇਹੂ ਤਲਵਾੜ, ਸੁਭਾਸ਼ ਸ਼ਰਮਾ, ਮੰਗਤ ਰਾਏ, ਦੀਪਕ ਸ਼ਰਮਾ, ਨਵਦੀਪ ਤਲਵਾੜ, ਸੁਰਿੰਦਰ ਪਾਲ ਸਿੰਘ ਨੱਥਾ, ਮੋਹਿਤ ਮਹੇਸ਼ਵਰੀ, ਰਾਜ ਹੰਸ, ਸੁਖਦੇਵ ਸਿੰਘ, ਮਾਤੂ ਰਾਮ ਸ਼ਰਮਾ, ਮੁਨੀਸ਼ ਲੂੰਬਾ, ਗੋਲਡੀ ਜੱਸਲ, ਪੰਕਜ ਅਰੜਾ, ਜਗਸੀਰ ਸਿੰਘ ਸੰਘਾ, ਸ਼ਿਵ, ਰੋਕੀ ਅਤੇ ਹੋਰ ਸ਼ਾਮਲ ਸਨ।

# ਯੂਰੀਆ ਨਾ ਮਿਲਣ ਕਰਕੇ ਕਿਸਾਨਾਂ 'ਚ ਮਚੀ ਹਾਹਾਕਾਰ : ਮਾਹਲਾ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਅਤੇ ਹਲਕਾ ਇੰਚਾਰਜ ਬਾਘਾ ਪੁਰਾਣਾ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇੱਕ ਪਾਸੇ ਕਿਸਾਨ ਪਹਿਲਾਂ ਹੀ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਚੁੱਕਾ ਹੈ, ਰਹਿੰਦੀ ਕਸਰ ਹੁਣ ਪੰਜਾਬ ਸਰਕਾਰ ਦੇ ਅਧੂਰੇ ਪ੍ਰਬੰਧਾਂ ਨੇ ਕੱਢ ਕੇ ਰੱਖ ਦਿੱਤੀ ਹੈ। ਝੋਨੇ ਦੀ ਫਸਲ ਲਈ ਮੌਜੂਦਾ ਸਮੇਂ ਵਿੱਚ ਯੂਰੀਆ ਦੀ ਵਧੇਰੇ ਲੋੜ ਹੁੰਦੀ ਹੈ ਪਰ ਸੁਸਾਇਟੀਆਂ 'ਚ ਯੂਰੀਆ ਦਾ ਕਾਲ ਪਿਆ ਹੋਇਆ ਹੈ ਅਤੇ ਜਿਹੜੀਆਂ ਦੁਕਾਨਾਂ ਉੱਪਰ ਮੌਜੂਦ ਹੈ ਉਹ ਆਪਣੀ ਮਰਜ਼ੀ ਅਨੁਸਾਰ ਰੇਟ ਲਗਾ ਰਹੇ ਹਨ। ਜਥੇਦਾਰ ਮਾਹਲਾ ਨੇ ਕਿਹਾ ਕਿ ਦੁਕਾਨਦਾਰ 270 ਵਾਲੀ ਬੋਰੀ ਦਾ 320 ਤੋਂ ਲੈ ਕੇ 370 ਰੁਪਏ ਤੱਕ ਰੇਟ ਵਸੂਲ ਰਹੇ ਹਨ, ਜੋ ਕਿ ਸਰੇਆਮ ਕਿਸਾਨਾਂ ਦੀ ਲੁੱਟ ਹੈ। ਜਥੇਦਾਰ ਮਾਹਲਾ ਨੇ ਕਿਹਾ ਕਿ ਸੱਤ੍ਹਾਧਾਰੀ ਸਰਕਾਰ ਦੇ ਨੁਮਾਇੰਦੇ ਘੂਕ ਸੁੱਤੇ ਪਏ ਹਨ, ਜਥੇਦਾਰ ਮਾਹਲਾ ਨੇ ਕਿਹਾ ਕਿ ਪੈਦਾ ਹੋਈ ਅਜਿਹੀ ਸਥਿਤੀ ਤੋਂ ਇਹ ਜਾਪਦਾ ਹੈ ਜਿਵੇਂ ਸਰਕਾਰ ਕੁਝ ਲੋਕਾਂ ਨੂੰ ਲਾਭ ਪਹੁੰਚਾਉਣ ਦੀ ਖਾਤਰ ਇਹ ਸਭ ਕੁਝ ਕਰ ਰਹੀ ਹੋਵੇ। ਅੰਤ 'ਚ ਜਥੇਦਾਰ ਮਾਹਲਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਯੂਰੀਆ ਦੀ ਵਰਤੋਂ ਲੋੜ ਅਨੁਸਾਰ ਅਤੇ ਲੋੜ ਤੋਂ ਜ਼ਿਆਦਾ ਨਾ ਕਰਨ।

YES BANK

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

[(ਰੂਲ-8 (1)] ਸੰਕੇਤਕ ਕਬਜ਼ਾ ਨੋਟਿਸ

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ (1) ਮੈਸਰਜ਼ ਆਦੀਆ ਐਪਲ ਰਾਹੀਂ ਇਸ ਦੇ ਮਾਲਕ ਸ੍ਰੀ ਚਿਰਾਗ ਆਦੀਆ ਪਤਾ ਮਕਾਨ ਨੰ. 972, ਫਲਾਂ ਅੱਡਾ ਨੇੜੇ ਦਾਲ ਬਜ਼ਾਰ, ਲੁਧਿਆਣਾ-141008 (ਕਰਜ਼ਦਾਰ) (2) ਸ੍ਰੀ ਚਿਰਾਗ ਆਦੀਆ ਪੁੱਤਰ ਰਾਜਪਾਲ ਆਦੀਆ ਪਤਾ : ਮਕਾਨ ਨੰ. 972, ਫਲਾਂ ਅੱਡਾ ਨੇੜੇ ਦਾਲ ਬਜ਼ਾਰ, ਲੁਧਿਆਣਾ-141008 (ਸਹਿ-ਕਰਜ਼ਦਾਰ-1/ਰਹਿਣਕਾਰ/ਗਰੰਟਰ) (3) ਸ੍ਰੀ ਪ੍ਰੇਮਜੀਤ ਆਦੀਆ ਪੁੱਤਰ ਗੁਰਪਾਲ ਆਦੀਆ ਪਤਾ : ਮਕਾਨ ਨੰ. 972, ਫਲਾਂ ਅੱਡਾ, ਨੇੜੇ ਦਾਲ ਬਜ਼ਾਰ ਲੁਧਿਆਣਾ-141008 (ਸਹਿ-ਕਰਜ਼ਦਾਰ-2/ਰਹਿਣਕਾਰ/ਗਰੰਟਰ) (4) ਸ੍ਰੀ ਰਾਮ ਕ੍ਰਿਸ਼ਨ ਪਾਲ ਪੁੱਤਰ ਸ੍ਰੀ ਰਾਜਪਾਲ ਆਦੀਆ ਪਤਾ : ਮਕਾਨ ਨੰ. 237 ਬੀ ਸਤਜੋਤ ਨਗਰ ਦੁੱਗਰੀ, ਧਾਂਦਰਾ ਆਰ ਡੀ ਲੁਧਿਆਣਾ, ਲੁਧਿਆਣਾ-141008 (ਸਹਿ-ਕਰਜ਼ਦਾਰ-3/ਰਹਿਣਕਾਰ/ਗਰੰਟਰ) (5) ਸ੍ਰੀਮਤੀ ਗੀਤਾ ਖੰਨਾ ਪਤਨੀ ਸੰਤੋਸ਼ ਖੰਨਾ ਪਤਾ : ਮਕਾਨ ਨੰ. 59-60, ਬਲਾਕ ਐੱਸ, ਬਸੰਤ ਵਿਹਾਰ ਨੂਰਵਾਲਾ ਰੋਡ, ਲੁਧਿਆਣਾ, ਪੰਜਾਬ-141007 (ਸਹਿ-ਕਰਜ਼ਦਾਰ-4/ਰਹਿਣਕਾਰ/ਗਰੰਟਰ) ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਸੱਦੇ ਲਈ 7 ਜਨਵਰੀ 2023 ਨੂੰ ਡਿਸਪੈਚ ਕੀਤਾ ਸੀ। ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਆਈ ਐੱਨ ਆਰ 66, 47, 944 (ਛਿਆਹਠ ਲੱਖ ਸੰਤਾਲੀ ਹਜ਼ਾਰ ਨੌਂ ਸੌ ਚੌਤਾਲੀ ਰੁਪਏ) 4 ਜਨਵਰੀ 2023 ਨੂੰ ਬਕਾਇਆ ਰਕਮ ਅਦਾ ਕਰਨ ਲਈ ਕਿਹਾ ਗਿਆ ਸੀ ਅਤੇ ਦਿੱਤੇ ਨੋਟਿਸ 'ਚ 4 ਅਗਸਤ 2023 ਤੋਂ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚੇ, ਨੋਟਿਸ ਦੀ ਪ੍ਰਾਪਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਲਈ ਨੋਟਿਸ ਦਿੱਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਮੋੜਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਹੇਠਾਂ ਦਿੱਤੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 4 ਅਗਸਤ 2023 ਨੂੰ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਕਿ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਬਕਾਇਆ ਰਕਮ ਆਈ ਐੱਨ ਆਰ ਤੋਂ ਆਈ ਐੱਨ ਆਰ 66,47,944/- (ਰੁਪਏ ਛਿਆਹਠ ਲੱਖ ਸੰਤਾਲੀ ਹਜ਼ਾਰ ਨੌਂ ਸੌ ਚੁਤਾਲੀ ਕੇਵਲ) 4 ਜਨਵਰੀ 2023 ਨੂੰ ਅਤੇ ਇਸ ਉਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਹਿਣਕਾਰ |
|---|---|
| ਐੱਮ ਸੀ ਨੰ. B-V-972 ਜਾਇਦਾਦ ਪੈਮਾਇਸ਼ 65 ਵਰਗ ਗਜ਼, ਮੁਹੱਲਾ ਫਲਾਂ ਅੱਡਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ | ਸ੍ਰੀਮਤੀ ਗੀਤਾ ਖੰਨਾ, ਸ੍ਰੀ ਪ੍ਰੇਮਜੀਤ ਆਦੀਆ, ਸ੍ਰੀ ਰਾਮ ਕ੍ਰਿਸ਼ਨ ਪਾਲ |

ਮਿਤੀ : 04 ਅਗਸਤ 2023
ਸਥਾਨ : ਲੁਧਿਆਣਾ

ਸ੍ਰੀ ਅਜੇ ਰਾਣਾ
ਅਧਿਕਾਰਤ ਅਫਸਰ,
ਵਾਸਤੇ ਯੈੱਸ ਬੈਂਕ ਲਿਮਟਿਡ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

9-AUG-PAGE-1.qxd 8/8/2023 10:26 PM Page 1

ਬੁੱਧਵਾਰ, 9 ਅਗਸਤ, 2023
25 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 69

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 9 AUGUST, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਪ੍ਰਧਾਨ ਮੰਤਰੀ ਦਾ ਮੌਨ ਵਰਤ ਤੁੜਵਾਉਣ ਦੀ ਕੋਸ਼ਿਸ਼

**ਨਵੀਂ ਦਿੱਲੀ** : ਲੋਕ ਸਭਾ ਵਿਚ ਮੰਗਲਵਾਰ ਬੇਵਿਸਾਹੀ ਮਤੇ ਉੱਤੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਾਂਗਰਸ ਦੇ ਗੌਰਵ ਗੋਗੋਈ ਨੇ ਕਿਹਾ ਕਿ ਆਪੋਜ਼ੀਸ਼ਨ ਪਾਰਟੀਆਂ ਦਾ ਗੱਠਜੋੜ 'ਇੰਡੀਆ' ਮਨੀਪੁਰ ਦੀ ਸਥਿਤੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮੌਨ ਵਰਤ ਤੁੜਵਾਉਣ ਲਈ ਉਨ੍ਹਾ ਦੀ ਸਰਕਾਰ ਖਿਲਾਫ ਬੇਵਿਸਾਹੀ ਮਤਾ ਲਿਆਉਣ ਲਈ ਮਜਬੂਰ ਹੋਇਆ। ਉਨ੍ਹਾ ਕਿਹਾ ਕਿ ਇਕ ਭਾਰਤ ਦੀਆਂ ਗੱਲਾਂ ਕਰਨ ਵਾਲੀ ਸਰਕਾਰ ਨੇ ਦੋ ਮਨੀਪੁਰ ਬਣਾ ਦਿੱਤੇ ਹਨ—ਇਕ 'ਚ ਲੋਕ ਪਹਾੜਾਂ ਵਿਚ ਰਹਿੰਦੇ ਹਨ ਤੇ ਦੂਜੇ 'ਚ ਵਾਦੀ 'ਚ।



ਜਦੋਂ ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਮਤੇ 'ਤੇ ਬੋਲਣ ਲਈ ਪ੍ਰਮੁੱਖ ਬੁਲਾਰੇ ਵਜੋਂ ਪਤਾ ਨਹੀਂ ਆਪਣਾ ਨਾਂਅ ਆਖਰੀ ਛਿਣਾਂ 'ਚ ਕਿਉਂ ਵਾਪਸ ਲੈ ਲਿਆ ਤਾਂ ਹੁਕਮਰਾਨ ਤੇ ਵਿਰੋਧੀ ਮੈਂਬਰਾਂ ਵਿਚਾਲੇ ਤਿੱਖੀਆਂ ਝੜਪਾਂ ਹੋਈਆਂ।

ਜਦੋਂ ਗੋਗੋਈ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਸਪੀਕਰ ਓਮ ਬਿਰਲਾ ਦੇ ਚੈਂਬਰ ਵਿਚ ਕੀਤੀ ਗਈ ਟਿੱਪਣੀ ਦਾ ਸਦਨ ਵਿਚ ਖੁਲਾਸਾ ਕੀਤਾ ਜਾਵੇਗਾ ਤਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਭੜਕ ਗਏ ਤੇ ਕਿਹਾ ਕਿ ਮੈਂਬਰ ਪ੍ਰਧਾਨ ਮੰਤਰੀ ਬਾਰੇ ਬੇਬੁਨਿਆਦ ਦਾਅਵੇ ਨਾ ਕਰਨ। ਗੋਗੋਈ ਨੇ ਮਤਾ ਰੱਖਦਿਆਂ ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਇਸ ਕਥਨ ਦਾ ਜ਼ਿਕਰ ਕੀਤਾ ਕਿ ਕਿਸੇ ਵੀ ਥਾਂ ਬੇਇਨਸਾਫੀ ਹਰ ਥਾਂ ਇਨਸਾਫ ਲਈ ਖਤਰਾ ਹੁੰਦੀ ਹੈ। ਜੇ ਮਨੀਪੁਰ ਸੜ ਰਿਹਾ ਹੈ ਤਾਂ ਸਮੁੱਚਾ ਭਾਰਤ ਸੜ ਰਿਹਾ ਹੈ, ਜੇ ਮਨੀਪੁਰ ਵੰਡਿਆ ਗਿਆ ਹੈ ਤਾਂ ਦੇਸ਼ ਵੰਡਿਆ ਗਿਆ ਹੈ। ਉਨ੍ਹਾ ਕਿਹਾ—ਇਹ ਸਾਡੀ ਮੰਗ ਹੈ ਕਿ ਪ੍ਰਧਾਨ ਮੰਤਰੀ ਸਦਨ ਵਿਚ ਆ ਕੇ ਮਨੀਪੁਰ ਬਾਰੇ ਬੋਲਣ, ਪਰ ਉਨ੍ਹਾ ਮੌਨ ਵਰਤ ਰੱਖਿਆ ਹੋਇਆ ਹੈ ਕਿ ਨਾ ਲੋਕ ਸਭਾ ਵਿਚ ਬੋਲਣਾ ਤੇ ਨਾ ਰਾਜ ਸਭਾ 'ਚ। ਗੋਗੋਈ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨੂੰ ਪੁੱਛਣਾ ਚਾਹੁੰਣਗੇ ਕਿ ਉਹ ਮਨੀਪੁਰ ਕਿਉਂ ਨਹੀਂ ਗਏ, ਜਦਕਿ ਰਾਹੁਲ ਗਾਂਧੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਇ ਜਾ ਕੇ ਆਏ ਹਨ। ਪ੍ਰਧਾਨ ਮੰਤਰੀ ਮਨੀਪੁਰ ਬਾਰੇ ਲਗਭਗ 80 ਦਿਨ ਕਿਉਂ ਨਹੀਂ ਬੋਲੇ ਤੇ ਜਦੋਂ ਬੋਲੇ ਤਾਂ ਸਿਰਫ 30 ਸਕਿੰਟ ਬੋਲੇ। ਉਨ੍ਹਾ ਮਨੀਪੁਰ ਵਿਚ ਅਮਨ ਦੀ ਅਪੀਲ ਤੱਕ ਨਹੀਂ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਕਿਹਾ ਕਿ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) ਨੇ ਉਨ੍ਹਾ ਦੀ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਇਸ ਕਰਕੇ ਲਿਆਂਦਾ ਹੈ ਤਾਂ ਜੋ ਉਸ ਦੇ ਸਹਿਯੋਗੀਆਂ ਦੇ ਵਿਸ਼ਵਾਸ ਦੀ ਪਰਖ ਕੀਤੀ ਜਾ ਸਕੇ। ਭਾਜਪਾ ਦੀ ਸੰਸਦੀ ਦਲ ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਵਿਰੋਧੀ ਗਠਜੋੜ ਨੂੰ ਹੰਕਾਰੀ ਕਰਾਰ ਦਿੱਤਾ ਅਤੇ ਪਾਰਟੀ ਦੇ ਰਾਜ ਸਭਾ ਮੈਂਬਰਾਂ ਨੂੰ ਦਿੱਲੀ ਸੇਵਾਵਾਂ ਬਿੱਲ 'ਤੇ ਵੋਟਿੰਗ 'ਚ 'ਸੈਮੀਫਾਈਨਲ' ਜਿੱਤ ਲਈ ਵਧਾਈ ਦਿੱਤੀ। ਮੋਦੀ ਨੇ ਕਿਹਾ ਕਿ ਜਿਹੜੇ ਲੋਕ ਸਮਾਜਿਕ ਨਿਆਂ ਦੀ ਗੱਲ ਕਰਦੇ ਹਨ, ਉਨ੍ਹਾਂ ਨੇ ਵੰਸ਼ਵਾਦ ਤੇ ਭ੍ਰਿਸ਼ਟ ਰਾਜਨੀਤੀ ਰਾਹੀਂ ਇਸ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ।

## ਨਸ਼ਾ ਵਿਰੋਧੀ ਲਹਿਰ ਉਸਾਰਨ ਲਈ ਹਰ ਵਰਗ ਦੇ ਲੋਕ ਵਧ-ਚੜ੍ਹ ਕੇ ਹਿੱਸਾ ਲੈਣ : ਅਰਸ਼ੀ

### ਸੀ ਪੀ ਆਈ ਦੇ ਸੈਂਕੜੇ ਵਰਕਰਾਂ ਵੱਲੋਂ ਰੋਸ ਮਾਰਚ ਕਰਕੇ ਪੱਕੇ ਮੋਰਚੇ 'ਚ ਸ਼ਮੂਲੀਅਤ

**ਮਾਨਸਾ (ਆਤਮਾ ਸਿੰਘ ਪਮਾਰ)**

ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਤੇ ਐਂਟੀ ਡਰੱਗ ਟਾਸਕ ਫੋਰਸ ਦੀ ਟੀਮ ਨੂੰ ਮੰਗਲਵਾਰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਸੀ ਪੀ ਆਈ ਦੇ ਸੈਂਕੜੇ ਵਰਕਰਾਂ ਵੱਲੋਂ ਕ੍ਰਿਸ਼ਨ ਚੌਹਾਨ, ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਅਤੇ ਦੇਵ ਪ੍ਰਕਾਸ਼ ਦੀ ਅਗਵਾਈ ਹੇਠ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਧਰਨੇ ਵਿੱਚ ਗਰਮਜੋਸ਼ੀ ਨਾਲ ਸ਼ਮੂਲੀਅਤ ਕੀਤੀ। ਧਰਨੇ ਦੌਰਾਨ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਿਹਾ ਕਿ ਪਾਰਲੀਮੈਂਟ ਦੀ ਇੱਕ ਕਮੇਟੀ ਵੱਲੋਂ ਪੰਜਾਬ ਦੇ 66 ਲੱਖ ਲੋਕਾਂ ਦੇ ਨਸ਼ੇ ਦੇ ਆਦੀ ਹੋਣ ਦੀ ਰਿਪੋਰਟਿੰਗ ਕਰਨਾ ਪੰਜਾਬ ਦੇ ਭਵਿੱਖ ਅਤੇ ਜਵਾਨੀ ਲਈ ਇੱਕ ਅਸ਼ੁੱਭ ਸੰਕੇਤ ਹੈ। ਉਨ੍ਹਾ ਸਿਆਸਤਦਾਨਾਂ, ਪੁਲਸ ਤੇ ਨਸ਼ਾ ਤਸਕਰਾਂ ਖਿਲਾਫ ਇੱਕ ਵਿਆਪਕ ਲੋਕ ਲਹਿਰ ਉਸਾਰਨ ਦਾ ਸੱਦਾ ਦਿੱਤਾ ਅਤੇ ਹਰ ਵਰਗ ਦੇ ਲੋਕਾਂ ਨੂੰ ਨਸ਼ਾ ਵਿਰੋਧੀ ਲਹਿਰ ਵਿੱਚ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਅਰਸ਼ੀ ਨੇ ਨਸ਼ਾ ਤਸਕਰਾਂ ਦੀ ਸ਼ਹਿ 'ਤੇ ਪੁਲਸ ਵੱਲੋਂ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਆਗੂਆਂ 'ਤੇ ਪਾਏ ਝੂਠੇ ਕੇਸਾਂ ਨੂੰ ਰੱਦ ਕਰਵਾਉਣ ਲਈ ਤਿੱਖੇ ਅਤੇ ਸਾਂਝੇ ਸੰਘਰਸ਼ ਕਰਨ 'ਤੇ ਜ਼ੋਰ ਦਿੱਤਾ।




ਧਰਨੇ ਨੂੰ ਵੱਖ-ਵੱਖ ਆਗੂਆਂ ਰਾਜਵਿੰਦਰ ਸਿੰਘ ਰਾਣਾ, ਕ੍ਰਿਸ਼ਨ ਚੌਹਾਨ, ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਗੁਰਮੀਤ ਸਿੰਘ ਜੋਗਾ ਪ੍ਰਧਾਨ ਨਗਰ ਕੌਂਸਲ ਜੋਗਾ, ਧੰਨਾ ਮੱਲ ਗੋਇਲ , ਛੱਜੂ ਰਾਮ ਰਿਸ਼ੀ, ਤੇਜ ਸਿੰਘ ਚਕੇਰੀਆ, ਗਗਨਦੀਪ, ਸੀਤਾ ਰਾਮ ਗੋਬਿੰਦਪੁਰਾ, ਮਲਕੀਤ ਮੰਦਰਾ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ 14 ਅਗਸਤ ਦੇ ਰੋਸ ਪ੍ਰਦਰਸ਼ਨ ਦੀ ਤਿਆਰੀ ਤੇ ਸਫਲਤਾ ਲਈ ਲੋਕਾਂ ਵੱਲੋਂ ਖੁਦ ਕਮਾਂਡ ਸੰਭਾਲ ਲਈ ਹੈ। 14 ਅਗਸਤ ਦਾ ਪ੍ਰਦਰਸ਼ਨ ਲਾਮਿਸਾਲ ਤੇ ਇਤਿਹਾਸਕ ਹੋਵੇਗਾ ਅਤੇ ਪੰਜਾਬ ਸਰਕਾਰ ਦੀਆਂ ਜੜ੍ਹਾਂ ਹਿਲਾਅ ਕੇ ਰੱਖ ਦੇਵੇਗਾ। ਇਸ ਮੌਕੇ ਅਮਨ ਪਟਵਾਰੀ, ਬਲਜਿੰਦਰ ਸਿੰਘ, ਸੁਰਿੰਦਰਪਾਲ ਮਾਨਸਾ, ਨਰੇਸ਼ ਬੁਰਜ ਹਰੀ, ਰੂਪ ਸਿੰਘ ਢਿੱਲੋਂ, ਕਰਨੈਲ ਸਿੰਘ ਭੀਖੀ, ਗੁਰਪਿਆਰ ਫੱਤਾ, ਰਾਜਿੰਦਰ ਹੀਰੇਵਾਲਾ, ਦਲਜੀਤ ਮਾਨਸ਼ਾਹੀਆ, ਸੁਖਦੇਵ ਸਿੰਘ ਮਾਨਸਾ, ਮਨਜੀਤ ਮੀਹਾ, ਮਲਕੀਤ ਸਿੰਘ ਜੋਗਾ ਐੱਮ ਸੀ, ਅਜਾਇਬ ਸਿੰਘ ਟਿਵਾਣਾ, ਰਤਨ ਭੋਲਾ, ਖੁਸਪਿੰਦਰ ਚੌਹਾਨ, ਬਲਵਿੰਦਰ ਸਿੰਘ ਕੋਟ ਧਰਮੂ ਤੇ ਗੁਰਤੇਜ ਭੂਪਾਲ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

## ਕਾਂਗਰਸ ਨੇ ਭਾਜਪਾ ਨੂੰ ਸ਼ੀਸ਼ਾ ਦਿਖਾਇਆ

**ਨਵੀਂ ਦਿੱਲੀ** : ਰਾਜ ਸਭਾ ਵਿਚ ਸੋਮਵਾਰ ਦਿੱਲੀ ਬਾਰੇ ਬਿੱਲ ਉੱਤੇ ਵੋਟਿੰਗ ਲਈ 90 ਸਾਲਾ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦੇਰ ਰਾਤ ਤੱਕ ਰੁਕਣਾ ਪੈ ਜਾਣ ਕਾਰਨ ਭਾਜਪਾ ਨੇ ਟਵੀਟ ਕਰਦਿਆਂ ਕਾਂਗਰਸ 'ਤੇ ਟਾਂਚ ਕੀਤੀ-ਯਾਦ ਰੱਖੇਗਾ ਦੇਸ਼, ਕਾਂਗਰਸ ਦੀ ਇਹ ਸਨਕ! ਕਾਂਗਰਸ ਨੇ ਸਦਨ ਵਿਚ ਇਕ ਸਾਬਕਾ ਪ੍ਰਧਾਨ ਮੰਤਰੀ ਨੂੰ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਦੇਰ ਰਾਤ ਤੱਕ ਵ੍ਹੀਲ ਚੇਅਰ 'ਤੇ ਬਿਠਾਈ ਰੱਖਿਆ, ਉਹ ਵੀ ਸਿਰਫ ਆਪਣਾ ਬੇਈਮਾਨ ਗੱਠਜੋੜ ਜ਼ਿੰਦਾ ਰੱਖਣ ਲਈ! ਬੇਹੱਦ ਸ਼ਰਮਨਾਕ!



ਇਸ ਦਾ ਮੋੜਵਾਂ ਜਵਾਬ ਦਿੰਦਿਆਂ ਕਾਂਗਰਸ ਦੇ ਤਰਜਮਾਨ ਪਵਨ ਖੇੜਾ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ 2007 ਵਿਚ ਰਾਸ਼ਟਰਪਤੀ ਚੋਣ ਦੌਰਾਨ ਵੋਟਿੰਗ ਲਈ ਵ੍ਹੀਲ ਚੇਅਰ 'ਤੇ ਆਉਣ ਦੀ ਤਸਵੀਰ ਸਾਂਝੀ ਕਰਦਿਆਂ ਟਵੀਟ ਕੀਤਾ- ਇਹ ਤਸਵੀਰ 2007 ਦੀ ਰਾਸ਼ਟਰਪਤੀ ਚੋਣ ਦੀ ਹੈ। ਇਸ ਚੋਣ ਵਿਚ ਸ੍ਰੀਮਤੀ ਪ੍ਰਤਿਭਾ ਪਾਟਿਲ ਨੂੰ 638116 ਵੋਟਾਂ ਮਿਲੀਆਂ ਤੇ ਸ੍ਰੀ ਭੈਰੋਂ ਸਿੰਘ ਸ਼ੇਖਾਵਤ ਨੂੰ 331306 ਵੋਟਾਂ ਮਿਲੀਆਂ। ਵੋਟ ਪਾਉਣ ਵੇਲੇ ਅਟਲ ਜੀ ਨੂੰ ਵ੍ਹੀਲ ਚੇਅਰ ਛੱਡ ਕੇ ਤਕਲੀਫ ਝੱਲਦਿਆਂ ਅੰਦਰ ਜਾਣਾ ਪਿਆ। ਭਾਜਪਾ ਨੂੰ ਪਤਾ ਸੀ ਕਿ ਭੈਰੋਂ ਸਿੰਘ ਜੀ ਬੁਰੀ ਤਰ੍ਹਾਂ ਚੋਣ ਹਾਰਨਗੇ, ਪਰ ਫਿਰ ਵੀ ਅਟਲ ਜੀ ਨੂੰ ਲਿਆਂਦਾ ਗਿਆ। ਕੀ ਇਸ ਨੂੰ ਵੀ ਸਾਮੰਤੀ ਸਨਕ ਕਹੋਗੇ!

## ਡਰੋਨਾਂ 'ਚ ਚੀਨੀ ਪੁਰਜ਼ੇ ਨਾ ਵਰਤਣ ਦਾ ਫੈਸਲਾ

**ਨਵੀਂ ਦਿੱਲੀ** : ਭਾਰਤੀ ਫੌਜ ਲਈ ਬਣਨ ਵਾਲੇ ਡਰੋਨਾਂ 'ਚ ਹੁਣ ਚੀਨੀ ਪੁਰਜ਼ੇ ਨਹੀਂ ਵਰਤੇ ਜਾਣਗੇ। ਕੇਂਦਰ ਸਰਕਾਰ ਨੇ ਇਨ੍ਹਾਂ ਡਰੋਨਾਂ ਵਿਚ ਚੀਨੀ ਪੁਰਜ਼ਿਆਂ ਦੀ ਵਰਤੋਂ 'ਤੇ ਰੋਕ ਲਾ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਸੁਰੱਖਿਆ ਦੇ ਲਿਹਾਜ਼ ਨਾਲ ਇਹ ਫੈਸਲਾ ਕੁਝ ਮਹੀਨੇ ਪਹਿਲਾਂ ਲਿਆ ਗਿਆ ਸੀ, ਪਰ ਇਸ ਦੀ ਜਾਣਕਾਰੀ ਮੰਗਲਵਾਰ ਜਾਰੀ ਹੋਈ ਇਕ ਰਿਪੋਰਟ ਤੋਂ ਸਾਹਮਣੇ ਆਈ ਹੈ। ਖਬਰ ਏਜੰਸੀ ਰਾਇਟਰਜ਼ ਦੀ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਨੇ ਇਹ ਫੈਸਲਾ ਦੋਵਾਂ ਦੇਸ਼ਾਂ ਦਰਮਿਆਨ ਪੈਦਾ ਹੋਏ ਤਣਾਅ ਤੋਂ ਬਾਅਦ ਕੀਤਾ ਹੈ। ਭਾਰਤ ਸਰਕਾਰ ਫੌਜ ਨੂੰ ਆਧੁਨਿਕ ਬਣਾਉਣ ਲਈ ਨਵੀਂ ਤਕਨਾਲੋਜੀ ਨਾਲ ਲੈਸ ਕਰਨ ਲਈ ਕੰਮ ਕਰ ਰਹੀ ਹੈ। ਇਸ ਲਈ ਮਾਨਵ ਰਹਿਤ ਕਵਾਡਕਾਪਟਰ ਤੇ ਲੰਮੀ ਦੂਰੀ ਵਾਲੇ ਡਰੋਨ ਵੀ ਵਰਤੋਂ ਵਿਚ ਲਿਆਂਦੇ ਜਾਣਗੇ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਜੇ ਡਰੋਨਾਂ ਵਿਚ ਚੀਨੀ ਪੁਰਜ਼ੇ ਵਰਤੇ ਜਾਂਦੇ ਹਨ ਤਾਂ ਉਨ੍ਹਾਂ ਦੀ ਖੁਫੀਆ ਜਾਣਕਾਰੀ ਲੀਕ ਹੋ ਸਕਦੀ ਹੈ, ਜਿਸ ਕਰ ਕੇ ਚੀਨੀ ਪੁਰਜ਼ਿਆਂ ਦੀ ਵਰਤੋਂ 'ਤੇ ਰੋਕ ਲਾਈ ਗਈ ਹੈ। ਏਅਰੋਨੋਟੀਕਲ ਡਿਵੈੱਲਪਮੈਂਟ ਐਸਟੈਬਲਿਸ਼ਮੈਂਟ ਦੇ ਡਾਇਰੈਕਟਰ ਵਾਈ. ਦਿਲੀਪ ਨੇ ਦੱਸਿਆ ਕਿ ਮਾਨਵ ਰਹਿਤ ਡਰੋਨ ਤੇ ਵੱਧ ਉਚਾਈ ਤੱਕ ਉਡਣ ਵਾਲੇ ਡਰੋਨਾਂ 'ਤੇ ਕੰਮ ਕੀਤਾ ਜਾ ਰਿਹਾ ਹੈ। ਹਾਲਾਂਕਿ ਇਸ ਵਿਚ ਹਾਲੇ ਕੁਝ ਸਮਾਂ ਲੱਗੇਗਾ ਤੇ ਉਦੋਂ ਤੱਕ ਡਰੋਨਾਂ ਦੀ ਕਮੀ ਪੂਰੀ ਕਰਨ ਲਈ ਭਾਰਤ ਅਮਰੀਕਾ ਤੋਂ 31 ਐੱਮ ਕਿਊ-9 ਬੀ ਡਰੋਨ ਖਰੀਦੇਗਾ।



## ਪਰਵਾਣੂ-ਧਰਮਪੁਰ ਸੈਕਸ਼ਨ ਹਲਕੇ ਵਾਹਨਾਂ ਲਈ ਖੁੱਲ੍ਹਿਆ



**ਸੋਲਨ** : ਨੈਸ਼ਨਲ ਹਾਈਵੇ-5 ਦਾ ਪਰਵਾਣੂ-ਧਰਮਪੁਰ ਸੈਕਸ਼ਨ ਢਿੱਗਾਂ ਡਿੱਗਣ ਕਾਰਨ ਬੰਦ ਹੋਣ ਤੋਂ ਪੰਜ ਦਿਨ ਬਾਅਦ ਹਲਕੇ ਵਾਹਨਾਂ ਲਈ ਖੋਲ੍ਹ ਦਿੱਤਾ ਗਿਆ ਹੈ। ਚੱਕੀ ਮੋੜ 'ਤੇ ਪ੍ਰਭਾਵਤ ਸੜਕ 'ਤੇ ਹਲਕੇ ਵਾਹਨਾਂ ਨੂੰ ਚੱਲਣ ਦੀ ਇਜਾਜ਼ਤ ਦਿੱਤੀ ਗਈ ਹੈ। ਭਾਰੀ ਵਾਹਨ ਹੋਰ ਰੂਟਾਂ ਰਾਹੀਂ ਆਵਾਜਾਈ ਜਾਰੀ ਰੱਖਣਗੇ ਕਿਉਂਕਿ ਪਹਾੜੀ ਨੂੰ ਕੱਟ ਕੇ ਸਿਰਫ 5 ਮੀਟਰ ਦਾ ਅਸਥਾਈ ਰਸਤਾ ਬਣਾਇਆ ਗਿਆ ਹੈ।

## ਪੇਪਰਫ੍ਰਾਈ ਦੇ ਬਾਨੀ ਦੀ ਮੌਤ



**ਨਵੀਂ ਦਿੱਲੀ** : ਆਨਲਾਈਨ ਫਰਨੀਚਰ ਸਟੋਰ ਪੇਪਰਫ੍ਰਾਈ ਦੇ ਸਹਿ-ਸੰਸਥਾਪਕ ਅਤੇ ਸੀ ਈ ਓ ਅੰਬਰੀਸ਼ ਮੂਰਤੀ ਦਾ ਲੇਹ 'ਚ ਦਿਲ ਦਾ ਦੌਰਾ ਪੈਣ ਕਾਰਨ 51 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਸਾਥੀ ਸਹਿ-ਸੰਸਥਾਪਕ ਆਸ਼ੀਸ਼ ਸ਼ਾਹ ਨੇ ਟਵੀਟ 'ਚ ਇਹ ਜਾਣਕਾਰੀ ਦਿੱਤੀ।

## ਅਮਰੀਕੀ ਸਾਂਸਦ ਮੋਦੀ ਨੂੰ ਸੁਣਨਗੇ

**ਨਵੀਂ ਦਿੱਲੀ** : ਅਮਰੀਕੀ ਸੰਸਦ ਮੈਂਬਰਾਂ ਦਾ ਗਰੁੱਪ 15 ਅਗਸਤ ਨੂੰ ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਬੋਧਨ ਦਾ ਗਵਾਹ ਬਣੇਗਾ। ਭਾਰਤੀ-ਅਮਰੀਕੀ ਕਾਂਗਰਸਮੈਨ ਰੋ ਖੰਨਾ ਅਤੇ ਕਾਂਗਰਸਮੈਨ ਮਾਈਕਲ ਵਾਲਟਜ਼ ਸੰਸਦ ਮੈਂਬਰਾਂ ਦੇ ਵਫਦ ਦੀ ਅਗਵਾਈ ਕਰਨਗੇ। ਦੋਵੇਂ ਸੰਸਦ ਮੈਂਬਰ ਭਾਰਤ ਅਤੇ ਭਾਰਤੀ ਅਮਰੀਕੀਆਂ ਦੇ ਦੋ-ਪੱਖੀ ਕਾਂਗ੍ਰੇਸਨਲ ਕਾਕਸ ਦੇ ਸਹਿ-ਚੇਅਰਮੈਨ ਹਨ।

## ਪਤੀ ਨੂੰ ਕਾਲਾ-ਕਲੂਟੜਾ ਕਹਿਣ 'ਤੇ ਤਲਾਕ ਹੋਣਾ ਹੀ ਸੀ!

**ਬੇਂਗਲੁਰੂ** : ਕਰਨਾਟਕ ਹਾਈ ਕੋਰਟ ਨੇ ਕਿਹਾ ਹੈ ਕਿ ਆਪਣੇ ਪਤੀ ਦੀ ਚਮੜੀ ਦੇ ਕਾਲੇ ਰੰਗ ਕਾਰਨ ਉਸ ਦਾ ਅਪਮਾਨ ਕਰਨਾ ਬੇਰਹਿਮੀ ਦੇ ਬਰਾਬਰ ਹੈ ਅਤੇ ਪਤੀ ਵੱਲੋਂ ਤਲਾਕ ਦੇਣ ਦਾ ਜਾਇਜ਼ ਕਾਰਨ ਹੈ। ਹਾਈ ਕੋਰਟ ਨੇ 44 ਸਾਲਾ ਵਿਅਕਤੀ ਨੂੰ ਉਸ ਦੀ 41 ਸਾਲਾ ਪਤਨੀ ਤੋਂ ਤਲਾਕ ਦੇਣ ਵਾਲੇ ਹਾਲ ਹੀ ਦੇ ਫੈਸਲੇ ਵਿਚ ਇਹ ਟਿੱਪਣੀ ਕੀਤੀ ਹੈ। ਅਦਾਲਤ ਨੇ ਕਿਹਾ ਕਿ ਸਬੂਤਾਂ ਦੀ ਡੂੰਘਾਈ ਨਾਲ ਜਾਂਚ ਕਰਨ 'ਤੇ ਇਹ ਸਿੱਟਾ ਨਿਕਲਦਾ ਹੈ ਕਿ ਪਤਨੀ ਕਾਲੇ ਰੰਗ ਦੇ ਕਾਰਨ ਆਪਣੇ ਪਤੀ ਦਾ ਅਪਮਾਨ ਕਰਦੀ ਸੀ ਅਤੇ ਇਹੀ ਕਾਰਨ ਸੀ ਕਿ ਉਸ ਨੇ ਪਤੀ ਨੂੰ ਛੱਡ ਦਿੱਤਾ। ਬੇਂਗਲੁਰੂ 'ਚ ਰਹਿਣ ਵਾਲੇ ਇਸ ਜੋੜੇ ਦਾ 2007 'ਚ ਵਿਆਹ ਹੋਇਆ ਸੀ ਅਤੇ ਉਨ੍ਹਾਂ ਦੀ ਇਕ ਬੇਟੀ ਹੈ। ਪਤੀ ਨੇ 2012 'ਚ ਬੇਂਗਲੁਰੂ ਦੀ ਫੈਮਿਲੀ ਕੋਰਟ 'ਚ ਤਲਾਕ ਦੀ ਪਟੀਸ਼ਨ ਦਾਇਰ ਕੀਤੀ ਸੀ। ਔਰਤ ਨੇ ਭਾਰਤੀ ਦੰਡਾਵਲੀ ਦੀ ਧਾਰਾ 498 ਏ (ਵਿਆਹੁਤਾ ਨਾਲ ਬੇਰਹਿਮੀ) ਦੇ ਤਹਿਤ ਆਪਣੇ ਪਤੀ ਅਤੇ ਸਹੁਰਿਆਂ ਖਿਲਾਫ ਕੇਸ ਦਰਜ ਕਰਵਾਇਆ ਸੀ। ਉਸ ਨੇ ਘਰੇਲੂ ਹਿੰਸਾ ਐਕਟ ਦੇ ਤਹਿਤ ਵੀ ਕੇਸ ਦਰਜ ਕਰਵਾਇਆ ਤੇ ਬੱਚੀ ਨੂੰ ਛੱਡ ਕੇ ਆਪਣੇ ਮਾਪਿਆਂ ਕੋਲ ਰਹਿਣ ਲਈ ਚਲੀ ਗਈ।

## ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ 2021-22 'ਚ 1159 ਕਰੋੜ ਇਨਕਮ ਟੈਕਸ ਭਰਿਆ

**ਨਵੀਂ ਦਿੱਲੀ** : ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੇ ਵਿੱਤੀ ਸਾਲ 2021-22 ਵਿਚ 1159 ਕਰੋੜ ਰੁਪਏ ਦਾ ਇਨਕਮ ਟੈਕਸ ਅਦਾ ਕੀਤਾ, ਜੋ ਉਸ ਤੋਂ ਪਿਛਲੇ ਵਿੱਤੀ ਸਾਲ ਨਾਲੋਂ 37 ਫੀਸਦੀ ਜ਼ਿਆਦਾ ਸੀ। ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਰਾਜ ਸਭਾ 'ਚ ਸਵਾਲ ਦੇ ਲਿਖਤੀ ਜਵਾਬ 'ਚ ਬੀ ਸੀ ਸੀ ਆਈ ਵੱਲੋਂ ਅਦਾ ਕੀਤੇ ਇਨਕਮ ਟੈਕਸ ਅਤੇ ਦਾਇਰ ਰਿਟਰਨਾਂ ਦੇ ਆਧਾਰ 'ਤੇ ਪਿਛਲੇ ਪੰਜ ਸਾਲਾਂ ਦੀ ਆਮਦਨ ਅਤੇ ਖਰਚ ਦੇ ਵੇਰਵੇ ਵੀ ਪੇਸ਼ ਕੀਤੇ। ਅੰਕੜਿਆਂ ਅਨੁਸਾਰ ਵਿੱਤੀ ਸਾਲ 2020-21 'ਚ ਬੀ ਸੀ ਸੀ ਆਈ ਨੇ 844.92 ਕਰੋੜ ਰੁਪਏ ਦਾ ਇਨਕਮ ਟੈਕਸ ਅਦਾ ਕੀਤਾ, ਜੋ 2019-20 'ਚ ਅਦਾ ਕੀਤੇ 882.29 ਕਰੋੜ ਰੁਪਏ ਤੋਂ ਘੱਟ ਸੀ। ਬੀ ਸੀ ਸੀ ਆਈ ਨੇ 2017-18 ਵਿੱਚ 596.63 ਕਰੋੜ ਰੁਪਏ ਦੇ ਮੁਕਾਬਲੇ ਵਿੱਤੀ ਸਾਲ 2018-19 'ਚ 815.08 ਕਰੋੜ ਰੁਪਏ ਦਾ ਟੈਕਸ ਅਦਾ ਕੀਤਾ। ਉਸ ਨੇ ਵਿੱਤੀ ਸਾਲ 2021-22 'ਚ 7606 ਕਰੋੜ ਰੁਪਏ ਦਾ ਮਾਲੀਆ ਕਮਾਇਆ, ਜਦੋਂ ਕਿ ਇਸ ਦਾ ਖਰਚਾ ਲਗਭਗ 3064 ਕਰੋੜ ਰੁਪਏ ਸੀ। ਵਿੱਤੀ ਸਾਲ 2020-21 'ਚ ਇਸ ਦੀ ਆਮਦਨ 4735 ਕਰੋੜ ਰੁਪਏ ਅਤੇ ਖਰਚਾ 3080 ਕਰੋੜ ਰੁਪਏ ਸੀ।




## ਐੱਮ ਟੈੱਕ ਦੀ ਵਿਦਿਆਰਥਣ ਵੱਲੋਂ ਖੁਦਕੁਸ਼ੀ

**ਹੈਦਰਾਬਾਦ** : ਤਿਲੰਗਾਨਾ ਦੇ ਸੰਗਾਰੈੱਡੀ ਜ਼ਿਲ੍ਹੇ 'ਚ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਹੈਦਰਾਬਾਦ ਦੀ 21 ਸਾਲਾ ਪੋਸਟ ਗ੍ਰੈਜੂਏਟ ਵਿਦਿਆਰਥਣ ਨੇ ਹੋਸਟਲ ਦੇ ਕਮਰੇ 'ਚ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਇੱਕ ਮਹੀਨੇ 'ਚ ਆਈ ਆਈ ਟੀ-ਹੈਦਰਾਬਾਦ ਦੇ ਵਿਦਿਆਰਥੀ ਵੱਲੋਂ ਖੁਦਕੁਸ਼ੀ ਦੀ ਇਹ ਦੂਜੀ ਘਟਨਾ ਹੈ। ਪੁਲਸ ਨੇ ਦੱਸਿਆ ਕਿ ਓਡੀਸ਼ਾ ਦੀ ਵਿਦਿਆਰਥਣ ਨੇ 26 ਜੁਲਾਈ ਨੂੰ ਐੱਮ ਟੈੱਕ ਕੋਰਸ 'ਚ ਦਾਖਲਾ ਲਿਆ ਸੀ ਅਤੇ ਸੋਮਵਾਰ ਰਾਤ ਨੂੰ ਉਸ ਦੇ ਕੁਝ ਸਹਿਪਾਠੀਆਂ ਨੇ ਉਸ ਨੂੰ ਹੋਸਟਲ ਦੇ ਕਮਰੇ 'ਚ ਛੱਤ ਵਾਲੇ ਪੱਖੇ ਨਾਲ ਲਟਕਦਾ ਦੇਖਿਆ। ਪੁਲਸ ਨੇ ਦੱਸਿਆ ਕਿ ਕਥਿਤ ਸੁਸਾਈਡ ਨੋਟ 'ਚ ਵਿਦਿਆਰਥਣ ਨੇ ਪਰਵਾਰ 'ਚ ਕਿਸੇ ਆਰਥਿਕ ਸਮੱਸਿਆ ਦਾ ਜ਼ਿਕਰ ਕੀਤਾ ਹੈ ਤੇ ਪ੍ਰੇਸ਼ਾਨੀ ਕਾਰਨ ਇਹ ਕਦਮ ਚੁੱਕਣ ਬਾਰੇ ਲਿਖਿਆ ਹੈ। ਜੁਲਾਈ 'ਚ ਦੂਜੇ ਸਾਲ ਦੇ ਬੀ ਟੈੱਕ ਵਿਦਿਆਰਥੀ ਨੇ ਵਿਸ਼ਾਖਾਪਟਨਮ 'ਚ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ ਸੀ।

## ਰਾਹੁਲ ਨੂੰ ਪੁਰਾਣਾ ਬੰਗਲਾ ਅਲਾਟ



**ਨਵੀਂ ਦਿੱਲੀ** : ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਬਹਾਲ ਹੋਣ ਤੋਂ ਇਕ ਦਿਨ ਬਾਅਦ ਮੰਗਲਵਾਰ ਸੰਸਦ ਦੀ ਹਾਊਸ ਕਮੇਟੀ ਨੇ ਉਨ੍ਹਾ ਨੂੰ 12 ਤੁਗਲਕ ਲੇਨ ਵਾਲਾ ਪੁਰਾਣਾ ਸਰਕਾਰੀ ਬੰਗਲਾ ਅਲਾਟ ਕਰਨ ਦਾ ਫੈਸਲਾ ਕੀਤਾ। ਬੰਗਲਾ ਮੁੜ ਅਲਾਟ ਹੋਣ ਬਾਰੇ ਪੁੱਛਣ 'ਤੇ ਰਾਹੁਲ ਗਾਂਧੀ ਨੇ ਮੀਡੀਆ ਨੂੰ ਕਿਹਾ—ਸਾਰਾ ਭਾਰਤ ਹੀ ਮੇਰਾ ਘਰ ਹੈ।

## ਭੱਜੇ ਏ ਐੱਸ ਆਈ ਦੀ ਕਾਰ 'ਚੋਂ ਭੁੱਕੀ ਤੇ ਅਫੀਮ ਮਿਲੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਥਾਣਾ ਸਿਟੀ-1 ਮਾਲੇਰਕੋਟਲਾ ਵਿਖੇ ਤਾਇਨਾਤ ਏ ਐੱਸ ਆਈ ਮਾਲਵਿੰਦਰ ਸਿੰਘ ਵਿਰੁੱਧ ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਹਿਮਤਾਣਾ ਵਾਸੀ ਜਗਤਾਰ ਸਿੰਘ ਤੋਂ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਬਿਊਰੋ ਦੇ ਬੁਲਾਰੇ ਮੁਤਾਬਕ ਜਗਤਾਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਏ ਐੱਸ ਆਈ ਨੇ ਆਈ ਪੀ ਸੀ ਦੀ ਧਾਰਾ 420, 406, 120-ਬੀ, 506 ਤਹਿਤ ਥਾਣਾ ਸਿਟੀ-1, ਮਾਲੇਰਕੋਟਲਾ ਵਿਖੇ ਦਰਜ ਐੱਫ ਆਈ ਆਰ 'ਚੋਂ ਉਸ ਦੇ ਮੁੰਡੇ ਪਵਨਪ੍ਰੀਤ ਸਿੰਘ ਦਾ ਨਾਂਅ ਕਢਵਾਉਣ ਬਦਲੇ 50,000 ਰੁਪਏ ਮੰਗੇ ਸਨ। ਉਹ ਪਹਿਲਾਂ ਹੀ ਉਸ ਤੋਂ 10 ਹਜ਼ਾਰ ਰੁਪਏ ਲੈ ਚੁੱਕਾ ਹੈ। ਬਿਊਰੋ ਦੀ ਟੀਮ ਨੇ ਮੁਲਜ਼ਮ ਏ ਐੱਸ ਆਈ ਨੂੰ ਫੜਨ ਲਈ ਟਰੈਪ ਲਗਾਇਆ, ਪਰ ਮੁਲਜ਼ਮ ਵਿਜੀਲੈਂਸ ਦੀ ਟੀਮ ਨੂੰ ਦੇਖ ਕੇ ਸ਼ਿਕਾਇਤਕਰਤਾ ਤੋਂ ਪ੍ਰਾਪਤ ਕੀਤੀ 10,000 ਰੁਪਏ ਰਿਸ਼ਵਤ ਸਮੇਤ ਆਪਣੀ ਸਵਿਫਟ ਕਾਰ 'ਚ ਮੌਕੇ ਤੋਂ ਫਰਾਰ ਹੋ ਗਿਆ। ਵਿਜੀਲੈਂਸ ਬਿਊਰੋ ਦੀ ਟੀਮ ਨੇ ਉਸ ਦਾ ਪਿੱਛਾ ਕੀਤਾ ਤਾਂ ਬਾਲਦ ਕੈਂਚੀਆਂ (ਭਵਾਨੀਗੜ੍ਹ) ਨੇੜੇ ਉਸ ਦੀ ਕਾਰ ਬਰਾਮਦ ਹੋਈ। ਕਾਰ ਦੀ ਚੈਕਿੰਗ ਦੌਰਾਨ ਉਸ ਵਿੱਚੋਂ 460 ਗ੍ਰਾਮ ਭੁੱਕੀ ਅਤੇ 9 ਗ੍ਰਾਮ ਅਫ਼ੀਮ ਤੋਂ ਇਲਾਵਾ ਰਿਸ਼ਵਤ ਦੇ 10,000 ਰੁਪਏ ਬਰਾਮਦ ਹੋਏ। ਬੁਲਾਰੇ ਨੇ ਦੱਸਿਆ ਕਿ ਏ ਐੱਸ ਆਈ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਧੀਨ ਐੱਫ ਆਈ ਆਰ ਦਰਜ ਕੀਤੀ ਗਈ ਹੈ। ਥਾਣਾ ਭਵਾਨੀਗੜ੍ਹ ਵਿਚ ਐੱਨ ਡੀ ਪੀ ਐੱਸ ਐਕਟ ਤਹਿਤ ਵੱਖਰਾ ਕੇਸ ਵੀ ਦਰਜ ਕੀਤਾ ਗਿਆ ਹੈ। ਸਰਕਾਰੀ ਹਸਪਤਾਲ ਮਾਲੇਰਕੋਟਲਾ ਵਿਖੇ ਤਾਇਨਾਤ ਇੱਕ ਅਟੈਂਡੈਂਟ ਇਮਰਾਨ ਨੂੰ 6000 ਰੁਪਏ ਰਿਸ਼ਵਤ ਲੈਂਦਿਆਂ ਨਾਜਮ ਵਾਸੀ ਮੁਹੱਲਾ ਖੁਸ਼ਹਾਲ ਬਸਤੀ ਮਾਲੇਰਕੋਟਲਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕਰ ਲਿਆ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਇਮਰਾਨ, ਜੋ ਕਿ ਡਾਕਟਰ ਚਮਨਜੋਤ ਸਿੰਘ ਦੇ ਨਾਲ ਬਤੌਰ ਅਟੈਂਡੈਂਟ ਤਾਇਨਾਤ ਹੈ, ਨੇ ਉਸ ਦੀ ਪਤਨੀ ਦੇ ਪਿੱਤੇ ਦੇ ਅਪ੍ਰੇਸ਼ਨ ਦੀ ਤਰੀਕ ਪਹਿਲਾਂ ਕਰਨ ਬਦਲੇ 6000 ਰੁਪਏ ਰਿਸ਼ਵਤ ਮੰਗੀ ਸੀ। ਬਿਊਰੋ ਦੀ ਟੀਮ ਨੇ ਟਰੈਕ ਲਾ ਕੇ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 6000 ਰੁਪਏ ਰਿਸ਼ਵਤ ਲੈਂਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ।

## ਇਮਰਾਨ ਮਾਂਗਣੂਆਂ ਵਾਲੀ ਕੋਠੜੀ 'ਚ



**ਇਸਲਾਮਾਬਾਦ** : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਜਾਣ ਅਤੇ ਗ੍ਰਿਫਤਾਰੀ ਤੋਂ ਬਾਅਦ ਉੱਚ ਸੁਰੱਖਿਆ ਵਾਲੀ ਅਟਕ ਜੇਲ੍ਹ ਦੇ ਖੁੱਲ੍ਹੇ ਪਖਾਨੇ ਵਾਲੇ ਮੱਖੀਆਂ ਤੇ ਮਾਂਗਣੂਆਂ ਨਾਲ ਭਰੇ ਸੈੱਲ ਵਿਚ ਰੱਖਿਆ ਗਿਆ ਹੈ। ਖਾਨ ਦੇ ਅਟਾਰਨੀ ਨਈਮ ਹੈਦਰ ਪੰਜੋਥਾ ਨੇ ਦੱਸਿਆ ਕਿ 70 ਸਾਲਾ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਚੇਅਰਮੈਨ ਨੂੰ ਪੰਜਾਬ ਸੂਬੇ ਦੀ ਜੇਲ੍ਹ 'ਚ ਸੀ-ਕਲਾਸ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਜੇਲ੍ਹ ਦੀ ਕੋਠੜੀ, ਜਿੱਥੇ ਦੇਸ਼ ਦੀ ਵਿਸ਼ਵ ਕੱਪ ਜੇਤੂ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਨੂੰ ਰੱਖਿਆ ਗਿਆ ਹੈ, ਮੱਖੀਆਂ ਅਤੇ ਕੀੜਿਆਂ ਨਾਲ ਭਰੀ ਹੋਈ ਹੈ। ਸੋਮਵਾਰ ਨੂੰ ਜੇਲ੍ਹ 'ਚ ਖਾਨ ਨੂੰ ਮਿਲਣ ਤੋਂ ਬਾਅਦ ਪੰਜੋਥਾ ਨੇ ਕਿਹਾ ਕਿ ਉਹ ਇੱਕ ਛੋਟੇ ਜਿਹੇ ਕਮਰੇ 'ਚ ਹਨ, ਜਿਸ 'ਚ ਖੁੱਲ੍ਹਾ ਪਖਾਨਾ ਹੈ। ਵਕੀਲ ਨੇ ਮੀਡੀਆ ਨੂੰ ਦੱਸਿਆ ਕਿ ਖਾਨ ਨੇ ਉਸ ਨੂੰ ਦੱਸਿਆ ਕਿ ਕਮਰੇ 'ਚ ਹਨੇਰਾ ਹੈ ਤੇ ਖੁੱਲ੍ਹਾ ਪਖਾਨਾ ਹੈ। ਦਿਨ 'ਚ ਅਕਸਰ ਮੱਖੀਆਂ ਅਤੇ ਰਾਤ ਨੂੰ ਕੀੜੇ-ਮਕੌੜੇ ਤੰਗ ਕਰਦੇ ਹਨ।

## ਅੱਜ-ਨਾਮਾ

ਸਿਆਸੀ ਭੇੜ ਦਾ ਨਵਾਂ ਈ ਯੁੱਗ ਆਇਆ,
ਹਰ ਇੱਕ ਪੈਰ 'ਤੇ ਭੇੜ ਰਿਹਾ ਚੱਲ ਬੇਲੀ।
ਮੁੱਦੇ ਚੁੱਕ ਭੜਕਾਉਂਦੀ ਕੋਈ ਧਿਰ ਪਹਿਲਾਂ,
ਡਿੱਗਣ ਦਿੰਦੀ ਨਹੀਂ ਦੂਜੀ ਫਿਰ ਗੱਲ ਬੇਲੀ।
ਲੋਕਤੰਤਰ ਵਿੱਚ ਲੋਕੀਂ ਨਾ ਯਾਦ ਆਉਂਦੇ,
ਰਾਜਸੀ ਤਰਜ਼ਾਂ ਦੇ ਖੜਕ ਰਹੇ ਟੱਲ ਬੇਲੀ।
ਮਿਹਣਾ ਛੱਡੋ, ਮਜ਼ਾਕ ਨਹੀਂ ਜਾਏ ਜਰਿਆ,
ਹੋਵੇ ਨਹੀਂ ਹਾਸੇ ਦੀ ਗੱਲ ਕੋਈ ਝੱਲ ਬੇਲੀ।
ਲਫਜ਼ਾਂ ਅੰਦਰਲਾ ਕੋਈ ਨਹੀਂ ਸਾਰ ਵਿੰਹਦਾ,
ਵਿੰਹਦੇ ਲੀਡਰ ਕਈ ਦੂਜੇ ਦੀ ਸ਼ਕਲ ਬੇਲੀ।
ਸ਼ਕਲ ਨਹੀਂ ਆਵੇ ਪਸੰਦ ਤੇ ਲੜਨ ਲੱਗਣ,
ਨੁੱਕਰੇ ਲਾਈ ਪਈ ਵਿਲ੍ਹਕਦੀ ਅਕਲ ਬੇਲੀ।

-ਤੀਸ ਮਾਰ ਖਾਂ

## ਪੈਨਸ਼ਨ ਤੇ ਤਨਖਾਹ ਨਾ ਮਿਲਣ 'ਤੇ ਮੁਜ਼ਾਹਰਾ

**ਪਟਿਆਲਾ** : ਮੰਗਲਵਾਰ ਪੀ ਆਰ ਟੀ ਸੀ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਵਲੋਂ ਪੈਨਸ਼ਨ ਅਤੇ ਤਨਖਾਹ ਦੀ ਅਦਾਇਗੀ 8 ਤਰੀਕ ਹੋਣ ਦੇ ਬਾਵਜੂਦ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਵਿਸ਼ਾਲ ਮੀਟਿੰਗ ਕਰਨ ਉਪਰੰਤ ਰੋਸ ਮੁਜ਼ਾਹਰਾ ਕੀਤਾ ਗਿਆ। ਮੀਟਿੰਗ ਅਤੇ ਮੁਜ਼ਾਹਰਾ ਯੂਨੀਅਨ ਦੇ ਪ੍ਰਧਾਨ ਉਤਮ ਸਿੰਘ ਬਾਗੜੀ ਅਤੇ ਮੁਹੰਮਦ ਖਲੀਲ ਦੀ ਅਗਵਾਈ ਵਿੱਚ ਕੀਤਾ ਗਿਆ। ਇਕੱਠ ਵਿੱਚ ਨਿਰਮਲ ਸਿੰਘ ਧਾਲੀਵਾਲ ਭਾਈਚਾਰਾ ਯੂਨੀਅਨ ਦੇ ਮੁੱਖ ਸਲਾਹਕਾਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਵੱਡੀ ਗਿਣਤੀ ਵਿੱਚ ਇਕੱਤਰ ਹੋਏ ਸੇਵਾ-ਮੁਕਤ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਧਾਲੀਵਾਲ, ਮੁਹੰਮਦ ਖਲੀਲ ਅਤੇ ਉਤਮ ਸਿੰਘ ਬਾਗੜੀ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਤਰ੍ਹਾਂ ਮਜ਼ਦੂਰ ਵਿਰੋਧੀ ਸਾਬਤ ਹੋ ਚੁੱਕੀ ਹੈ, ਕਿਉਂਕਿ ਟਰਾਂਸਪੋਰਟ ਮਾਫੀਆ ਇਸ ਰਾਜ ਵਿੱਚ ਬਾਦਸਤੂਰ ਜਾਰੀ ਹੈ। ਪੀ ਆਰ ਟੀ ਸੀ ਦੇ ਕਰਮਚਾਰੀਆਂ ਨੂੰ ਕਦੇ ਵੀ ਤਨਖਾਹ ਤੇ ਪੈਨਸ਼ਨ ਸਮੇਂ ਸਿਰ ਨਹੀਂ ਮਿਲਦੀ। ਵਰਕਰਾਂ ਦੇ 70 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਖੜੇ ਹਨ। ਪੰਜਾਬ ਸਰਕਾਰ ਮੁਫਤ ਸਫਰ ਬਦਲੇ ਬਣਦੀ 300 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੀ ਅਦਾਇਗੀ ਨਹੀਂ ਕਰ ਰਹੀ, ਜਿਸ ਕਰਕੇ ਕਰਮਚਾਰੀਆਂ ਦੀ ਤਨਖਾਹ/ਪੈਨਸ਼ਨ ਲੇਟ ਹੋਣ ਦੇ ਨਾਲ ਸੇਵਾ-ਮੁਕਤੀ ਬਕਾਏ, ਡੀ ਏ ਦੇ ਬਕਾਏ ਆਦਿ ਦਾ ਬਕਾਇਆ ਲਟਕਾ ਕੇ ਹੀ ਦਿੱਤਾ ਜਾਦਾ ਹੈ। ਪੀ ਆਰ ਟੀ ਸੀ ਮੈਨੇਜਮੈਂਟ ਵੱਲੋਂ ਕੋਈ ਯਤਨ ਨਹੀਂ ਕੀਤਾ ਜਾ ਰਿਹਾ ਕਿ ਸਰਕਾਰ ਤੋਂ ਪੈਸਾ ਲਿਆ ਕੇ ਤਨਖਾਹ ਤੇ ਪੈਨਸ਼ਨ ਦਿੱਤੀ ਜਾਵੇ।




ਆਗੂਆਂ ਕਿਹਾ ਕਿ ਪੀ ਆਰ ਟੀ ਸੀ ਦੀਆਂ ਸੇਵਾਵਾਂ ਬਿਹਤਰ ਹੋਣ ਦੀ ਬਜਾਏ ਬੁਰੀ ਤਰ੍ਹਾਂ ਭੈੜੀਆਂ ਹੋ ਚੁੱਕੀਆਂ ਹਨ। ਮੈਨੇਜਮੈਂਟ ਵੱਲੋਂ ਪੀ ਆਰ ਟੀ ਸੀ ਦੀ ਦੇਸ਼ ਸੁਧਾਰਨ ਲਈ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਅਫਸਰਸ਼ਾਹੀ ਮਨਮਰਜ਼ੀ ਕਰਦੀ ਆ ਰਹੀ ਹੈ, ਪੰਜਾਬ ਸਰਕਾਰ ਅਤੇ ਟਰਾਂਸਪੋਰਟ ਮੰਤਰੀ ਮੁਲਾਜ਼ਮਾਂ ਦੇ ਹਿੱਤਾਂ ਦੀ ਅਣਦੇਖੀ ਕਰਕੇ ਆ ਰਹੇ ਹਨ। ਭਵਿੱਖ ਵਿੱਚ ਜੇਕਰ ਅਦਾਰੇ ਦੇ ਵਰਕਰਾਂ ਨੂੰ ਇਸੇ ਤਰ੍ਹਾਂ ਖੱਜਲ-ਖੁਆਰ ਕੀਤਾ ਜਾਂਦਾ ਰਿਹਾ ਤਾਂ ਬਜ਼ੁਰਗ ਪੈਨਸ਼ਨਰ ਕੋਈ ਸਖਤ ਕਦਮ ਚੁੱਕਣ ਲਈ ਮਜਬੂਰ ਹੋਣਗੇ।

## ਭਾਰਤ ਤੇ ਪਾਕਿਸਤਾਨ ਇੱਕੋ ਗਰੁੱਪ 'ਚ



**ਨਵੀਂ ਦਿੱਲੀ** : ਭਾਰਤ ਅਤੇ ਪਾਕਿਸਤਾਨ ਦੀਆਂ ਪੁਰਸ਼ ਹਾਕੀ ਟੀਮਾਂ ਨੂੰ ਚੀਨ ਦੇ ਹਾਂਗਜ਼ੂ 'ਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਲਈ ਇੱਕੋ ਗਰੁੱਪ 'ਚ ਰੱਖਿਆ ਗਿਆ ਹੈ, ਜਿੱਥੇ ਇਹ ਦੋਵੇਂ ਟੀਮਾਂ 30 ਸਤੰਬਰ ਨੂੰ ਆਹਮੋ-ਸਾਹਮਣੇ ਹੋਣਗੀਆਂ। ਭਾਰਤ ਅਤੇ ਪਾਕਿਸਤਾਨ ਨੂੰ ਜਾਪਾਨ, ਬੰਗਲਾਦੇਸ਼, ਸਿੰਗਾਪੁਰ ਅਤੇ ਉਜ਼ਬੇਕਿਸਤਾਨ ਦੇ ਨਾਲ ਗਰੁੱਪ ਏ 'ਚ ਰੱਖਿਆ ਗਿਆ ਹੈ। ਭਾਰਤ ਆਪਣਾ ਪਹਿਲਾ ਮੈਚ 24 ਸਤੰਬਰ ਨੂੰ ਉਜ਼ਬੇਕਿਸਤਾਨ ਨਾਲ ਖੇਡੇਗਾ। ਦੱਖਣੀ ਕੋਰੀਆ, ਮਲੇਸ਼ੀਆ, ਚੀਨ, ਓਮਾਨ, ਥਾਈਲੈਂਡ ਅਤੇ ਇੰਡੋਨੇਸ਼ੀਆ ਗਰੁੱਪ ਬੀ 'ਚ ਹਨ। ਭਾਰਤੀ ਮਹਿਲਾ ਹਾਕੀ ਟੀਮ ਨੂੰ ਵੀ ਗਰੁੱਪ ਏ 'ਚ ਰੱਖਿਆ ਗਿਆ ਹੈ, ਜਿੱਥੇ ਉਸ ਦਾ ਸਾਹਮਣਾ ਹਾਂਗਕਾਂਗ, ਸਿੰਗਾਪੁਰ, ਦੱਖਣੀ ਕੋਰੀਆ ਤੇ ਮਲੇਸ਼ੀਆ ਨਾਲ ਹੋਵੇਗਾ। ਭਾਰਤੀ ਟੀਮ 27 ਸਤੰਬਰ ਨੂੰ ਸਿੰਗਾਪੁਰ ਵਿਰੁੱਧ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਜਾਪਾਨ, ਚੀਨ, ਥਾਈਲੈਂਡ, ਕਜ਼ਾਕਿਸਤਾਨ ਅਤੇ ਇੰਡੋਨੇਸ਼ੀਆ ਗਰੁੱਪ ਬੀ ਵਿੱਚ ਹਨ। ਪੁਰਸ਼ਾਂ ਦਾ ਫਾਈਨਲ 6 ਅਕਤੂਬਰ ਨੂੰ ਖੇਡਿਆ ਜਾਵੇਗਾ, ਜਦਕਿ ਔਰਤਾਂ ਦਾ ਫਾਈਨਲ ਇਕ ਦਿਨ ਬਾਅਦ ਖੇਡਿਆ ਜਾਵੇਗਾ।

## ਸੋਰੇਨ ਨੂੰ ਈ ਡੀ ਦਾ ਸੰਮਨ

**ਨਵੀਂ ਦਿੱਲੀ** : ਈ ਡੀ ਨੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਹੈ। ਉਨ੍ਹਾ ਨੂੰ ਅਗਲੇ ਹਫਤੇ ਸੂਬੇ ਦੀ ਰਾਜਧਾਨੀ ਰਾਂਚੀ 'ਚ ਏਜੰਸੀ ਦੇ ਦਫਤਰ 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਈ ਡੀ ਨੇ ਉਨ੍ਹਾ ਤੋਂ ਗੈਰਕਾਨੂੰਨੀ ਮਾਈਨਿੰਗ ਨਾਲ ਜੁੜੇ ਇੱਕ ਮਾਮਲੇ 'ਚ ਪਹਿਲਾਂ ਵੀ ਪੁੱਛਗਿੱਛ ਕੀਤੀ ਸੀ।

9-Aug-PAGE-4.qxd 8/8/2023 10:35 PM Page 1

ਨਵਾਂ ਜ਼ਮਾਨਾ
ਬੁੱਧਵਾਰ, 9 ਅਗਸਤ 2023

# ਬੁਲਡੋਜ਼ਰ ਕਾਰਵਾਈ ਜਾਤੀ ਸਫਾਇਆ ਮੁਹਿੰਮ

ਮੇਵਾਤ ਦੇ ਨੂਹ ਵਿੱਚ ਭੜਕੇ ਦੰਗਿਆਂ ਦੀ ਆੜ ਵਿੱਚ ਭਾਜਪਾ ਸਰਕਾਰ ਨੇ ਬੁਲਡੋਜ਼ਰ ਮੁਹਿੰਮ ਰਾਹੀਂ ਜਿਸ ਤਰ੍ਹਾਂ ਪੂਰੇ ਮੇਵਾਤ ਵਿੱਚ ਮੁਸਲਮਾਨਾਂ ਦੇ ਘਰਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਤਹਿਸ-ਨਹਿਸ ਕੀਤਾ ਹੈ, ਉਸ ਤੋਂ ਜਾਪਦਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਹਾਰ ਮਹਿਸੂਸ ਕਰਦਿਆਂ ਭਾਜਪਾ ਪੂਰੀ ਤਰ੍ਹਾਂ ਬੁਖਲਾ ਚੁੱਕੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 7 ਅਗਸਤ ਨੂੰ ਅਖਬਾਰੀ ਰਿਪੋਰਟਾਂ ਦੇ ਅਧਾਰ ਉੱਤੇ ਸਵੈ-ਪ੍ਰੇਰਨਾ ਰਾਹੀਂ ਹਰਿਆਣਾ ਸਰਕਾਰ ਦੀ ਬੁਲਡੋਜ਼ਰ ਮੁਹਿੰਮ ਉੱਤੇ ਰੋਕ ਲਾਉਂਦਿਆਂ ਜਿਹੜੀਆਂ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ ਤੋਂ ਤਾਂ ਇਹੋ ਭਾਸਦਾ ਹੈ।

ਜਸਟਿਸ ਜੀ ਐੱਸ ਸੰਧਾਵਾਲੀਆ ਤੇ ਜਸਟਿਸ ਹਰਪ੍ਰੀਤ ਕੌਰ ਦੀ ਬੈਂਚ ਨੇ ਕਿਹਾ, 'ਇੰਜ ਜਾਪਦਾ ਹੈ, ਜਿਵੇਂ ਰਾਜ ਸਰਕਾਰ ਨੇ ਇੱਕ ਖਾਸ ਵਰਗ ਦੇ ਸਫ਼ਾਏ ਦੀ ਮੁਹਿੰਮ ਵਿੱਢੀ ਹੋਈ ਹੈ। ਅਮਨ-ਕਾਨੂੰਨ ਦੀ ਆੜ ਵਿੱਚ ਵਿਸ਼ੇਸ਼ ਭਾਈਚਾਰੇ ਦੀਆਂ ਇਮਾਰਤਾਂ ਨੂੰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ।'

ਬੈਂਚ ਨੇ ਕਿਹਾ, 'ਅਸੀਂ ਰਾਜ ਸਰਕਾਰ ਨੂੰ ਨੋਟਿਸ ਜਾਰੀ ਕਰਨ ਲਈ ਮਜਬੂਰ ਹਾਂ, ਕਿਉਂਕਿ ਸਾਡੀ ਜਾਣਕਾਰੀ ਵਿੱਚ ਆਇਆ ਹੈ ਕਿ ਹਰਿਆਣਾ ਸਰਕਾਰ ਜ਼ਬਰਦਸਤੀ ਇਸ ਕਾਰਨ ਇਮਾਰਤਾਂ ਤੋੜ ਰਹੀ ਹੈ, ਕਿਉਂਕਿ ਗੁੜਗਾਓਂ ਤੇ ਨੂਹ ਵਿੱਚ ਕੁਝ ਦੰਗੇ ਹੋਏ ਸਨ। ਸਪੱਸ਼ਟ ਹੈ ਕਿ ਬਿਨਾਂ ਕਿਸੇ ਆਦੇਸ਼ ਤੇ ਨੋਟਿਸ ਦੇ ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਅਮਨ-ਕਾਨੂੰਨ ਦੀ ਸਮੱਸਿਆ ਦੀ ਵਰਤੋਂ ਇਮਾਰਤਾਂ ਨੂੰ ਡੇਗਣ ਲਈ ਕੀਤੀ ਜਾ ਰਹੀ ਹੈ।'

ਬੈਂਚ ਨੇ ਕਿਹਾ ਕਿ ਮੁੱਦਾ ਇਹ ਵੀ ਉਠਦਾ ਹੈ ਕਿ ਕੀ ਕਿਸੇ ਵਿਸ਼ੇਸ਼ ਭਾਈਚਾਰੇ ਦੀਆਂ ਇਮਾਰਤਾਂ ਨੂੰ ਕਾਨੂੰਨ ਤੇ ਵਿਵਸਥਾ ਦੀ ਸਮੱਸਿਆ ਦੀ ਆੜ ਵਿੱਚ ਡੇਗਿਆ ਜਾ ਰਿਹਾ ਹੈ ਅਤੇ ਰਾਜ ਵੱਲੋਂ ਜਾਤੀ ਸਫ਼ਾਏ ਦੀ ਮੁਹਿੰਮ ਵਿੱਢੀ ਗਈ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਦਾ ਹਵਾਲਾ ਦਿੰਦਿਆਂ ਬੈਂਚ ਨੇ ਕਿਹਾ ਕਿ ਕਾਰਵਾਈ ਇਸ ਤੱਥ ਦੇ ਅਧਾਰ ਉੱਤੇ ਕੀਤੀ ਗਈ ਕਿ ਅਸਮਾਜਿਕ ਕਾਰਵਾਈਆਂ ਵਿੱਚ ਸ਼ਾਮਲ ਵਿਅਕਤੀਆਂ ਨੇ ਨਜਾਇਜ਼ ਉਸਾਰੀਆਂ ਕੀਤੀਆਂ ਸਨ। ਖ਼ਬਰਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਲੰਮੇ ਸਮੇਂ ਤੋਂ ਬਣੇ ਹੋਏ ਰੈਸਟੋਰੈਂਟਾਂ ਸਮੇਤ ਵਪਾਰਕ ਤੇ ਰਿਹਾਇਸ਼ੀ ਭਵਨਾਂ ਨੂੰ ਬੁਲਡੋਜ਼ਰ ਰਾਹੀਂ ਡੇਗ ਦਿੱਤਾ ਗਿਆ। ਗ੍ਰਹਿ ਮੰਤਰੀ ਨੇ ਖੁਦ ਕਿਹਾ ਸੀ ਕਿ ਬੁਲਡੋਜ਼ਰ 'ਇਲਾਜ' ਦਾ ਹਿੱਸਾ ਹਨ, ਕਿਉਂਕਿ ਸਰਕਾਰ ਦੰਗਿਆਂ ਦੀ ਜਾਂਚ ਕਰ ਰਹੀ ਹੈ।

ਬੈਂਚ ਨੇ ਸਖ਼ਤ ਟਿੱਪਣੀ ਕਰਦਿਆਂ ਇਤਿਹਾਸਕਾਰ ਲਾਰਡ ਐਕਟਨ ਦੇ ਕਥਨ, "ਸੱਤਾ ਭ੍ਰਿਸ਼ਟ ਹੁੰਦੀ ਹੈ ਤੇ ਪੂਰਨ ਸੱਤਾ ਉਸ ਨੂੰ ਪੂਰੀ ਤਰ੍ਹਾਂ ਭ੍ਰਿਸ਼ਟ ਬਣਾ ਦਿੰਦੀ ਹੈ," ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਦੀ ਪੱਕੀ ਧਾਰਨਾ ਹੈ ਕਿ ਸੰਵਿਧਾਨ ਨਾਗਰਿਕਾਂ ਦੀ ਤਬਾਹੀ ਤੋਂ ਰਾਖੀ ਕਰਦਾ ਹੈ। ਕਾਨੂੰਨ ਵਿੱਚ ਨਿਰਧਾਰਤ ਪ੍ਰਕਿਰਿਆ ਦਾ ਪਾਲਣ ਕੀਤੇ ਬਿਨਾਂ ਅਜਿਹਾ ਨਹੀਂ ਕੀਤਾ ਜਾ ਸਕਦਾ। ਇਸ ਲਈ ਬੁਲਡੋਜ਼ਰ ਮੁਹਿੰਮ ਨੂੰ ਤੁਰੰਤ ਰੋਕ ਦਿੱਤਾ ਜਾਵੇ।

ਇਸ ਦੇ ਨਾਲ ਹੀ ਬੈਂਚ ਨੇ ਸਰਕਾਰ ਨੂੰ ਆਦੇਸ਼ ਦਿੱਤਾ ਕਿ ਪਿਛਲੇ ਦੋ ਹਫ਼ਤਿਆਂ ਤੋਂ ਡੇਗੀਆਂ ਗਈਆਂ ਇਮਾਰਤਾਂ ਦੀ ਗਿਣਤੀ ਤੇ ਕੀ ਕਾਰਵਾਈ ਤੋਂ ਪਹਿਲਾਂ ਨੋਟਿਸ ਜਾਰੀ ਕੀਤੇ ਗਏ ਸਨ, ਬਾਰੇ ਹਲਫ਼ਨਾਮਾ ਦਾਖ਼ਲ ਕਰੇ।

ਯਾਦ ਰਹੇ ਕਿ ਨੂਹ ਹਿੰਸਾ ਤੋਂ ਬਾਅਦ ਹਰਿਆਣਾ ਪ੍ਰਸ਼ਾਸਨ ਨੇ ਸਿਰਫ਼ ਨੂਹ ਵਿੱਚ ਹੀ ਬੁਲਡੋਜ਼ਰ ਨਹੀਂ ਚਲਾਇਆ, ਸਗੋਂ ਪੁਲਹਾਨਾ, ਨਗੀਨਾ, ਫਿਰੋਜ਼ਪੁਰ ਝਿਰਕਾ ਤੇ ਪਿੰਗਨਵਾ ਕਸਬਿਆਂ ਵਿੱਚ ਵੀ ਤਬਾਹੀ ਮਚਾ ਦਿੱਤੀ ਸੀ। ਇਸ ਕਾਰਵਾਈ ਅਧੀਨ ਇਕੱਲੇ ਨੂਹ ਵਿੱਚ ਹੀ 753 ਘਰ, ਦੁਕਾਨਾਂ, ਸ਼ੋਅ ਰੂਮ ਤੇ ਅਸਥਾਈ ਉਸਾਰੀਆਂ ਡੇਗ ਦਿੱਤੀਆਂ ਗਈਆਂ ਸਨ।

ਅਦਾਲਤ ਦੇ ਸੱਤ ਅਗਸਤ ਨੂੰ ਆਏ ਇਨ੍ਹਾਂ ਆਦੇਸ਼ਾਂ ਦੇ ਬਾਵਜੂਦ ਸਰਕਾਰ ਦੀ ਇੱਕ-ਪਾਸੜ ਸੋਚ ਵਿੱਚ ਕੋਈ ਫ਼ਰਕ ਨਹੀਂ ਪਿਆ। ਮੁਸਲਮਾਨ ਨੌਜਵਾਨਾਂ ਦੀ ਫੜੋਫੜੀ ਲਗਾਤਾਰ ਜਾਰੀ ਹੈ ਤੇ ਦੂਜੇ ਪਾਸੇ ਹਿੰਦੂਤਵੀ ਫਸਾਦੀਆਂ ਨੂੰ ਖੁੱਲ੍ਹੀਆਂ ਛੁੱਟੀਆਂ ਦਿੱਤੀਆਂ ਹੋਈਆਂ ਹਨ। ਹਿਸਾਰ ਦੇ ਹਾਂਸੀ ਵਿਖੇ ਹਿੰਦੂ ਫਿਰਕਾਪ੍ਰਸਤਾਂ ਨੂੰ ਜਲੂਸ ਕੱਢਣ ਦੀ ਇਜਾਜ਼ਤ ਦਿੱਤੀ ਗਈ, ਜਿਸ ਵਿੱਚ ਮੁਸਲਮਾਨਾਂ ਦੇ ਬਾਈਕਾਟ ਦੇ ਸੱਦੇ ਦਿੱਤੇ ਗਏ।

ਮਨਾਹੀ ਦੇ ਹੁਕਮਾਂ ਦੇ ਬਾਵਜੂਦ ਐਤਵਾਰ ਨੂੰ ਗੁੜਗਾਓਂ ਦੇ ਸੈਕਟਰ 57 ਵਿੱਚ ਹਿੰਦੂਤਵੀਆਂ ਵੱਲੋਂ ਇੱਕ ਮਹਾਂਪੰਚਾਇਤ ਕਰਕੇ ਮੁਸਲਮਾਨਾਂ ਦੇ ਸਮਾਜਕ ਬਾਈਕਾਟ ਦਾ ਸੱਦਾ ਦਿੱਤਾ ਗਿਆ। ਇਹ ਮਹਾਂਪੰਚਾਇਤ ਐਨ ਉਸ ਮਸਜਿਦ ਦੇ ਨਜ਼ਦੀਕ ਕੀਤੀ ਗਈ, ਜਿਸ ਉੱਤੇ ਹਿੰਦੂਤਵੀ ਭੀੜ ਨੇ ਹਮਲਾ ਕਰਕੇ ਨਾਇਬ ਇਮਾਮ ਦੀ ਹੱਤਿਆ ਕੀਤੀ ਸੀ। ਦੂਜੇ ਪਾਸੇ ਸਾਂਸਦ ਬਿਨੋਏ ਵਿਸ਼ਵਮ ਦੀ ਅਗਵਾਈ ਵਿੱਚ ਸਦਭਾਵਨਾ ਸੰਦੇਸ਼ ਲਈ ਜਾ ਰਹੇ ਸੀ ਪੀ ਆਈ ਦੇ 4 ਮੈਂਬਰੀ ਵਫ਼ਦ ਨੂੰ ਨੂਹ ਜ਼ਿਲ੍ਹੇ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਇਸ ਤੋਂ ਸਪੱਸ਼ਟ ਹੈ ਕਿ ਭਾਜਪਾ ਸਰਕਾਰ ਨੂਹ ਦੰਗਿਆਂ ਦੀ ਅਸਲ ਸੱਚਾਈ ਨੂੰ ਲੁਕੋਣਾ ਚਾਹੁੰਦੀ ਹੈ। ਸੀ ਪੀ ਆਈ ਆਗੂ ਨੇ ਕਿਹਾ, 'ਅੱਜ ਦੇਸ਼ ਦੀ ਇਹ ਦੁਰਦਸ਼ਾ ਹੈ ਕਿ ਸਾਨੂੰ ਪੁਲਸ ਨੂਹ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੰਦੀ, ਪਰ ਗੁੰਡੇ ਤੇ ਫਾਸ਼ੀਵਾਦੀ ਖੁੱਲ੍ਹੇ ਘੁੰਮ ਰਹੇ ਹਨ।' ਇਸੇ ਦੌਰਾਨ ਸੀ ਪੀ ਆਈ ਨੇ ਮੁਸਲਮਾਨਾਂ ਦੇ ਬਾਈਕਾਟ ਦੀ ਨਿੰਦਾ ਕਰਦਿਆਂ ਦੱਸਿਆ ਕਿ ਹਰਿਆਣਾ ਦੇ ਜ਼ਿਲ੍ਹਾ ਰੇਵਾੜੀ ਦੇ ਜੈਨਾਬਾਦ ਦੀ ਸਰਪੰਚ ਭਾਵਨਾ ਯਾਦਵ ਨੇ ਆਪਣੇ ਲੈਟਰਹੈਡ ਉੱਤੇ ਪੁਲਸ ਅਧਿਕਾਰੀਆਂ ਨੂੰ ਹੁਕਮ ਦਿੱਤਾ ਹੈ ਕਿ ਉਹ ਉਨ੍ਹਾਂ ਦੇ ਪੰਚਾਇਤ ਖੇਤਰ ਵਿੱਚ ਕਿਸੇ ਵੀ ਮੁਸਲਮਾਨ ਨੂੰ ਵੜਨ ਦੀ ਇਜਾਜ਼ਤ ਨਾ ਦੇਣ। ਪਾਰਟੀ ਨੇ ਸੰਬੰਧਤ ਸਰਪੰਚ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

**-ਚੰਦ ਫਤਿਹਪੁਰੀ**

# ਸਾਡੇ ਸਮਿਆਂ 'ਚ ਚਿੰਤਨਸ਼ੀਲ ਮਿਲਣੀਆਂ ਦਾ ਮਹੱਤਵ

*ਅਗਸਤ ਮਹੀਨੇ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀਆਂ ਪੈੜਾਂ ਬੋਲਦੀਆਂ ਹਨ ਕਿ 9 ਅਗਸਤ 1915 ਨੂੰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਤ ਆਤਮਾ ਸਿੰਘ ਠੱਠੀਖਾਰਾ, ਕਾਲ਼ਾ ਸਿੰਘ ਜਗਤਪੁਰ, ਚੰਨਣ ਸਿੰਘ ਬੂੜਚੰਦ ਅਤੇ ਹਰਨਾਮ ਸਿੰਘ ਠੱਠੀਖਾਰਾ ਨੂੰ ਵੱਲਾ ਪੁਲ ਸਾਜ਼ਿਸ਼ ਕੇਸ 'ਚ ਅਤੇ 12 ਅਗਸਤ 1915 ਨੂੰ ਗ਼ਦਰੀ ਬੰਤਾ ਸਿੰਘ ਸੰਘਵਾਲ (ਜਲੰਧਰ), ਬੂਟਾ ਸਿੰਘ ਅਕਾਲਗੜ੍ਹ (ਲੁਧਿਆਣਾ) ਨੂੰ ਕੇਂਦਰੀ ਜੇਲ੍ਹ ਲਾਹੌਰ 'ਚ, 17 ਅਗਸਤ 1909 ਨੂੰ ਲੰਡਨ 'ਚ ਮਦਨ ਲਾਲ ਢੀਂਗਰਾ, ਰਾਮ ਕਿਸ਼ਨ ਵਿਸ਼ਵਾਸ਼ ਨੂੰ 4 ਅਗਸਤ 1931 ਨੂੰ ਅਲੀਪੁਰ ਜੇਲ੍ਹ (ਬੰਗਾਲ), ਪਿੰਡ ਪਿੱਥੋ (ਬਠਿੰਡਾ) ਦੇ ਕੂਕਾ ਲਹਿਰ ਦੇ ਯੋਧਿਆਂ ਨੂੰ 5 ਅਗਸਤ 1871 ਨੂੰ ਰਾਏਕੋਟ (ਲੁਧਿਆਣਾ) ਦੀ ਜੇਲ੍ਹ ਵਿੱਚ, ਬੱਬਰ ਕਰਤਾਰ ਸਿੰਘ ਕਿਰਤੀ ਚੱਕ ਕਲਾਂ (ਜਲੰਧਰ), ਬੱਬਰ ਅਕਾਲੀ ਦਲੇਰ ਸਿੰਘ ਮੰਢਾਲੀ (ਜਲੰਧਰ), ਖ਼ੁਦੀ ਰਾਮ ਬੋਸ ਨੂੰ 11 ਅਗਸਤ 1908 ਨੂੰ ਫਾਂਸੀ ਲਾਇਆ ਗਿਆ। ਕਰਨੈਲ ਸਿੰਘ ਈਸੜੂ ਦੀ 15 ਅਗਸਤ 1955 ਨੂੰ ਸ਼ਹਾਦਤ ਹੋਈ। 21 ਅਗਸਤ 1922 ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਦਾ ਆਰੰਭ ਹੋਇਆ। 23 ਅਗਸਤ 2002 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਜੰਗੀਰ ਸਿੰਘ ਜੋਗਾ ਦਾ ਵਿਛੋੜਾ ਹੋਇਆ।*


ਅਮੋਲਕ ਸਿੰਘ

9 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਅੰਦਰ ਇਤਿਹਾਸਕ ਅਤੇ ਵਿਲੱਖਣ ਜੋੜ-ਮੇਲ ਹੋ ਰਿਹੈ। ਚਿੰਤਨਸ਼ੀਲ ਮਿਲਣੀ ਦਾ ਇਹ ਮੇਲਾ, ਭੁੱਲੇ ਵਿਸਰੇ ਇਤਿਹਾਸ, ਵਿਰਾਸਤ ਅਤੇ ਸੱਭਿਆਚਾਰ ਦੇ ਗੌਰਵਮਈ ਪੰਨੇ ਸਾਹਮਣੇ ਲਿਆਏਗਾ। ਇਤਿਹਾਸ ਦੇ ਉਹ ਸਫ਼ੇ, ਜਿਨ੍ਹਾਂ ਤੋਂ ਅੱਖ ਚੁਰਾਉਣ ਕਾਰਨ ਅੱਜ ਪੰਜਾਬ ਨੂੰ ਹੀ ਨਹੀਂ, ਪੂਰੇ ਮੁਲਕ ਨੂੰ ਭਾਰੀ ਕੀਮਤ ਅਦਾ ਕਰਨੀ ਪੈ ਰਹੀ ਹੈ। ਇਹ ਚਿੰਤਨ ਮਿਲਣੀਆਂ ਹਰ ਮਹੀਨੇ ਨਿਰੰਤਰ ਹੋਣਗੀਆਂ। ਇਹਨਾਂ 'ਚ ਮਘਦੇ, ਭਖ਼ਦੇ ਮਸਲਿਆਂ ਅਤੇ ਇਤਿਹਾਸ ਦੇ ਅਣਫੋਲੇ, ਅਣਗੌਲੇ ਸਫ਼ਿਆਂ 'ਤੇ ਵਿਚਾਰਾਂ ਹੋਇਆ ਕਰਨਗੀਆਂ। ਇਹਨਾਂ ਮਿਲਣੀਆਂ ਦਾ ਇਸ ਵਰ੍ਹੇ ਸਿਖ਼ਰ ਹੋਏਗਾ; ਪਹਿਲੀ ਨਵੰਬਰ, ਮੇਲਾ ਗ਼ਦਰੀ ਬਾਬਿਆਂ ਦਾ।

ਜ਼ਿੰਦਗੀ ਦੇ ਵਿਸ਼ਾਲ ਕੈਨਵਸ 'ਤੇ ਆਪਣੇ ਰੰਗ ਦਿਖਾ ਰਹੇ ਅਜਿਹੇ ਅਨੇਕਾਂ ਸੁਆਲ ਨੇ, ਜੋ ਸੰਵੇਦਨਸ਼ੀਲ ਮਨਾਂ ਅੰਦਰ ਪਰਕਰਮਾ ਕਰਦੇ-ਕਰਦੇ ਬੁਝਣ, ਮੱਧਮ ਪੈਣ ਜਾਂ ਖ਼ੁਦਕੁਸ਼ੀਆਂ ਦਾ ਰਾਹ ਫੜਨ ਜਾ ਰਹੇ ਹਨ। ਅਜਿਹੀ ਸਥਿਤੀ ਨੂੰ ਸਾਡੇ ਇਤਿਹਾਸਕ ਅਤੀਤ ਦੀਆਂ ਅਮੀਰ ਕਦਰਾਂ-ਕੀਮਤਾਂ, ਵਰਤਮਾਨ ਅਤੇ ਭਵਿੱਖ ਦੀਆਂ ਚੁਣੌਤੀਆਂ ਸਰ ਕਰਨ ਦੇ ਉਚੇਰੇ ਕਾਰਜ ਵੱਲ ਸੇਧਤ ਕਰਨਾ ਲਾਜ਼ਮੀ ਹੈ, ਨਹੀਂ ਤਾਂ ਜ਼ਮੂਦ ਦੀ ਸਥਿਤੀ ਉਦਾਸੀ ਦੇ ਆਲਮ ਵਿੱਚ ਲੋਕਾਈ ਨੂੰ ਹੋਰ ਵੀ ਬੁਰੀ ਤਰ੍ਹਾਂ ਜਕੜ ਲਵੇਗੀ।

ਇਸ ਪ੍ਰਸੰਗ ਵਿੱਚ ਦੇਸ਼ ਭਗਤ ਯਾਦਗਾਰ ਹਾਲ ਅੰਦਰ 9 ਅਗਸਤ ਦੀ ਸੰਵੇਦਨਾ ਭਰੀ ਮਿਲਣੀ 'ਚ ਇਤਿਹਾਸ, ਸਾਹਿਤ ਅਤੇ ਸੱਭਿਆਚਾਰ, ਤਰਕਸ਼ੀਲ, ਵਿਗਿਆਨ ਅਤੇ ਜਮਹੂਰੀ ਲਹਿਰ ਨਾਲ ਜੁੜੇ ਹਿੱਸੇ ਅਗਸਤ ਮਹੀਨੇ ਦੀਆਂ ਸਾਕਾ ਵੱਲਾ ਪੁਲ ਸਮੇਤ ਸਮੂਹ ਇਤਿਹਾਸਕ ਘਟਨਾਵਾਂ ਦੇ ਹਵਾਲਿਆਂ ਨਾਲ ਅਜੋਕੇ ਸਮੇਂ ਦੀਆਂ ਮੂੰਹ ਅੱਡੀ ਖੜ੍ਹੀਆਂ ਤਿੱਖੀਆਂ ਚੁਣੌਤੀਆਂ ਉਪਰ ਚਰਚਾ ਕਰਕੇ, ਲੋਕਾਂ ਅੰਦਰ ਜ਼ਿੰਦਗੀ ਦੇ ਖੇੜੇ ਭਰੀ ਆਸ ਜਗਾਉਂਦੀ ਚੇਤਨਾ ਦਾ ਚਿਰਾਗ਼ ਜਗਦਾ ਰੱਖਣ ਦਾ ਸੁਹਿਰਦਤਾ ਭਰਿਆ ਯਤਨ ਹੋ ਰਿਹਾ ਹੈ।

ਮੁਲਕ ਦੀ ਆਜ਼ਾਦੀ ਲਈ ਲੜੇ ਸੰਗਰਾਮ ਅੰਦਰ ਵਿਲੱਖਣ ਇਨਕਲਾਬੀ ਪਹਿਚਾਣ ਰੱਖਦੀ ਗ਼ਦਰ ਪਾਰਟੀ ਦੇ ਅਨਮੋਲ ਹੀਰੇ ਜੋ ਅਗਸਤ ਮਹੀਨੇ ਸ਼ਹਾਦਤ ਦਾ ਜਾਮ ਪੀ ਗਏ, ਉਹਨਾਂ ਅਤੇ ਅਮਰੀਕੀ ਹਕੂਮਤ ਵੱਲੋਂ 6 ਅਤੇ 9 ਅਗਸਤ 1945 ਨੂੰ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉਪਰ ਪ੍ਰਮਾਣੂ ਬੰਬ ਧਮਾਕੇ ਕਰਕੇ ਲੱਖਾਂ ਲੋਕਾਂ ਨੂੰ ਪਲਾਂ-ਛਿਣਾਂ ਵਿੱਚ ਮੌਤ ਦੀ ਗੋਦ ਵਿੱਚ ਸਦਾ ਦੀ ਨੀਂਦ ਸੁਲਾ ਦੇਣ ਅਤੇ ਅਪੰਗ ਕਰਨ ਦੀ ਘਿਨੌਣੀ ਤ੍ਰਾਸਦੀ ਪਿੱਛੇ ਕੰਮ ਕਰਦੇ ਮਾਨਵ-ਦੋਖੀ ਅਤੇ ਧਾੜਵੀ ਮਨਸ਼ਿਆਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਹੋਏਗਾ।

ਅਗਸਤ ਮਹੀਨੇ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀਆਂ ਪੈੜਾਂ ਬੋਲਦੀਆਂ ਹਨ ਕਿ; 9 ਅਗਸਤ 1915 ਨੂੰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਤ ਆਤਮਾ ਸਿੰਘ ਠੱਠੀਖਾਰਾ, ਕਾਲ਼ਾ ਸਿੰਘ ਜਗਤਪੁਰ, ਚੰਨਣ ਸਿੰਘ ਬੂੜਚੰਦ ਅਤੇ ਹਰਨਾਮ ਸਿੰਘ ਠੱਠੀਖਾਰਾ ਨੂੰ ਵੱਲਾ ਪੁਲ ਸਾਜ਼ਿਸ਼ ਕੇਸ 'ਚ ਅਤੇ 12 ਅਗਸਤ 1915 ਨੂੰ ਗ਼ਦਰੀ ਬੰਤਾ ਸਿੰਘ ਸੰਘਵਾਲ (ਜਲੰਧਰ), ਬੂਟਾ ਸਿੰਘ ਅਕਾਲਗੜ੍ਹ (ਲੁਧਿਆਣਾ) ਨੂੰ ਕੇਂਦਰੀ ਜੇਲ੍ਹ ਲਾਹੌਰ 'ਚ, 17 ਅਗਸਤ 1909 ਨੂੰ ਲੰਡਨ 'ਚ ਮਦਨ ਲਾਲ ਢੀਂਗਰਾ, ਰਾਮ ਕਿਸ਼ਨ ਵਿਸ਼ਵਾਸ਼ ਨੂੰ 4 ਅਗਸਤ 1931 ਨੂੰ ਅਲੀਪੁਰ ਜੇਲ੍ਹ (ਬੰਗਾਲ), ਪਿੰਡ ਪਿੱਥੋ ਬਠਿੰਡਾ ਦੇ ਕੂਕਾ ਲਹਿਰ ਦੇ ਯੋਧਿਆਂ ਨੂੰ 5 ਅਗਸਤ 1871 ਨੂੰ ਰਾਏਕੋਟ (ਲੁਧਿਆਣਾ) ਦੀ ਜੇਲ੍ਹ ਵਿੱਚ, ਬੱਬਰ ਕਰਤਾਰ ਸਿੰਘ ਕਿਰਤੀ ਚੱਕ ਕਲਾਂ (ਜਲੰਧਰ), ਬੱਬਰ ਅਕਾਲੀ ਦਲੇਰ ਸਿੰਘ ਮੰਢਾਲੀ (ਜਲੰਧਰ), ਖ਼ੁਦੀ ਰਾਮ ਬੋਸ ਨੂੰ 11 ਅਗਸਤ 1908 ਨੂੰ ਫਾਂਸੀ ਲਾਇਆ ਗਿਆ। ਕਰਨੈਲ ਸਿੰਘ ਈਸੜੂ ਦੀ 15 ਅਗਸਤ 1955 ਨੂੰ ਸ਼ਹਾਦਤ ਹੋਈ। 21 ਅਗਸਤ 1922 ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਦਾ ਆਰੰਭ ਹੋਇਆ। 23 ਅਗਸਤ 2002 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਜੰਗੀਰ ਸਿੰਘ ਜੋਗਾ ਦਾ ਵਿਛੋੜਾ ਹੋਇਆ। ਇਹਨਾਂ ਸਭਨਾਂ ਦੇ ਵਿੱਚੀਂ ਗੁਜ਼ਰਦਿਆਂ ਚਿੰਤਨ ਮਿਲਣੀ ਇਹਨਾਂ ਦੇ ਅਜੋਕੇ ਸਮੇਂ ਪ੍ਰਸੰਗਕਤਾ ਉਭਾਰਨ ਲਈ ਸੰਵਾਦ ਰਚਾਏਗੀ।

ਇਹਨਾਂ ਇਤਿਹਾਸਕ ਘਟਨਾਵਾਂ, ਸ਼ਹਾਦਤਾਂ ਅਤੇ ਵਿੱਛੜੀਆਂ ਸ਼ਖਸੀਅਤਾਂ ਦੀ ਭੂਮਿਕਾ ਤੋਂ ਸਬਕ ਗ੍ਰਹਿਣ ਕਰਨ ਅਤੇ ਮੁਲਕ ਅੰਦਰ ਤਿੱਖੇ ਹੋਏ ਫ਼ਿਰਕੂ ਫਾਸ਼ੀ ਹੱਲਿਆਂ ਉਪਰ ਗੰਭੀਰਤਾ ਨਾਲ ਚਰਚਾ ਕਰਨ ਲਈ ਹੋ ਰਹੀ ਹੈ 9 ਅਗਸਤ ਦੀ ਇਤਿਹਾਸ ਦੇ ਰੂ-ਬ-ਰੂ ਮਿਲਣੀ। ਭਵਿੱਖ ਵਿੱਚ ਹਰ ਮਹੀਨੇ ਅਜਿਹੀਆਂ ਮਿਲਣੀਆਂ ਵਧੇਰੇ ਸਿਲਸਿਲੇਵਾਰ ਅਤੇ ਖਿੱਚ ਭਰਪੂਰ ਹੋਣਗੀਆਂ। ਇੱਕ ਤਰ੍ਹਾਂ ਗ਼ਦਰੀ ਬਾਬਿਆਂ ਦੇ ਮੇਲੇ ਵਾਂਗ ਇਹ ਹਰ ਮਹੀਨੇ 'ਵਿਚਾਰ ਚਰਚਾਵਾਂ ਦੀ ਮਿਲਣੀ' ਸਥਾਪਤ ਹੋਣ ਲੱਗੇ ਅਜਿਹਾ ਸੁਹਿਰਦ ਯਤਨ ਕਰਨਾ ਪੰਜਾਬ ਨੂੰ ਚੇਤਨਾ ਅਤੇ ਚਿੰਤਨ ਦੇ ਲੜ ਲਾਉਣਾ, ਖ਼ਾਸ ਕਰਕੇ ਪੰਜਾਬ ਦੀ ਜੁਆਨੀ ਨੂੰ ਮ੍ਰਿਗ ਤ੍ਰਿਸ਼ਨਾਵਾਂ, ਭਟਕਣਾਂ, ਕੁਰਾਹਿਆਂ 'ਚੋਂ ਬਚਾ ਕੇ, ਸਿਰਜਣਾਤਮਕ ਪ੍ਰਕਿਰਿਆ ਸੰਗ ਜੋੜਨ ਦਾ ਉੱਦਮ ਕਰਨ ਜਾ ਰਿਹਾ ਹੈ ਮਿਲਣੀ ਕਾਫ਼ਲਾ।

ਵਿਸ਼ੇਸ਼ ਕਰਕੇ ਪੰਜਾਬ ਦੇ ਅੰਬਰ 'ਤੇ ਲਟਕਦੇ ਤਿੱਖੜੇ ਸੁਆਲਾਂ ਸੰਬੰਧੀ ਹਰ ਮਹੀਨੇ ਵਿਚਾਰ ਚਿੰਤਨ ਲੜੀ ਹੋਏਗੀ। ਇਸ ਵਿੱਚ ਮੰਥਨ ਹੋਏਗਾ ਕਿ ਸਾਡੇ ਐਨੇ ਮਹਾਨ ਇਤਿਹਾਸ ਅਤੇ ਵਿਰਾਸਤ ਦੇ ਬਾਵਜੂਦ ਲੋਕ ਅਜੇ ਵੀ ਹਨੇਰਾ ਕਿਉਂ ਢੋਅ ਰਹੇ ਹਨ। ਲੋਕ ਹੋਰ ਕਿੰਨੀ ਦੇਰ ਅਜਿਹੀ ਘੁੰਮਣਘੇਰੀ ਵਿੱਚ ਹੀ ਘਿਰੇ ਰਹਿਣਗੇ। ਕੁਰਬਾਨੀਆਂ, ਸ਼ਹੀਦੀਆਂ, 'ਮਰਨੋਂ ਮੂਲ਼ ਨਾ ਡਰਨ ਵਾਲੇ, ਖਾੜਕੂ, ਸੀਸ ਤਲੀ 'ਤੇ ਧਰਨ ਵਾਲੇ, ਮੌਤ ਨੂੰ ਮਖੌਲਾਂ ਕਰਨ ਵਾਲੇ' ਵਰਗੀਆਂ ਵਡਿਆਈਆਂ ਸੁਣ ਕੇ ਗੈਰ-ਹਕੀਕੀ ਹਵਾਵਾਂ 'ਚ ਉੱਡਣ ਦੀ ਬਜਾਏ ਆਪਣੀ ਜ਼ਿੰਦਗੀ ਦੇ ਹਕੀਕੀ ਸੁਆਲਾਂ ਅਤੇ ਆਪਣੀ ਹਕੀਕੀ ਭੂਮਿਕਾ ਵੱਲ ਕਿਵੇਂ ਮੋੜਾ ਕੱਟਣਗੇ ਇਹ ਸੁਆਲਾਂ ਦਾ ਸੁਆਲ ਹੈ ਚਿੰਤਨ ਮਿਲਣੀਆਂ ਦੀਆਂ ਲੜੀਆਂ ਦੇ ਮੰਥਨ ਲਈ। ਵਿਅਕਤੀਗਤ ਨਾਇਕਪੁਣੇ ਤੋਂ ਉਪਰ ਉੱਠ ਕੇ ਗ਼ਦਰ ਪਾਰਟੀ ਅਤੇ ਉਸ ਤੋਂ ਅਗਲੀਆਂ ਇਤਿਹਾਸਕ ਲੜੀਆਂ ਦਾ ਸਹੀ ਪਰਿਪੇਖ ਵਿੱਚ ਸੰਤੁਲਤ ਮੁਲਅੰਕਣ ਕਰਨ ਦਾ ਚਿੰਤਨਸ਼ੀਲ ਸਿਲਸਿਲਾ ਸਾਰਥਕ ਰੂਪ 'ਚ ਸਾਹਮਣੇ ਆ ਸਕੇ ਤਾਂ ਇਹ ਮਾਣਯੋਗ ਕਾਰਜ ਹੋਏਗਾ। ਇਤਿਹਾਸਕ ਦਿਹਾੜੇ ਮਨਾਉਣ ਜਾਂ ਸੰਗਰਾਮੀਆਂ ਨੂੰ ਯਾਦ ਕਰਨ ਤੋਂ ਪਾਰ ਜਾਂਦਿਆਂ 'ਚਿੰਤਨ ਮਿਲਣੀਆਂ' ਦੀ ਰੁੱਤ ਦਾ ਖੇੜਾ ਆ ਸਕੇ। ਇਹ ਮਿਲਣੀਆਂ ਮੱਥੇ ਵੱਜਦੇ ਤਿੱਖੜੇ ਸੁਆਲਾਂ ਦਾ ਇਤਿਹਾਸ ਤੋਂ ਰੌਸ਼ਨੀ ਲੈਂਦਿਆਂ ਕੋਈ ਸਾਰਥਿਕ ਹੱਕ ਤਲਾਸ਼ਣ ਵਿੱਚ ਮਦਦਗਾਰ ਹੋਣ, ਇਸ ਫ਼ਿਕਰ ਦੀ ਬਾਂਹ ਫੜਨ ਦੇ ਕਾਬਲ ਹੋਣ ਅਜਿਹੇ ਸਕੂਲ ਦਾ ਕੰਮ ਕਰਨਗੀਆਂ ਸਾਡੇ ਸਮਿਆਂ 'ਚ ਲੋੜੀਂਦੀਆਂ ਇਹ ਚਿੰਤਨ ਮਿਲਣੀਆਂ।

*ਸੰਪਰਕ: 98778-68710*

# ਮੁੱਦੇ ਦੱਬਣ ਤੇ ਚੋਣਾਂ ਜਿੱਤਣ ਲਈ ਕਰਵਾਏ ਜਾ ਰਹੇ ਫਿਰਕੂ ਦੰਗੇ

ਜਦੋਂ ਤੋਂ ਵਿਰੋਧੀ ਪਾਰਟੀਆਂ ਨੇ ਭਾਜਪਾ ਨੂੰ ਸੱਤਾ ਤੋਂ ਉਖਾੜਨ ਵਾਸਤੇ ਇਕ ਮਜ਼ਬੂਤ ਗਠਜੋੜ ਬਣਾਉਣ ਲਈ ਕਵਾਇਦ ਸ਼ੁਰੂ ਕੀਤੀ ਹੈ ਅਤੇ ਇਸ ਦੀ ਪਹਿਲੀ ਮੀਟਿੰਗ ਪਟਨਾ 'ਚ ਅਤੇ ਦੂਜੀ ਮੀਟਿੰਗ ਬੰਗਲੌਰ ਵਿਖੇ ਕਰਕੇ ਗਠਜੋੜ ਦਾ ਨਾਂਅ ਇੰਡੀਆ (ਇੰਡੀਅਨ ਨੈਸ਼ਨਲ ਡਿਵੈੱਲਪਮੈਂਟ ਇਨਕਲੂਸਿਵ ਅਲਾਇੰਸ) ਰੱਖਿਆ ਹੈ। ਉਸ ਦਿਨ ਤੋਂ ਹੀ ਭਾਜਪਾ ਖਾਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਨੀਂਦ ਹਰਾਮ ਹੋਈ ਪਈ ਹੈ। ਦੂਜੇ ਪਾਸੇ ਮਾਨਯੋਗ ਸੁਪਰੀਮ ਕੋਰਟ ਦੇ ਬੇਹੱਦ ਇਮਾਨਦਾਰ ਮੁੱਖ ਜੱਜ ਸ੍ਰੀ ਚੰਦਰਚੂੜ ਸਾਹਿਬ ਨੇ ਮੋਦੀ-ਸ਼ਾਹ ਨੂੰ ਸੰਵਿਧਾਨ ਦਾ ਸ਼ੀਸ਼ਾ ਦਿਖਾ-ਦਿਖਾ ਕੇ ਨੱਕ ਵਿਚ ਦਮ ਕੀਤਾ ਹੋਇਆ ਹੈ। ਤੀਜੇ ਪਾਸੇ ਕਰਨਾਟਕ, ਹਿਮਾਚਲ ਵਿਚ ਹੋਈ ਕਰਾਰੀ ਹਾਰ ਅਤੇ ਸਿਰ ਖੜ੍ਹੀਆਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤਿਲੰਗਾਨਾ ਵਿਧਾਨ ਸਭਾ ਚੋਣਾਂ ਦੀ ਫਿਕਰਮੰਦੀ ਅਤੇ ਚੌਥੇ ਪਾਸੇ ਨੇੜੇ ਆ ਰਹੀਆਂ 2024 ਦੀਆਂ ਲੋਕ ਸਭਾ ਚੋਣਾਂ ਨੇ ਚੁਫੇਰੇ ਘੇਰਾ ਪਾ ਰੱਖਿਆ ਹੈ। ਅਜਿਹੀ ਭਿਆਨਕ ਸਥਿਤੀ ਵਿੱਚੋਂ ਕਿਵੇਂ ਬਾਹਰ ਨਿਕਲਿਆ ਜਾਵੇ, ਇਸ ਗੁਜਰਾਤ ਜੁੰਡਲੀ ਨੂੰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ, ਕਿਉਂਕਿ 2014 ਦੀ ਚੋਣ ਤਾਂ ਦੇਸ਼ ਵਿੱਚ ਉੱਠੀ ਕਾਂਗਰਸ ਸਰਕਾਰ ਦੀਆਂ ਕੁਝ ਅਸਫਲਤਾਵਾਂ ਵਿਰੁੱਧ ਲਹਿਰ ਨੂੰ ਵਰਤ ਲੋਕ ਲੁਭਾਊ ਨਾਹਰੇ (ਜੁਮਲੇ) ਜਿਵੇਂ ਕਿ ਅੱਛੇ ਦਿਨ, ਕਾਲਾ ਧਨ ਵਾਪਸ ਲਿਆ ਕੇ ਹਰੇਕ ਦੇ ਖਾਤੇ ਵਿੱਚ 15 ਲੱਖ ਰੁਪਏ, ਹਰ ਸਾਲ ਢਾਈ ਕਰੋੜ ਨੌਕਰੀ, ਕਿਸਾਨਾਂ ਦੀ ਆਮਦਨ ਦੁੱਗਣੀ ਆਦਿ ਪਰੋਸ ਕੇ ਅਤੇ ਫਿਰ 2019 ਦੀ ਚੋਣ ਪੁਲਵਾਮਾ ਹਮਲੇ 'ਚ ਸ਼ਹੀਦ ਹੋਏ (ਜਾਂ ਕਰਵਾਏ ਗਏ, ਜਿਸ ਦਾ ਪਰਦਾ ਫਾਸ਼ ਖੁਦ ਜੰਮੂ ਕਸ਼ਮੀਰ ਦੇ ਰਾਜਪਾਲ ਸੱਤਪਾਲ ਮਲਿਕ ਕਰ ਰਹੇ ਹਨ) ਫੌਜੀ ਜਵਾਨਾਂ ਦੀ ਕੁਰਬਾਨੀ ਦੇ 'ਤੇ ਨਾਂਅ ਵੋਟਾਂ ਵਟੋਰ ਕੇ ਸੱਤਾ 'ਤੇ ਕਾਬਜ਼ ਹੋਈ ਹਾਕਮ ਧਿਰ ਨੂੰ ਹਰੇਕ ਖੇਤਰ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਣ ਤੋਂ ਬਾਅਦ ਨਹੀਂ ਔਹੜ ਰਿਹਾ ਕਿ ਇਸ ਵਾਰ ਅਜਿਹਾ ਕਿਹੜਾ ਡਰਾਮਾ ਖੇਡਿਆ ਜਾਵੇ, ਜਿਸ ਨਾਲ ਤੀਜੀ ਵਾਰ ਵੀ ਹਕੂਮਤ ਦਾ ਅਨੰਦ ਮਾਣਿਆ ਜਾਵੇ। ਭਾਜਪਾ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪਿਛਲੀ ਵਾਰ 37 ਫੀਸਦੀ ਵੋਟਾਂ ਲੈ ਕੇ ਵੀ ਬਹੁਤ ਅਸਾਨੀ ਨਾਲ ਸੱਤਾ ਹਾਸਲ ਕਰ ਲਈ ਸੀ, ਕਿਉਂਕਿ ਉਸ ਵਕਤ 63 ਫੀਸਦੀ ਵੋਟਾਂ ਲੈਣ ਵਾਲੀਆਂ ਵਿਰੋਧੀ ਪਾਰਟੀਆਂ ਅਲੱਗ-ਥਲੱਗ ਹੋਈਆਂ ਸਨ, ਪਰ ਇਸ ਵਕਤ ਉਹ ਮਜ਼ਬੂਤੀ ਨਾਲ ਏਕਤਾ ਕਰਕੇ 300 ਦੇ ਕਰੀਬ ਹਲਕਿਆਂ ਵਿੱਚ ਇੱਕ ਦੇ ਮੁਕਾਬਲੇ ਇੱਕ ਉਮੀਦਵਾਰ ਦੇਣ ਲਈ ਯੋਜਨਾ ਤਿਆਰ ਕਰ ਰਹੀਆਂ ਹਨ, ਜਿਸ ਕਾਰਨ ਭਾਜਪਾ ਨੂੰ ਕਰਾਰੀ ਹਾਰ ਦਾ ਡਰ ਸਤਾ ਰਿਹਾ ਹੈ ਅਤੇ ਵਿਰੋਧੀ ਪਾਰਟੀਆਂ ਦੀ ਦਿਨੋ-ਦਿਨ ਵਧ ਰਹੀ ਤਾਕਤ, ਲੋਕ ਮੁੱਦਿਆਂ 'ਤੇ ਗੰਭੀਰ ਲਾਮਬੰਦੀ ਅਤੇ ਮੋਦੀ ਸਰਕਾਰ ਦੇ ਨਕਾਰਾ ਅਤੇ ਫੇਲ੍ਹ ਹੋ ਚੁੱਕੇ 10 ਸਾਲ ਦੇ ਤਾਨਾਸ਼ਾਹੀ ਕਾਰਜਕਾਲ ਨੂੰ ਲੋਕਾਂ ਵਿੱਚ ਨੰਗਿਆਂ ਕਰਨ ਲਈ ਉਲੀਕੀ ਜਾ ਰਹੀ ਰਣਨੀਤੀ ਨੂੰ ਦੇਖਦੇ ਹੋਏ ਆਰ ਐੱਸ ਐੱਸ ਤੇ ਭਾਜਪਾ ਜੁੰਡਲੀ ਜਾਂਚ ਏਜੰਸੀਆਂ (ਈਡੀ, ਸੀਡੀ, ਸੀ ਬੀ ਆਈ, ਆਈ ਟੀ) ਦੀ ਵਿਰੋਧੀ ਪਾਰਟੀਆਂ ਖਿਲਾਫ ਖੁੱਲ੍ਹੀ ਦੁਰਵਰਤੋਂ ਕਰਨ ਉਪਰੰਤ ਹੁਣ ਅੰਦਰਖਾਤੇ ਚੋਣਾਂ ਤੋਂ ਪਹਿਲਾਂ ਹੌਲੀ-ਹੌਲੀ ਪੂਰੇ ਦੇਸ਼ ਵਿਚ ਫਿਰਕੂ ਹਿੰਸਾ ਭੜਕਾਉਣ ਦੇ ਆਪਣੇ ਆਖਰੀ ਹਥਿਆਰ ਚਲਾਉਣ ਲਈ ਘਿਨਾਉਣੇ ਮਨਸੂਬੇ ਤਿਆਰ ਕਰ ਰਹੀ ਹੈ। ਜਿਸ ਦੇ ਪ੍ਰਤੱਖ ਸਬੂਤ ਮਨੀਪੁਰ, ਹਰਿਆਣਾ, ਯੂਪੀ ਅਤੇ ਮਹਾਰਾਸ਼ਟਰ ਵਿੱਚ ਦਿਖਾਈ ਦੇਣ ਲੱਗ ਪਏ ਹਨ। ਲੱਗ ਰਿਹਾ ਹੈ ਕਿ ਭਾਜਪਾ ਕੋਲ ਹੁਣ ਇੰਡੀਆ ਗਠਜੋੜ ਦਾ ਮੁਕਾਬਲਾ ਕਰਨ ਵਾਸਤੇ ਇੰਡੀਆ ਨੂੰ ਫਿਰਕੂ ਅੱਗ ਦੀ ਭੱਠੀ ਵਿੱਚ ਝੋਕਣ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਬਚਿਆ, ਜਿਸ ਦਾ ਆਗਾਜ਼ ਕੀਤਾ ਜਾ ਚੁੱਕਾ ਹੈ।


ਦਵਿੰਦਰ ਹੀਉਂ (ਬੰਗਾ)

ਇਸ ਭਿਆਨਕ ਤਬਾਹੀ ਤੋਂ ਦੇਸ਼ ਨੂੰ ਬਚਾਉਣ ਲਈ ਹੁਣ ਇੰਡੀਆ ਗਠਜੋੜ ਦੀ ਜ਼ਿੰਮੇਵਾਰੀ ਹੋਰ ਵੀ ਬਹੁਤ ਵਧ ਗਈ ਹੈ ਕਿ ਉਹ ਹੁਣ ਭਾਰਤ ਦੇ ਕੋਨੇ-ਕੋਨੇ ਵਿੱਚ ਪਹੁੰਚ ਕਰਕੇ ਲੋਕਾਂ ਨੂੰ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਨੂੰ ਰਾਜਨੀਤਕ ਚੇਤਨਾ ਪ੍ਰਦਾਨ ਕਰਨ ਲਈ ਸਰਗਰਮੀਆਂ ਨੂੰ ਤੇਜ਼ ਕਰਨ ਤਾਂ ਜੋ ਭਾਜਪਾ ਦੇ ਸਿਰਫ ਚੋਣਾਂ ਜਿੱਤਣ ਲਈ ਦੇਸ਼ ਨੂੰ ਤਬਾਹ ਅਤੇ ਬਰਬਾਦ ਕਰਨ ਦੇ ਖਤਰਨਾਕ ਇਰਾਦਿਆਂ ਨੂੰ ਤਹਿਸ-ਨਹਿਸ ਕਰਦਿਆਂ ਮਹਾਨ ਭਾਰਤ ਨੂੰ ਉਜੜਨ ਤੋਂ ਬਚਾਇਆ ਜਾ ਸਕੇ। ਆਸ ਕਰਦੇ ਹਾਂ ਭਾਰਤ ਦੇ ਅਮਨ-ਪਸੰਦ ਲੋਕ ਇਸ ਨਾਜ਼ੁਕ ਹਲਾਤਾਂ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਅਤੇ ਫਿਰਕਾਪ੍ਰਸਤੀ ਦੀ ਜੜ੍ਹ ਪੁੱਟਦੇ ਹੋਏ ਇਸ ਬਿਮਾਰੀ ਦੀ ਜਨਮਦਾਤਾ ਆਰ ਐੱਸ ਐੱਸ ਅਤੇ ਭਾਜਪਾ ਨੂੰ ਕਰਾਰੀ ਹਾਰ ਦਿੰਦੇ ਹੋਏ ਇੰਡੀਆ ਗਠਬੰਧਨ ਅਤੇ ਇੰਡੀਆ ਦੀ ਜਿੱਤ ਜਿਸ ਵਿੱਚ ਸਾਡੇ ਬੱਚਿਆਂ ਦੇ ਸੁਨਹਿਰੀ ਭਵਿੱਖ, ਜਨਤੰਤਰ - ਗਣਰਾਜ ਅਤੇ ਪਵਿੱਤਰ ਸੰਵਿਧਾਨ ਦੀ ਜਿੱਤ ਹੈ, ਨੂੰ ਪੂਰਨ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦੇਣਗੇ।

ਉਮੀਦ ਹੈ ਕਿ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਗਠਜੋੜ ਤੋਂ ਬਾਹਰ ਘੁੰਮ ਰਹੀਆਂ ਵਿਰੋਧੀ ਪਾਰਟੀਆਂ ਜਿਸ ਵਿਚ ਮੁੱਖ ਤੌਰ 'ਤੇ ਬਸਪਾ, ਬੀਜੂ ਜਨਤਾ ਦਲ, ਤੇਲਗੂ ਦੇਸ਼ਮ ਪਾਰਟੀ, ਅਨੈਲੋ, ਸਮਾਜਵਾਦੀ ਜਨਤਾ ਦਲ ਤੇ ਬੀ ਐੱਸ ਆਰ ਆਦਿ ਪਾਰਟੀਆਂ ਵੀ ਇੰਡੀਆ ਗਠਜੋੜ ਦਾ ਹਿੱਸਾ ਬਣ ਕੇ ਇੱਕ ਅਗਾਂਹਵਧੂ ਬਦਲ ਲਿਆ ਕੇ ਇੱਕ ਬਿਹਤਰੀਨ ਤੇ ਸੁਰੱਖਿਅਤ ਭਾਰਤ ਦਾ ਨਿਰਮਾਣ ਕਰਨ ਲਈ ਲੋਕ ਲਹਿਰ ਦੀ ਉਸਾਰੀ ਕਰਨਗੀਆਂ।

**# ਸੰਪਰਕ : 0039 3203459870**

# ਆਪਣੇ ਧੀਆਂ-ਪੁੱਤ ਬਚਾਅ ਲਓ ਨਸ਼ਿਆਂ ਦੀ ਮਾਰ ਤੋਂ

ਅੱਜ ਪੰਜਾਬ ਦੀ ਜਵਾਨੀ ਕਿੱਧਰ ਨੂੰ ਜਾ ਰਹੀ ਹੈ? ਕੀ ਇਹਨਾਂ ਨੂੰ ਕੋਈ ਨਹੀਂ ਸਿੱਧੇ ਰਾਹ ਪਾ ਸਕਦਾ? ਕੀ ਪੰਜਾਬ ਦੇ ਨੌਜਵਾਨ ਦਿਸ਼ਾਹੀਣ ਹੋ ਚੁੱਕੇ ਹਨ? ਆਖਿਰ ਕੌਣ ਜ਼ਿੰਮੇਵਾਰ ਹੈ ਇਸ ਸਭ ਦਾ? ਜੀ ਹਾਂ ਇੱਥੇ ਗੱਲ ਦੱਸਣਯੋਗ ਹੈ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਨੇ ਖਾ ਲਈ ਹੈ। ਅੱਜ ਪੰਜਾਬ ਵਿੱਚ ਜੋ ਹਾਲਾਤ ਬਣੇ ਹੋਏ ਹਨ, ਉਹ ਕਿਸੇ ਤੋਂ ਵੀ ਲੁਕੇ ਨਹੀਂ ਹਨ। ਪੰਜਾਬ ਨੂੰ ਨਸ਼ਿਆਂ ਦੇ ਦੈਂਤ ਨੇ ਖਾ ਲਿਆ ਹੈ। ਕਈ ਮਾਵਾਂ ਦੇ ਪੁੱਤ ਤੇ ਕਈ ਭੈਣਾਂ ਦੇ ਵੀਰ ਇਸ ਨਸ਼ੇ ਰੂਪੀ ਦੈਂਤ ਨੇ ਮੌਤ ਦੇ ਮੂੰਹ ਵਿੱਚ ਧੱਕ ਦਿੱਤੇ ਹਨ। ਸ਼ੁਰੂ-ਸ਼ੁਰੂ ਵਿੱਚ ਕਈ ਨੌਜਵਾਨ ਇਸ ਨੂੰ ਮਜ਼ਾਕ ਵਿੱਚ ਲੈਂਦੇ ਹਨ, ਪਰੰਤੂ ਹੌਲੀ-ਹੌਲੀ ਇਹ ਨਸ਼ਾ ਉਨ੍ਹਾਂ ਦੀ ਅਜਿਹੀ ਆਦਤ ਬਣ ਜਾਂਦਾ ਹੈ, ਜਿਸ ਨੂੰ ਉਹ ਚਾਹ ਕੇ ਵੀ ਛੱਡ ਨਹੀਂ ਪਾਉਂਦੇ। ਇਹ ਨਸ਼ਾ ਉਹਨਾਂ ਦੀ ਜ਼ਿੰਦਗੀ ਤਬਾਹ ਕਰ ਦਿੰਦਾ ਹੈ। ਅੱਜ ਅਸੀਂ ਇਸ ਨਸ਼ੇ ਲਈ ਨੌਜਵਾਨਾਂ ਨੂੰ ਕੋਸਦੇ ਹਾਂ, ਪਰ ਅਸੀਂ ਕਦੀ ਇਹ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਅੱਜ ਦੇ ਨੌਜਵਾਨ ਇਸ ਨਸ਼ੇ ਦੀ ਦਲਦਲ ਵਿੱਚ ਕਿਉਂ ਧੱਸਦੇ ਜਾ ਰਹੇ ਹਨ। ਇਸ ਦੇ ਜ਼ਿੰਮੇਵਾਰ ਉਹ ਇਕੱਲੇ ਨਹੀਂ ਹਨ, ਇਸ ਵਿੱਚ ਮਾਪੇ, ਸਕੂਲ, ਕਾਲਜ, ਸਮਾਜ ਤੇ ਸਰਕਾਰ ਸਭ ਜ਼ਿੰਮੇਵਾਰ ਹਨ। ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਠੀਕ, ਗਲਤ ਬਾਰੇ ਢੁਕਵੇਂ ਢੰਗ ਨਾਲ ਦੱਸ ਹੀ ਨਹੀਂ ਸਕੇ। ਅੱਜ ਹਰ ਵਰਗ ਦੇ ਮਾਪੇ ਆਪਣੇ ਹੀ ਕੰਮਾਂ ਵਿੱਚ ਮਸਰੂਫ ਹਨ, ਆਪਣੇ ਬੱਚਿਆਂ ਵੱਲ ਧਿਆਨ ਦੇਣ ਦਾ ਸਮਾਂ ਹੀ ਨਹੀਂ ਹੈ ਮਾਪਿਆਂ ਕੋਲ। ਗਰੀਬ ਪਰਵਾਰਾਂ ਦੇ ਮਾਪੇ ਘਰਾਂ ਦੀਆਂ ਮੁਢਲੀਆਂ ਜ਼ਰੂਰਤਾਂ ਹੀ ਨਹੀਂ ਪੂਰੀਆਂ ਕਰ ਪਾ ਰਹੇ ਹਨ। ਮੱਧ ਵਰਗੀ ਤੇ ਅਮੀਰ ਪਰਵਾਰਾਂ ਦੇ ਮਾਪੇ ਬੱਚਿਆਂ ਨੂੰ ਸਹੂਲਤਾਂ ਤਾਂ ਦੇ ਦਿੰਦੇ ਹਨ, ਪਰ ਉਨ੍ਹਾਂ ਕੋਲ ਇਹ ਦੇਖਣ ਦੀ ਵਿਹਲ ਨਹੀਂ ਹੈ ਕਿ ਸਾਡੇ ਬੱਚੇ ਇਨ੍ਹਾਂ ਸਹੂਲਤਾਂ ਨੂੰ ਸਹੀ ਢੰਗ ਨਾਲ ਵਰਤ ਵੀ ਰਹੇ ਹਨ ਜਾਂ ਨਹੀਂ। ਅੱਜਕੱਲ੍ਹ ਮਾਪਿਆਂ ਦੇ ਜ਼ੋਰ ਕਾਰਨ ਅਤੇ ਪੜ੍ਹਾਈ ਵਿੱਚ ਮੁਕਾਬਲੇਬਾਜ਼ੀ ਵਧਣ ਕਾਰਨ ਬੱਚੇ ਤਣਾਅ ਵਿੱਚ ਰਹਿਣ ਲੱਗ ਪਏ ਹਨ। ਜਦੋਂ ਤੱਕ ਮਾਪਿਆਂ ਨੂੰ ਇਸ ਬਾਰੇ ਪਤਾ ਲੱਗਦਾ ਹੈ, ਤਦ ਤੱਕ ਬਹੁਤ ਦੇਰ ਹੋ ਜਾਂਦੀ ਹੈ। ਗਰੀਬ ਪਰਵਾਰਾਂ ਦੇ ਬੱਚੇ ਜਾਂ ਤਾਂ ਆਰਥਿਕ ਤੰਗੀ ਕਰਕੇ ਪੜ੍ਹਾਈ ਪੂਰੀ ਨਹੀਂ ਕਰਦੇ ਜਾਂ ਫਿਰ ਪੜ੍ਹਾਈ ਪੂਰੀ ਕਰਨ ਮਗਰੋਂ ਰੁਜ਼ਗਾਰ ਨਾ ਮਿਲਣ ਕਾਰਨ ਨਿਰਾਸ਼ਾ ਦੇ ਆਲਮ ਵਿਚ ਚਲੇ ਜਾਂਦੇ ਹਨ। ਨਤੀਜੇ ਵਜੋਂ ਉਹ ਨਸ਼ੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦੇ ਹਨ। ਅਮੀਰ ਪਰਵਾਰਾਂ ਦੇ ਨੌਜਵਾਨ ਬੱਚੇ, ਗਲਤ ਦੋਸਤਾਂ ਦੀ ਸੰਗਤ ਕਾਰਨ ਇਹ ਨਸ਼ਾ ਸ਼ੌਕ ਵਿੱਚ ਲੈਣਾ ਸ਼ੁਰੂ ਕਰ ਦਿੰਦੇ ਹਨ। ਨਸ਼ੇ ਦੇ ਸੁਦਾਗਰ ਵੀ ਸਕੂਲਾਂ, ਕਾਲਜਾਂ ਵਿੱਚ ਇਨ੍ਹਾਂ ਭੋਲੇ-ਭਾਲੇ ਨੌਜਵਾਨਾਂ ਨੂੰ ਆਪਣਾ ਸ਼ਿਕਾਰ ਬਣਾਉਣ ਵਿੱਚ ਸਫਲ ਹੋ ਜਾਂਦੇ ਹਨ। ਇਹ ਨਸ਼ੇ ਦੇ ਸੌਦਾਗਰ ਭ੍ਰਿਸ਼ਟ ਅਫਸਰਾਂ ਨਾਲ ਮਿਲ ਕੇ ਪੰਜਾਬ ਦੀ ਜਵਾਨੀ ਨੂੰ ਨਸ਼ੇ ਦੀ ਦਲਦਲ ਵਿੱਚ ਧੱਕ ਰਹੇ ਹਨ। ਸਰਕਾਰਾਂ ਵੀ ਇਹਨਾਂ ਨਸ਼ੇ ਦੇ ਕਾਰੋਬਾਰਾਂ ਨੂੰ ਠੱਲ੍ਹ ਪਾਉਣ ਵਿੱਚ ਕਾਮਯਾਬ ਨਹੀਂ ਹੋ ਰਹੀਆਂ ਹਨ। ਅੱਜ ਦੇ ਸਮੇਂ ਦੀ ਲੋੜ ਹੈ ਕਿ ਅਸੀਂ ਆਪਣੀ ਨੌਜਵਾਨੀ ਨੂੰ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕਿਵੇਂ ਕੱਢਣਾ ਹੈ? ਸਾਨੂੰ ਆਪਣੇ ਬੱਚਿਆਂ ਨੂੰ ਚੰਗੇ ਦੋਸਤ ਬਣਾਉਣ ਵਿੱਚ ਯੋਗ ਅਗਵਾਈ ਕਰਨੀ ਚਾਹੀਦੀ ਹੈ ਅਤੇ ਆਪਣੇ ਬੱਚਿਆਂ ਨੂੰ ਸਮਾਂ ਦੇਣਾ ਚਾਹੀਦਾ ਹੈ। ਬੱਚਿਆਂ 'ਤੇ ਪੜ੍ਹਾਈ ਦਾ ਬੋਝ ਲੱਦਣ ਦੀ ਬਜਾਏ ਉਨ੍ਹਾਂ ਦੀ ਸੋਚ ਅਨੁਸਾਰ ਜਿਸ ਵੀ ਵਿਸ਼ੇ ਨੂੰ ਚੁਣਨਾ ਚਾਹੁੰਦੇ ਹਨ, ਮਦਦ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਨੌਕਰੀ ਨਾ ਮਿਲਣ ਦੀ ਸੂਰਤ ਵਿੱਚ ਸਵੈ ਰੁਜ਼ਗਾਰ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਸਕੂਲਾਂ-ਕਾਲਜਾਂ ਦੇ ਸਿਲੇਬਸ ਵਿੱਚ ਨਸ਼ਿਆਂ ਦੇ ਬੁਰੇ ਪ੍ਰਭਾਵ ਬਾਰੇ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਨੌਜਵਾਨਾਂ ਨੂੰ ਕਿਤਾਬੀ ਕੀੜੇ ਬਣਾਉਣ ਦੀ ਬਜਾਏ ਦੇਸ਼ ਦੇ ਚੰਗੇ ਨਾਗਰਿਕ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ ਸਿੱਖਿਆ ਸੰਸਥਾਵਾਂ ਵਿੱਚ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਕਿ ਨਸ਼ੇ ਦੇ ਸੁਦਾਗਰ ਆਪਣਾ ਨਸ਼ਾ ਨਾ ਵੇਚ ਸਕਣ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਿਆ ਜਾ ਸਕਦਾ ਹੈ। ਨੌਜਵਾਨਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ ਲਈ ਸਿੱਖਿਆਦਾਇਕ ਨਾਟਕ ਪਿੰਡਾਂ ਅਤੇ ਸ਼ਹਿਰਾਂ ਵਿੱਚ ਦਿਖਾਉਣੇ ਚਾਹੀਦੇ ਹਨ। ਗਾਇਕਾਂ ਅਤੇ ਗੀਤਕਾਰਾਂ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਗੀਤ ਨਾ ਗਾਏ ਅਤੇ ਲਿਖੇ ਜਾਣ, ਜੋ ਨਸ਼ਿਆਂ ਨੂੰ ਅਤੇ ਲੜਾਈ-ਝਗੜੇ ਨੂੰ ਪ੍ਰੇਰਿਤ ਕਰਦੇ ਹੋਣ।


ਜਗਜੀਤ ਸਿੰਘ ਖਸ



ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਪਿੰਡਾਂ ਸ਼ਹਿਰਾਂ ਵਿੱਚ ਵੱਧ ਤੋਂ ਵੱਧ ਸਿਖਲਾਈ ਕੇਂਦਰ ਖੋਲ੍ਹੇ ਜਾਣ, ਰੁਜ਼ਗਾਰ ਦਿੱਤੇ ਜਾਣ ਤਾਂ ਜੋ ਉਹ ਨਸ਼ਿਆਂ ਵੱਲ ਆਪਣਾ ਧਿਆਨ ਨਾ ਲਗਾ ਸਕਣ। ਸਾਡੀ ਨੌਜਵਾਨੀ ਦੇ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਸਾਧਨ ਮੁਹੱਈਆ ਕੀਤੇ ਜਾਣ, ਜਿਸ ਨਾਲ ਉਹ ਕਿਸੇ ਆਹਰ ਵਿੱਚ ਲੱਗੇ ਹੋਏ ਹੋਣ ਤਾਂ ਜੋ ਨਸ਼ਿਆਂ ਵੱਲ ਧਿਆਨ ਨਾ ਦੇਣ। ਆਓ ਅਸੀਂ ਅੱਜ ਇਸ ਗੱਲ ਦਾ ਪ੍ਰਣ ਕਰੀਏ ਤੇ ਅਜਿਹਾ ਸਮਾਜ ਸਿਰਜੀਏ, ਜਿਸ ਵਿੱਚ ਨਸ਼ਿਆਂ ਲਈ ਕੋਈ ਥਾਂ ਨਾ ਹੋਵੇ। ਸਾਡੀ ਇਹ ਨੌਜਵਾਨ ਪੀੜ੍ਹੀ ਨਸ਼ੇ ਦੇ ਜਾਲ ਤੋਂ ਅਜ਼ਾਦ ਹੋਵੇ ਅਤੇ ਪੰਜਾਬ ਦੀ ਨੌਜਵਾਨੀ ਸਿਹਤਮੰਦ ਅਤੇ ਸੁਖੀ ਜੀਵਨ ਬਤੀਤ ਕਰ ਸਕੇ। ਹਰ ਘਰ ਵਿੱਚ ਖੁਸ਼ੀ ਅਤੇ ਖੁਸ਼ਹਾਲੀ ਹੋਵੇ ਅਤੇ ਸਾਡਾ ਇਹ ਪੰਜਾਬ ਰੰਗਲਾ ਪੰਜਾਬ ਬਣ ਸਕੇ।

*# ਸੰਪਰਕ:95929-19231*

# ਮਨੀਪੁਰ 'ਚ ਵਾਪਰੀਆਂ ਘਟਨਾਵਾਂ ਵਿਰੁੱਧ ਜਥੇਬੰਦੀਆਂ ਵੱਲੋਂ ਰੋਸ ਮਾਰਚ

## ਮਨੀਪੁਰ ਨੂੰ ਬਲਦੀ ਅੱਗ 'ਚ ਧੱਕਣ ਲਈ ਕੇਂਦਰ ਜ਼ਿੰਮੇਵਾਰ : ਭੁਪਾਲ



ਇਕੱਠ ਨੂੰ ਸੰਬੋਧਨ ਕਰਦੇ ਹੋਏ ਸਵਰਨਜੀਤ ਸਿੰਘ।

**ਸ਼ੇਰਪੁਰ (ਸੁਖਦੇਵ ਧੂਰੀ)**-ਇਨਸਾਨੀਅਤ ਨੂੰ ਸ਼ਰਮਸ਼ਾਰ ਕਰ ਦੇਣ ਵਾਲੀਆਂ ਮਨੀਪੁਰ ਦੀਆਂ ਘਟਨਾਵਾਂ ਵਿਰੁੱਧ ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਦੇ ਪ੍ਰਧਾਨ ਸੰਦੀਪ ਸਿੰਘ ਦੇ ਸੱਦੇ 'ਤੇ ਤਕਰੀਬਨ ਇੱਕ ਦਰਜਨ ਜਥੇਬੰਦੀਆਂ ਨੇ ਸ਼ੇਰਪੁਰ 'ਚ ਰੋਸ ਮਾਰਚ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਲੋਕ ਲਹਿਰ ਦੇ ਕੇਂਦਰੀ ਕਮੇਟੀ ਆਗੂ ਸੁਖਦੇਵ ਭੁਪਾਲ ਨੇ ਮਨੀਪੁਰ ਔਰਤਾਂ 'ਤੇ ਜਬਰ ਜ਼ੁਲਮ ਤੇ ਹੋਰ ਘਟਨਾਵਾਂ ਨੂੰ ਮਹਿਜ਼ ਇਤਫ਼ਾਕ ਨਾ ਹੋ ਕੇ ਸਗੋਂ ਇੱਕ ਸਾਜ਼ਿਸ਼ ਤਹਿਤ ਵਾਪਰੀਆਂ ਘਟਨਾਵਾਂ ਦੱਸਿਆ ਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਸੂਬੇ ਨੂੰ ਬਲਦੀ ਅੱਗ 'ਚ ਧੱਕਣ ਲਈ ਸਿੱਧਾ ਤੇ ਸਪੱਸ਼ਟ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਗੁਰਦੁਆਰਾ ਅਕਾਲ ਪ੍ਰਕਾਸ਼ ਸ਼ੇਰਪੁਰ ਤੋਂ ਸ਼ੁਰੂ ਹੋਇਆ ਰੋਸ ਮਾਰਚ ਬੜੀ ਰੋਡ ਬੱਸ ਸਟੈਂਡ, ਗਰੇਵਾਲ ਪੱਤੀ, ਰਵਿਦਾਸ ਪੱਤੀ, ਢੰਡਾ ਪੱਤੀ, ਥਿੰਦ ਪੱਤੀ, ਮੇਨ ਬਜ਼ਾਰ, ਕਾਤਰੋਂ ਚੌਂਕ ਹੋ ਕੇ ਬੀਡੀਪੀਓ ਦਫ਼ਤਰ ਅੱਗੇ ਸਮਾਪਤ ਹੋਇਆ। ਵੱਖ-ਵੱਖ ਪੜਾਵਾਂ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਸਵਰਨਜੀਤ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਹਰਦਮ ਸਿੰਘ ਰਾਜੋਮਾਜਰਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜ਼ੋਨ ਪ੍ਰਧਾਨ ਪਰਮਜੀਤ ਕੌਰ ਲੌਂਗੋਵਾਲ, ਕਾਮਰੇਡ ਹਰਗੋਬਿੰਦ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਦੇ ਬੇਅੰਤ ਸਿੰਘ ਸ਼ੇਰਪੁਰ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਜਸਮੇਲ ਬੜੀ, ਬੀਐੱਸਪੀ ਦੇ ਮੇਜਰ ਸਿੰਘ, ਕਿਸਾਨ ਵਿਕਾਸ ਫਰੰਟ ਦੇ ਮਹਿੰਦਰ ਭੱਠਲ, ਆਂਗਣਵਾੜੀ ਯੂਨੀਅਨ ਦੀ ਬੀਬੀ ਸਿੰਦਰ ਕੌਰ ਬੜੀ, ਡੀਟੀਐੱਫ਼ ਦੇ ਐੱਮ ਪੀ ਸਿੰਘ, ਅਕਾਲੀ ਆਗੂ ਮਾਸਟਰ ਹਰਬੰਸ ਸ਼ੇਰਪੁਰ, ਸਾਹਿਤਕਾਰ ਸੁਖਦੇਵ ਔਲਖ, ਰਣਜੀਤ ਸਿੰਘ ਕਾਲਾਬੂਲਾ, ਮੇਘ ਸਿੰਘ, ਬਹਾਦਰ ਸਿੰਘ ਸ਼ੇਰਪੁਰ, ਸੇਵਾਮੁਕਤ ਐੱਸ ਡੀ ਓ ਸੁਖਚੈਨ ਸਿੰਘ ਕਲੇਰਾਂ, ਸਾਬਕਾ ਸੰਮਿਤੀ ਮੈਂਬਰ ਬਲਦੇਵ ਸਿੰਘ ਆਦਿ ਨੇ ਕਿਹਾ ਜੋ ਮਨੀਪੁਰ 80ਵੇਂ ਤੇ 90ਵੇਂ ਦਹਾਕੇ ਵਿੱਚ ਸ਼ਾਂਤਮਈ ਤੇ ਮਿਲਵਰਤਨ ਵਾਲਾ ਸੂਬਾ ਸੀ, ਪਰ ਹੁਣ ਮਨੀਪੁਰ ਦੇ ਇਲਾਕਿਆਂ 'ਚ ਅਜਿਹੀ ਕਬਾਇਲੀ ਧਾਰਮਿਕ ਤ੍ਰੇੜ ਪੈਦਾ ਕੀਤੀ, ਜਿਸ ਨਾਲ ਸਾਰਾ ਸੂਬਾ ਭਾਂਬੜ ਬਣ ਬਲ ਰਿਹਾ ਰਿਹਾ ਹੈ। ਉਨ੍ਹਾਂ ਨੂੰ ਲੋਕਾਂ ਨੂੰ ਅਜਿਹੀ ਲੋਕ ਵਿਰੋਧੀ ਰਾਜਨੀਤੀ ਤੋਂ ਸਾਵਧਾਨ ਤੇ ਚੇਤਨ ਹੋਣ ਦਾ ਸੱਦਾ ਦਿੱਤਾ।

# ਮਨੀਪੁਰ ਤੇ ਹਰਿਆਣਾ ਸਰਕਾਰਾਂ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ : ਨਰਿੰਦਰ ਸੋਹਲ



ਮੀਟਿੰਗ ਦੌਰਾਨ ਹਾਜ਼ਰ ਭਾਰਤੀ ਕਮਿਊਨਿਸਟ ਪਾਰਟੀ ਦੇ ਅਹੁਦੇਦਾਰ ਤੇ ਮੈਂਬਰ।

**ਮੱਖੂ (ਰਛਪਾਲ ਸਿੰਘ ਸੰਧੂ)**
ਭਾਰਤੀ ਕਮਿਊਨਿਟ ਪਾਰਟੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਕਾਮਰੇਡ ਭਗਵਾਨ ਦਾਸ ਬਹਾਦਰ ਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਕੌਂਸਲ ਮੈਂਬਰ ਕਾਮਰੇਡ ਨਰਿੰਦਰ ਕੌਰ ਸੋਹਲ ਨੇ ਕਿਹਾ ਕਿ ਕੇਂਦਰ ਵਿੱਚ ਜਦੋਂ ਤੋਂ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ, ਘੱਟ ਗਿਣਤੀਆਂ, ਦਲਿਤਾਂ ਉੱਪਰ ਜ਼ੁਲਮ ਦੀ ਇੰਤਹਾ ਹੋ ਗਈ ਹੈ। ਦੂਜੇ ਪਾਸੇ ਅੰਤ ਦੀ ਮਹਿੰਗਾਈ ਤੇ ਬੇਰੋਜ਼ਗਾਰੀ ਨੇ ਗਰੀਬ ਪਰਿਵਾਰਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਮੋਦੀ ਸਰਕਾਰ ਆਪਣੇ ਕਾਰਪੋਰੇਟ ਜੋਟੀਦਾਰਾਂ ਦੀ ਮਦਦ ਨਾਲ ਚੋਣਾਂ ਜਿੱਤਣ ਲਈ ਲੋਕਾਂ ਦਾ ਧਰੁਵੀਕਰਣ ਕਰ ਦਿੱਤਾ ਹੈ। ਮਨਰੇਗਾ ਦੇ ਬਜਟ ਵਿੱਚ 30% ਕੱਟ ਲਗਾ ਕੇ ਸਰਕਾਰ ਦੀ ਗਰੀਬ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਪਾਰਟੀ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਹੈ। ਉਨ੍ਹਾਂ ਮਨੀਪੁਰ ਤੇ ਹਰਿਆਣਾ ਦੇ ਮੇਵਾਤ ਖੇਤਰ ਵਿੱਚ ਨਸਲੀ ਤੇ ਫਿਰਕੂ ਹਿੰਸਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਤੇ ਸਰਕਾਰ ਦੇ ਲੋਕ ਮਾਰੂ ਫੈਸਲਿਆਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਹਾਕਮਾਂ ਦੀ ਸੋਚੀ ਸਮਝੀ ਹੋਈ ਚਾਲ ਜੋ ਕਿ ਵੋਟਾਂ ਬਟੋਰਨ ਲਈ ਚੱਲੀ ਜਾ ਰਹੀ ਹੈ ਦਾ ਸਖਤ ਸ਼ਬਦਾਂ ਵਿੱਚ ਵਿਰੋਧ ਕੀਤਾ। ਮੀਟਿੰਗ ਵਿਚ ਕਾਰਜਕਾਰਨੀ ਕਮੇਟੀ ਦੀ ਚੋਣ ਵੀ ਕੀਤੀ ਗਈ। ਇਸ ਮੀਟਿੰਗ 'ਚ ਜ਼ਿਲ੍ਹਾ ਸਕੱਤਰ ਕਾਮਰੇਡ ਕਸ਼ਮੀਰ ਸਿੰਘ, ਚਰਨਜੀਤ ਸਿੰਘ ਛਾਂਗਾਰਾਏ, ਰਛਪਾਲ ਸਿੰਘ ਮਖੂ, ਭਗਵਾਨ ਦਾਸ ਬਹਾਦਰ ਕੇ, ਕਾਮਰੇਡ ਨਛੱਤਰ ਸਿੰਘ ਜ਼ੀਰਾ, ਕਾਮਰੇਡ ਢੋਲਾ ਮਾਹੀ, ਕੇਵਲ ਸਿੰਘ ਖੰਡ ਮਿੱਲ ਜ਼ੀਰਾ, ਰਤਨ ਸਿੰਘ, ਬਲਕਾਰ ਸਿੰਘ, ਮੰਗਲ ਸਿੰਘ, ਬਲਵੀਰ ਸਿੰਘ ਬਿਜਲੀ ਬੋਰਡ, ਅਵਤਾਰ ਸਿੰਘ ਸੇਰਖਾਂ, ਗੁਰਦਿੱਤ ਸਿੰਘ ਸਿੱਧੂ, ਡਾ. ਜਰਨੈਲ ਸਿੰਘ, ਬਲਵੀਰ ਸਿੰਘ ਬਹਾਦਰ ਵਾਲਾ, ਰਾਮ ਭਰੋਸੇ ਫਿਰੋਜ਼ਪੁਰ, ਹਰਦੀਪ ਸਿੰਘ ਸੋਢੇ ਵਾਲਾ ਤੇ ਹੋਰ ਵੱਡੀ ਗਿਣਤੀ 'ਚ ਪਾਰਟੀ ਮੈਂਬਰ ਸਾਥੀਆਂ ਨੇ ਸ਼ਮੂਲੀਅਤ ਕੀਤੀ।

## ਚੋਰਾਂ ਨੇ ਕਬਾੜ ਦੀਆਂ ਦੋ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

**ਮਲੋਟ (ਗੁਰਮੀਤ ਸਿੰਘ ਮੱਕੜ)**
ਚੋਰ ਲੁਟੇਰਿਆਂ ਦੇ ਹੌਸਲੇ ਦਿਨੋਂ ਦਿਨ ਵਧਦੇ ਜਾ ਰਹੇ ਹਨ ਭਾਵੇਂ ਪੁਲਸ ਪੀ.ਸੀ.ਆਰ. ਗਸ਼ਤ ਪਾਰਟੀਆਂ ਦੀ ਗਸ਼ਤ ਜਾਰੀ ਰਹਿੰਦੀ ਹੈ, ਪ੍ਰੰਤੂ ਫਿਰ ਵੀ ਬਿਨਾਂ ਡਰ ਦੇ ਲੁਟੇਰੇ ਆਮ ਹੀ ਦੁਕਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਦੇ ਚੱਲਦੇ ਲੰਘੀ ਰਾਤ ਕੁੱਝ ਲੁਟੇਰਿਆਂ ਨੇ ਪਿੰਡ ਦਾਨੇਵਾਲਾ ਵਿਖੇ ਨੈਸ਼ਨਲ ਹਾਈਵੇ ਰੋਡ 'ਤੇ ਸਥਿਤ ਦੋ ਕਬਾੜ ਦੀਆਂ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਤੇ ਸ਼ਟਰ ਤੋੜ ਕੇ ਕਰੀਬ 80 ਹਜ਼ਾਰ ਰੁਪਏ ਦਾ ਸਾਮਾਨ ਲੈ ਕੇ ਫਰਾਰ ਹੋ ਗਏ, ਜਿਨ੍ਹਾਂ ਦੀਆਂ ਦੁਕਾਨ ਨਾਲ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿੱਚ ਤਸਵੀਰਾਂ ਵੀ ਕੈਦ ਹੋ ਗਈਆਂ।

ਦੁਕਾਨਦਾਰਾਂ ਦੇ ਦੱਸਣ ਮੁਤਾਬਿਕ ਚੋਰ ਜਾਂਦੇ ਸਮੇਂ ਆਪਣਾ ਮੋਬਾਈਲ ਦੁਕਾਨ ਵਿੱਚ ਭੁੱਲ ਗਏ। ਇਸ ਮੌਕੇ ਦੋਵੇਂ ਦੁਕਾਨਾਂ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਆਲੇ ਦੁਆਲੇ ਦੇ ਦੁਕਾਨਦਾਰਾਂ ਨੇ ਸੂਚਨਾ ਦਿੱਤੀ ਕਿ ਉਨ੍ਹਾਂ ਦੀਆਂ ਦੁਕਾਨਾਂ ਦੇ ਸ਼ਟਰ ਟੁੱਟੇ ਹੋਏ ਹਨ, ਜਿਸ ਉਪਰੰਤ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।



# ਪੈਨਸ਼ਨਰਾਂ ਵੱਲੋਂ ਮੰਗਾਂ ਨੂੰ ਲੈ ਕੇ ਸਰਕਾਰ ਖਿਲਾਫ ਰੋਸ ਮੁਜ਼ਾਹਰਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਸੈਂਕੜੇ ਪੈਨਸ਼ਨਰਾਂ ਵੱਲੋਂ ਸਰਪ੍ਰਸਤ ਜਗਦੀਸ਼ ਸ਼ਰਮਾ, ਜਨਰਲ ਸਕੱਤਰ ਬਿੱਕਰ ਸਿੰਘ ਸਿਬੀਆਂ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਬਾਲੀਆਂ, ਪ੍ਰਧਾਨ ਸ੍. ਅਜਮੇਰ ਸਿੰਘ (ਪੁਲਸ ਪੈਨਸ਼ਨਰ) ਦੀ ਅਗਵਾਈ ਵਿੱਚ ਮਹੀਨਾਵਾਰ ਮੀਟਿੰਗ ਕਰਨ ਉਪਰੰਤ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਅਗੇ ਪੈਨਸ਼ਨਰ ਮੰਗਾਂ ਬਾਰੇ ਸਰਕਾਰ ਦੀ ਨਾ-ਪੱਖੀ, ਡੰਗ ਟਪਾਊ, ਟਾਲ-ਮਟੋਲ ਨੀਤੀ ਵਿਰੁੱਧ ਰੋਸ ਮੁਜ਼ਾਹਾਰਾ ਤੇ ਨਾਅਰੇਬਾਜ਼ੀ ਕੀਤੀ ਗਈ। ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਜਨਵਰੀ 2016 ਤੋਂ ਜੁਲਾਈ 2021 ਤੱਕ ਦੇ ਬਕਾਏ, 2.59 ਦਾ ਗੁਣਅੰਕਣ ਨੋਸ਼ਨਲ ਪੇ ਫਿਕਸ, ਮਾਨਯੋਗ ਕੋਰਟਾਂ ਦੇ ਫੈਸਲੇ ਲਾਗੂ ਕਰਨਾ, ਲੀਵ ਇੰਨਕੈਸ਼ਮੈਂਟ ਦਾ ਅਦਾਇਗੀ ਨਾ ਕਰਨਾ, ਸਾਲ 2015 ਤੋਂ 198 ਮਹੀਨੇ ਦੇ ਬਕਾਏ ਆਦਿ ਬਾਰੇ ਸਹਿਮਤੀ ਹੋਣ ਦੇ ਬਾਵਜੂਦ ਸਰਕਾਰ ਚੁੱਪ ਵੱਟੀ ਬੈਠੀ ਹੈ, ਜਿਸ ਦੀ ਸਖਤ ਲਫ਼ਜ਼ਾਂ ਵਿੱਚ ਨਿਖੇਧੀ ਕੀਤੀ ਗਈ।

ਰੈਲੀ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਜਗਦੀਸ਼ ਸ਼ਰਮਾ, ਜਨਰਲ ਸਕੱਤਰ ਬਿੱਕਰ ਸਿੰਘ ਸਿਬੀਆ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਬਾਲੀਆਂ, ਮੇਲਾ ਸਿੰਘ ਪੁੰਨਾਂਵਾਲ, ਭਰਤ ਹਰੀ ਸਿੰਘ, ਸੀਤਾ ਰਾਮ ਸ਼ਰਮਾ ਨੇ ਦੱਸਿਆ ਕਿ ਸਰਕਾਰ ਵੱਲੋਂ ਗੱਲਬਾਤ ਕਰਨ ਲਈ ਸਮਾਂ ਦੇ ਕੇ ਗੱਲਬਾਤ ਤੋਂ ਭੱਜ ਰਹੀ ਹੈ। ਸੈਂਕੜੇ ਪੈਨਸ਼ਨਰ ਆਪਣੇ ਬਕਾਇਆਂ ਦੀ ਉਡੀਕ ਕਰਦਿਆਂ ਦੀ ਮੌਤ ਹੋ ਚੁੱਕੀ ਹੈ, ਪ੍ਰੰਤੂ ਸਰਕਾਰ ਕੰਨਾਂ 'ਚ ਰੂੰ ਲੈ ਕੇ ਘੂਕ ਸੁੱਤੀ ਪਈ ਹੈ, ਜਿਸ ਕਰਕੇ ਪੈਨਸ਼ਨਰ ਵਡੇਰੀ ਉਮਰ ਵਿੱਚ ਵੀ ਆਪਣੇ ਹੱਕਾਂ ਲਈ ਸੜਕਾਂ ਦੇ ਉੱਤਰ ਰਹੇ ਹਨ ਤੇ ਰੋਸ ਮੁਜ਼ਾਹਾਰੇ ਕਰਨ ਲਈ ਮਜਬੂਰ ਹਨ। ਇਸ ਮੌਕੇ ਸ਼ਿਵ ਕੁਮਾਰ ਸ਼ਰਮਾ, ਮੰਗਲ ਰਾਣਾ, ਭੀਮ ਸੈਨ, ਹਰਚਰਨ ਸਿੰਘ, ਕੁਲਵੰਤ ਸਿੰਘ, ਬਲਵੰਤ ਸਿੰਘ, ਬਲਬੀਰ ਸਿੰਘ ਰਤਨ, ਹਵਾ ਸਿੰਘ, ਅਮਰ ਨਾਥ ਸ਼ਰਮਾ, ਅਮਰਜੀਤ ਸਿੰਘ, ਰਾਮ ਲਾਲ ਸ਼ਰਮਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਕਾਤਰਾਂ

### ਯੂਰੀਆ ਦੀ ਕਮੀ ਲਈ ਮਾਨ ਸਰਕਾਰ ਜ਼ਿੰਮੇਵਾਰ : ਕਾਲੇਕੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਯੂਰੀਆ ਖਾਦ ਦੀ ਕਮੀ ਕਾਰਨ ਮਾਲਵੇ ਦੇ ਕਿਸਾਨਾਂ ਵਿੱਚ ਮੱਚੀ ਹੋਈ ਹਾਹਾਕਾਰ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮਾਰਕੀਟ ਕਮੇਟੀ ਬਾਘਾ ਪੁਰਾਣਾ ਦੇ ਸਾਬਕਾ ਚੇਅਰਮੈਨ ਅਤੇ ਪ੍ਰਧਾਨ ਸਰਪੰਚ ਯੂਨੀਅਨ ਹਲਕਾ ਬਾਘਾ ਪੁਰਾਣਾ ਜਗਸੀਰ ਸਿੰਘ ਗਿੱਲ ਸਰਪੰਚ ਕਾਲੇਕੇ ਨੇ ਆਮ ਆਦਮੀ ਪਾਰਟੀ ਨੂੰ ਹਰ ਫਰੰਟ 'ਤੇ ਫੇਲ੍ਹ ਕਰਾਰ ਦਿੱਤਾ। ਕਾਲੇਕੇ ਨੇ ਕਿਹਾ ਕਿ ਪੰਜਾਬ ਦਾ ਜ਼ਿਆਦਾਤਰ ਹਿੱਸਾ ਅੱਜ ਵੀ ਹੜ੍ਹਾਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਅਤੇ ਮਾਲਵਾ ਖੇਤਰ ਜੋ ਹੜ੍ਹ ਤੋਂ ਬਚਿਆ ਹੋਇਆ ਹੈ ਪਰ ਉਹ ਅੱਜ ਯੂਰੀਆ ਖਾਦ ਦੀ ਕਮੀ ਕਾਰਨ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਇਲਾਕੇ ਵਿੱਚ ਜਿੱਥੇ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਪੂਰਤੀ ਲਈ ਮਾਲਵਾ ਖੇਤਰ ਹੀ ਸੀ ਜਿਸ ਚੋਂ ਵੱਡੀ ਉਪਜ ਦੀ ਆਸ ਸੀ ਪਰ ਸਰਕਾਰ ਦੇ ਨਿਕੰਮੇ ਪ੍ਰਬੰਧਾਂ ਕਾਰਨ ਮਾਲਵਾ ਪੱਟੀ ਖੇਤਰ ਦਾ ਕਿਸਾਨ ਵੀ ਯੂਰੀਆ ਖਾਦ ਦੀ ਕਮੀ ਕਾਰਨ ਆਪਣੀਆਂ ਫਸਲਾਂ ਪਾਲਣ ਲਈ ਚਿੰਤਤ ਦਿਖਾਈ ਦੇ ਰਿਹਾ ਹੈ।

### ਅਨਨਿਆ ਨੂੰ ਡੀ ਐੱਮ ਸੀ 'ਚ ਮਿਲਿਆ ਦਾਖਲਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਨੈਸ਼ਨਲ ਪਬਲਿਕ ਸੀ. ਸੈ. ਸਕੂਲ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸ. ਮਨਜੀਤ ਸਿੰਘ ਸੰਧੂ ਤੇ ਚੇਅਰਪਰਸਨ ਸ੍ਰੀਮਤੀ ਕੁਲਦੀਪ ਕੌਰ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਸਕੂਲ ਦੇ ਹੋਣਹਾਰ ਵਿਦਿਆਰਥੀ ਅਨਨਿਆ ਦੀਪ ਗਰਗ ਨੇ ਨੀਟ ਦੀ ਪ੍ਰੀਖਿਆ ਵਿੱਚੋਂ 607 ਅੰਕ ਪ੍ਰਾਪਤ ਕਰਕੇ ਤੇ ਉਸ ਤੋਂ ਬਾਅਦ ਹੋਈ ਨੀਟ ਕਾਊਂਸਲਿੰਗ ਵਿੱਚੋਂ ਪੰਜਾਬ ਦੇ ਪ੍ਰਸਿੱਧ ਕਾਲਜ ਡੀ. ਐੱਮ. ਸੀ. ਲੁਧਿਆਣਾ 'ਚ ਦਾਖਲਾ ਹਾਸਲ ਕੀਤਾ ਹੈ। ਇਸ ਹੋਣਹਾਰ ਬੱਚੇ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾ ਦੱਸਿਆ ਕਿ ਇਹ ਵਿਦਿਆਰਥੀ ਨਰਸਰੀ ਤੋਂ ਹੀ ਨੈਸ਼ਨਲ ਪਬਲਿਕ ਸਕੂਲ ਵਿੱਚ ਪੜ੍ਹਦਾ ਆ ਰਿਹਾ ਹੈ ਤੇ ਇਸ ਵਿਦਿਆਰਥੀ ਦੀ ਇਸ ਪ੍ਰਾਪਤੀ ਨੇ ਸਾਡੇ ਸਕੂਲ ਦੇ ਮੈਡੀਕਲ ਦੇ ਹੋਰ ਵਿਦਿਆਰਥਾਂ ਅੰਦਰ ਵੀ ਉਤਸ਼ਾਹ ਪੈਦਾ ਕਰ ਦਿੱਤਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਾਜੇਸ਼ਵਰ ਪ੍ਰਸਾਦ ਤੇ ਸਮੂਹ ਸਟਾਫ ਨੇ ਇਸ ਹੋਣਹਾਰ ਵਿਦਿਆਰਥੀ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਮਿਹਨਤ ਤੇ ਤਰੱਕੀ ਕਰਨ ਲਈ ਪ੍ਰੇਰਨਾ ਦਿੱਤੀ।

### ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਨੌਜਵਾਨ ਨੂੰ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਰਹਿੰਦ ਦੀ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਸਤਨਾਮ ਸਿੰਘ ਉਰਫ ਸੱਤਾ ਵਾਸੀ ਬ੍ਰਾਹਮਣਮਾਜਰਾ ਸਰਹਿੰਦ ਮੋਟਰਸਾਈਕਲ ਚੋਰੀ ਕਰਕੇ ਵੇਚਣ ਦਾ ਆਦੀ ਹੈ, ਜੋ ਕਿ ਇਸ ਸਮੇਂ ਚੋਰੀਸ਼ੁਦਾ ਪਲਟੀਨਾ ਮੋਟਰਸਾਈਕਲ ਨੰਬਰ ਪੀ.23.ਐਚ-8936 ਸਮੇਤ ਫ਼ਤਹਿਗੜ੍ਹ ਸਾਹਿਬ ਤੋਂ ਸਰਹਿੰਦ ਵੱਲ ਨੂੰ ਆ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਸਤਨਾਮ ਸਿੰਘ ਉਰਫ ਸੱਤਾ ਨੂੰ ਕਾਬੂ ਕੀਤਾ ਗਿਆ, ਜਿਸ ਦੇ ਕਬਜ਼ੇ 'ਚੋਂ ਚੋਰੀਸ਼ੁਦਾ ਪਲਟੀਨਾ ਮੋਟਰਸਾਈਕਲ ਬਰਾਮਦ ਹੋਇਆ। ਥਾਣਾ ਸਰਹਿੰਦ ਵਿਖੇ ਇਸ ਸਬੰਧੀ ਅ/ਧ 379 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਸਤਨਾਮ ਸਿੰਘ ਉਰਫ ਸੱਤਾ ਨੂੰ ਗ੍ਰਿਫਤਾਰ ਕਰ ਲਿਆ ਹੈ।

# ਧਰਤੀ ਹੇਠਲਾ ਪਾਣੀ ਬਚਾਉਣ ਦਾ ਖੇਤੀ ਵਿਭਿੰਨਤਾ ਹੀ ਇੱਕੋ-ਇੱਕ ਹੱਲ : ਖਹਿਰਾ

## ਮਹਿੰਦਰ ਸਿੰਘ ਦੀ ਦੂਜੀ ਬਰਸੀ ਮਨਾਈ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਨੀਵਾਂ ਹੋਣ ਤੋਂ ਰੋਕਣ ਲਈ ਖੇਤੀ ਵਿਭਿੰਨਤਾ ਹੀ ਇੱਕੋ-ਇੱਕ ਹੱਲ ਹੈ। ਝੋਨੇ ਦੀ ਫਸਲ ਲਈ ਪਾਣੀ ਦੀ ਖਪਤ ਜ਼ਿਆਦਾ ਹੋਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ, ਜੋ ਕਿ ਭਵਿੱਖ ਲਈ ਖਤਰਨਾਕ ਹੈ। ਇਨ੍ਹਾਂ ਸ਼ਬਦਾਂ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕੋਠੇ ਬੁੱਕਣ ਸਿੰਘ ਨਗਰ ਕੋਟਕਪੂਰਾ ਵਿਖੇ ਸਵ. ਮਹਿੰਦਰ ਸਿੰਘ ਦੀ ਯਾਦ 'ਚ ਕਰਵਾਏ ਗਏ ਦੂਜੇ ਸਲਾਨਾ ਸਮਾਗਮ ਮੌਕੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਸਿਮਰ ਆਰਗੈਨਿਕ ਫਾਰਮ 'ਤੇ ਨਰਸਰੀ ਦੀ ਸ਼ੁਰੂਆਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਨਾਲ ਸੀਨੀਅਰ ਕਾਂਗਰਸੀ ਆਗੂ ਅਜੇਪਾਲ ਸਿੰਘ ਸੰਧੂ ਹਲਕਾ ਇੰਚਾਰਜ ਕੋਟਕਪੂਰਾ, ਅਮਰਜੀਤ ਸਿੰਘ ਬਰਾੜ (ਸੁੱਖਾ ਖਾਰਾ) ਬਲਾਕ ਪ੍ਰਧਾਨ ਦਿਹਾਤੀ, ਜੈ ਪ੍ਰਕਾਸ਼ ਸ਼ਰਮਾ ਬਲਾਕ ਪ੍ਰਧਾਨ ਸ਼ਹਿਰੀ ਆਦਿ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਖਹਿਰਾ ਨੇ ਪੰਜਾਬ ਦੇ ਨੌਜਵਾਨਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਵਿਦੇਸ਼ਾਂ 'ਚ ਜਾਣ ਦੀ ਬਜਾਏ ਇੱਥੇ ਹੀ ਸਿਮਰਜੀਤ ਸਿੰਘ ਵਰਗੇ ਨੌਜਵਾਨਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਸਿਮਰਜੀਤ ਸਿੰਘ ਪੋਸਟ ਗ੍ਰੈਜੂਏਟ ਅਤੇ ਪੀ ਐੱਚ ਡੀ ਹੋਣ ਦੇ ਬਾਵਜੂਦ ਖੇਤੀ ਵਿਭਿੰਨਤਾ 'ਚ ਵੱਧ ਚੜ੍ਹ ਕੇ ਹਿੱਸਾ ਪਾ ਰਿਹਾ ਹੈ। ਆਪਣੇ ਫਾਰਮ 'ਚ ਅਨੇਕਾਂ ਕਿਸਮ ਦੇ ਆਰਗੈਨਿਕ ਫਲਾਂ ਦੇ ਪੌਦੇ ਲਾ ਕੇ ਨੌਜਵਾਨਾਂ ਦੇ ਪ੍ਰੇਰਨਾਸ੍ਰੋਤ ਬਣ ਰਹੇ ਹਨ। ਉਨ੍ਹਾ ਕਿਹਾ ਕਿ ਸਵ: ਮਹਿੰਦਰ ਸਿੰਘ ਦੇ ਪੂਰਨਿਆਂ 'ਤੇ ਚੱਲਦਿਆਂ ਸਿਮਰਜੀਤ ਸਿੰਘ ਨੇ ਕੁਝ ਅਜਿਹੇ ਫਲਾਂ ਦੇ ਬੂਟੇ ਲਾਏ ਹਨ, ਜੋ ਫਲ ਦੱਖਣ ਜਾਂ ਪੱਛਮੀ ਭਾਰਤ ਵਿੱਚ ਤਾਂ ਮਿਲ ਸਕਦੇ ਹਨ ਪਰ ਪੰਜਾਬ ਵਿੱਚ ਹੋਰ ਕਿਤੇ ਵੀ ਮਿਲਣ ਦੀ ਸੰਭਾਵਨਾ ਨਹੀਂ। ਸਿਮਰਜੀਤ ਸਿੰਘ ਨੇ ਦੱਸਿਆ ਕਿ ਫਰੀਦਕੋਟ ਦੀ ਗੰਨਾ ਮਿੱਲ ਵਿੱਚ ਲੱਗੇ ਦਰੱਖਤਾਂ ਦੀ ਨਿਲਾਮੀ ਅਤੇ ਮੱਤੇਵਾੜਾ ਜੰਗਲ ਦੇ ਉਜਾੜੇ ਦੀਆਂ ਖ਼ਬਰਾਂ ਨੇ ਸਾਡੇ ਪਰਵਾਰ ਨੂੰ ਬਹੁਤ ਨਿਰਾਸ਼ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਪਰਮਵੀਰ ਸਿੰਘ ਗਿੱਲ, ਗੁਰਮੀਤ ਸਿੰਘ ਮਾਨ, ਗੁਰਮੰਤ ਸਿੰਘ ਮਾਨ, ਮਹਾਸ਼ਾ ਲਖਵੰਤ ਸਿੰਘ ਬਰਾੜ, ਰੁਲਦੂ ਸਿੰਘ ਔਲਖ, ਅਮਰਜੀਤ ਸਿੰਘ ਸੁੱਖਾ ਖਾਰਾ, ਜੈਪ੍ਰਕਾਸ਼ ਸ਼ਰਮਾ, ਡਾ. ਅਵੀਨਿੰਦਰਪਾਲ ਸਿੰਘ, ਪ੍ਰੋ. ਜਸਪਾਲ ਸਿੰਘ ਵੜੈਚ, ਮਾ. ਹਰਪਿੰਦਰ ਸਿੰਘ, ਸੁਰਜੀਤ ਸਿੰਘ ਬਾਬਾ, ਮਨਪ੍ਰੀਤ ਸਿੰਘ ਸੇਖੋਂ, ਵਿੱਕੀ ਬਰਾੜ, ਨਿਰਮਲ ਸਿੰਘ, ਗੁਰਵਿੰਦਰ ਸਿੰਘ ਜਲਾਲੇਆਣਾ, ਡਾ ਮਨਜੀਤ ਸਿੰਘ, ਜਗਸੀਰ ਖਾਨ, ਵਿਨੋਦ ਕੁਮਾਰ, ਗੁਰਿੰਦਰ ਸਿੰਘ ਮਹਿੰਦੀਰੱਤਾ, ਬਲਤੇਜ ਸਿੰਘ ਮੜਾਕ, ਡਾ. ਕੁਲਬੀਰ ਸਿੰਘ ਕੋਹਾਰਵਾਲਾ ਸਮੇਤ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

# ਵਾਈ ਐੱਸ ਪਬਲਿਕ ਸਕੂਲ ਥਾਂਦੇਵਾਲਾ 'ਚ ਤੀਆਂ ਦਾ ਤਿਉਹਾਰ ਮਨਾਇਆ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਪਿਛਲੀ ਦਿਨੀਂ ਸਕੂਲ ਵਿੱਚ ਸਕੂਲ ਦੇ ਚੇਅਰਮੈਨ ਸ੍. ਜਸਵਿੰਦਰ ਸਿੰਘ ਦੀ ਰਹਿਮਨੁਮਾਈ ਹੇਠਾਂ ਤੀਆਂ ਦਾ ਤਿਉਹਾਰ ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਸਕੂਲ ਦੀਆਂ ਵਿਦਿਆਰਥਣਾਂ ਨੇ ਸੰਗੀਤ, ਡਾਂਸ, ਮਹਿੰਦੀ ਲਗਾਉਣ ਦੇ ਮੁਕਾਬਲੇ ਤੇ ਗਿੱਧੇ ਵਰਗੀਆਂ ਗਤੀਵਿਧੀਆਂ ਨੂੰ ਪੇਸ਼ ਕੀਤਾ। ਵਿਦਿਆਰਥਣਾਂ ਨੇ ਇਨ੍ਹਾਂ ਤੀਆਂ ਦੇ ਜ਼ਰੀਏ ਪੁਰਾਤਨ ਵਿਰਸੇ ਨੂੰ ਯਾਦ ਕਰਾਇਆ। ਇਸ ਤਿਉਹਾਰ ਨੂੰ ਹੋਰ ਵਧੀਆ ਬਣਾਉਣ ਲਈ ਵਿਦਿਆਰਥਣਾਂ ਨੂੰ ਮਿਸ ਸਾਉਣ ਦਾ ਖਿਤਾਬ ਦੇਣ ਲਈ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਵੱਲੋਂ ਵਧ ਚੜ੍ਹ ਕੇ ਹਿੱਸਾ ਲਿਆ ਗਿਆ। ਵਿਦਿਆਰਥਣਾਂ ਨੇ ਪੂਰੇ ਪੰਜਾਬੀ ਰੰਗ ਦੀ ਝਲਕ ਪੇਸ਼ ਕੀਤੀ ਤੇ ਇਨ੍ਹਾਂ ਵਿਦਿਆਰਥਣਾਂ ਨੂੰ ਸਕੂਲ ਦੀ ਅਧਿਆਪਕਾ ਮੈਡਮ ਰਮਨਦੀਪ ਕੌਰ ਦੋਦਾ ਤੇ ਸਕੂਲ ਦੇ ਅਧਿਆਪਕ ਪਰਵੰਸ ਸਿੰਘ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਪ੍ਰਸ਼ਨ ਪੁੱਛੇ ਗਏ, ਜਿਸ ਨਾਲ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਬਾਰੇ ਜਾਣਕਾਰੀ ਪ੍ਰਾਪਤ ਹੋਈ। ਸਕੂਲ ਪ੍ਰਿੰਸੀਪਲ ਮੈਡਮ ਬੀਰਪਾਲ ਕੌਰ ਨੇ ਬੱਚਿਆਂ ਨੂੰ ਸਾਉਣ ਦੀਆਂ ਤੀਆਂ ਦੇ ਤਿਉਹਾਰ ਸੰਬੰਧੀ ਜਾਣੂੰ ਕਰਵਾਇਆ ਤੇ ਇਸ ਦੀ ਅਹਿਮੀਅਤ ਬਾਰੇ ਦੱਸਿਆ। ਮੈਡਮ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣ ਦਾ ਭਰੋਸਾ ਦਿਵਾਇਆ। ਇਸ ਸਾਰੇ ਪ੍ਰੋਗਰਾਮ ਦੀ ਅਗਵਾਈ ਸਕੂਲ ਦੇ ਸੀਨੀਅਰ ਮੈਡਮ ਮਨਜੀਤ ਕੌਰ ਤੇ ਜਸਕਰਨ ਸਿੰਘ ਨੇ ਕੀਤੀ। ਇਸ ਸ਼ਾਨਦਾਰ ਮੌਕੇ 'ਤੇ ਸਕੂਲ ਦਾ ਸਟਾਫ ਹਾਜ਼ਰ ਸੀ।

# ਫਸਲਾਂ ਦੇ ਖਰਾਬੇ ਕਾਰਨ ਕਿਸਾਨਾਂ ਨੂੰ ਕਰਜ਼ੇ ਦੀ ਚਿੰਤਾ ਸਤਾਉਣ ਲੱਗੀ

## ਫਸਲਾਂ ਦਾ ਮੁਆਵਜ਼ਾ ਦੇਣ ਤੇ ਕਰਜ਼ਾ ਮੁਆਫ ਕਰਨ ਦੀ ਮੰਗ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਫਾਜ਼ਿਲਕਾ ਦੇ ਸਰਹੱਦੀ ਪਿੰਡਾਂ 'ਚ ਤਬਾਹੀ ਮਚਾਉਣ ਤੋਂ ਬਾਅਦ ਹੜ੍ਹ ਦਾ ਪਾਣੀ ਹੌਲੀ-ਹੌਲੀ ਘੱਟ ਰਿਹਾ ਹੈ। ਇਸ ਹੜ੍ਹ ਨੇ ਇੱਥੋਂ ਦੇ ਕਿਸਾਨਾਂ ਦੀਆਂ ਕਈ ਏਕੜ ਫਸਲਾਂ ਬਰਬਾਦ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਕਈ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਦੀਆਂ ਫਸਲਾਂ ਤਬਾਹ ਹੋਣ ਤੋਂ ਬਾਅਦ ਹੁਣ ਉਹ ਆਪਣੇ ਸਿਰ ਚੜ੍ਹੇ ਕਰਜ਼ੇ ਨੂੰ ਲੈ ਕੇ ਚਿੰਤਤ ਹਨ, ਕਿਉਂਕਿ ਫਸਲਾਂ ਦੇ ਬਰਬਾਦ ਹੋਣ 'ਤੇ ਉਹ ਕਰਜ਼ਾ ਮੋੜਨ ਦੇ ਸਮਰੱਥ ਨਹੀਂ ਹਨ, ਜਿਸ ਕਾਰਨ ਉਨ੍ਹਾਂ ਦੀਆਂ ਚਿੰਤਾਵਾਂ ਹੋਰ ਵੀ ਵਧ ਗਈਆਂ ਹਨ।

ਇਸੇ ਤਰ੍ਹਾਂ ਫਾਜ਼ਿਲਕਾ ਦੇ ਸਰਹੱਦੀ ਪਿੰਡ ਵੱਲ੍ਹੇ ਸ਼ਾਹ ਹਿਠਾੜ ਵਿੱਚ ਵੀ ਹੜ੍ਹ ਨਾਲ ਕਾਫੀ ਤਬਾਹੀ ਹੋਈ ਹੈ। ਇੱਥੋਂ ਦੇ ਕਈ ਲੋਕਾਂ ਦੇ ਖੇਤਾਂ ਤੇ ਘਰਾਂ ਦੇ ਆਲੇ-ਦੁਆਲੇ ਹੜ੍ਹ ਦਾ ਪਾਣੀ ਅਜੇ ਵੀ ਮੌਜੂਦ ਖੜਾ ਹੈ। ਕੁਝ ਲੋਕਾਂ ਨੇ ਪਿੰਡ ਤੋਂ ਥੋੜ੍ਹੀ ਦੂਰ ਆਪਣੇ ਖੇਤਾਂ ਵਿੱਚ ਘਰ ਬਣਾਏ ਹੋਏ ਹਨ ਤੇ ਹੜ੍ਹ ਦਾ ਪਾਣੀ ਉਨ੍ਹਾਂ ਲੋਕਾਂ ਦੇ ਘਰਾਂ ਵਿੱਚ ਵੜ ਗਿਆ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿੰਡ ਵਾਸੀ ਸੁਰਜੀਤ ਸਿੰਘ, ਖਰੈਤ ਸਿੰਘ, ਨੈਨੋ ਬਾਈ ਨੇ ਦੱਸਿਆ ਕਿ ਹੜ੍ਹ ਨੇ ਉਨ੍ਹਾਂ ਦੇ ਪਿੰਡ ਤੇ ਆਲੇ-ਦੁਆਲੇ ਦੀ ਕਰੀਬ 700 ਏਕੜ ਫਸਲ ਤਬਾਹ ਕਰ ਦਿੱਤੀ ਹੈ। ਇਸ ਤੋਂ ਇਲਾਵਾ ਢਾਣੀਆਂ 'ਤੇ ਰਹਿੰਦੇ ਲੋਕਾਂ ਦੇ ਦੋ ਦਰਜਨ ਤੋਂ ਵੱਧ ਘਰਾਂ ਵਿੱਚ ਪਾਣੀ ਵੜ ਗਿਆ ਹੈ। ਇਨ੍ਹਾਂ ਘਰਾਂ 'ਚ ਪਾਣੀ ਦਾਖਲ ਹੋਣ ਕਾਰਨ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇੱਥੋਂ ਦੀਆਂ ਢਾਣੀਆਂ 'ਤੇ ਰਹਿਣ ਵਾਲੇ ਕਈ ਲੋਕ ਉੱਚੀਆਂ ਥਾਵਾਂ 'ਤੇ ਰਹਿਣ ਲਈ ਚਲੇ ਗਏ ਹਨ ਤੇ ਕੁਝ ਪਾਣੀ ਦੇ ਵਿਚਕਾਰ ਰਹਿਣ ਲਈ ਮਜਬੂਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਉਨ੍ਹਾਂ ਦੀਆਂ ਫਸਲਾਂ ਅਕਸਰ ਬਰਬਾਦ ਹੋ ਜਾਂਦੀਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸੇ ਕਰਕੇ ਸੇਠ ਸ਼ਾਹੂਕਾਰਾਂ ਤੋਂ ਇਲਾਵਾ ਬੈਂਕਾਂ ਦੇ ਵੀ ਕਰਜ਼ਾਈ ਹੋ ਰਹੇ ਹਨ। ਇਸ ਵਾਰ ਵੀ ਉਨ੍ਹਾਂ ਦੀ ਸਾਰੀ ਫਸਲ ਬਰਬਾਦ ਹੋ ਗਈ ਹੈ, ਜਿਸ ਕਾਰਨ ਨਾ ਤਾਂ ਉਨ੍ਹਾਂ ਕੋਲ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਕੁਝ ਬਚਿਆ ਹੈ ਅਤੇ ਨਾ ਹੀ ਕਰਜ਼ਾ ਮੋੜਨ ਲਈ ਉਨ੍ਹਾਂ ਕੋਲ ਕੁਝ ਬਚਿਆ ਹੈ, ਜਿਸ ਕਾਰਨ ਉਹ ਲੋਕ ਕਾਫੀ ਪ੍ਰੇਸ਼ਾਨ ਹੋ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਕਸਰ ਬੈਂਕ ਤੇ ਸ਼ਾਹੂਕਾਰ ਵੀ ਉਨ੍ਹਾਂ ਨੂੰ ਕਰਜ਼ੇ ਲਈ ਪ੍ਰੇਸ਼ਾਨ ਕਰਦੇ ਹਨ। ਕਰਜ਼ਾ ਨਾ ਮੋੜ ਸਕਣ ਕਾਰਨ ਇੱਥੋਂ ਦੇ ਲੋਕਾਂ ਨੂੰ ਖੁਦਕੁਸ਼ੀ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦੀਆਂ ਬਰਬਾਦ ਹੋਈਆਂ ਫਸਲਾਂ ਦਾ ਉੱਚਿਤ ਮੁਆਵਜ਼ਾ ਦਿੱਤਾ ਜਾਵੇ ਤੇ ਉਨ੍ਹਾਂ ਦੇ ਸਿਰ ਚੜ੍ਹਿਆ ਕਰਜ਼ਾ ਮੁਆਫ ਕੀਤਾ ਜਾਵੇ।

# ਚੌਥਾ ਦਰਜਾ ਤੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅੱਖੋਂ ਓਹਲੇ ਕਰਨ ਦੇ ਰੋਸ ਵਜੋਂ 15 ਨੂੰ ਝੰਡਾ ਮਾਰਚ ਦਾ ਐਲਾਨ



**ਪਟਿਆਲਾ (ਪੱਤਰ ਪ੍ਰੇਰਕ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1686) ਦੇ ਪ੍ਰਮੁੱਖ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਗੁਰਦਰਸ਼ਨ ਸਿੰਘ, ਰਾਮ ਕਿਸ਼ਨ, ਮਾਧੋ ਰਾਹੀ, ਸਵਰਨ ਸਿੰਘ ਬੰਗਾ, ਰਾਜੇਸ਼ ਗੋਲੂ, ਅਜੈ ਕੁਮਾਰ ਸਿੱਪਾ, ਰਾਮ ਲਾਲ ਰਾਮਾ ਨੇ ਇੱਥੇ ਵਿਸ਼ਾਲ ਇਕੱਤਰਤਾ ਕਰਕੇ ਐਲਾਨ ਕੀਤਾ ਕਿ ਆਪ ਸਰਕਾਰ ਡੇਢ ਸਾਲ ਦਾ ਸਮਾਂ ਬੀਤ ਜਾਣ ਉਪਰੰਤ ਵੀ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਚੌਥਾ ਦਰਜਾ ਕਰਮਚਾਰੀਆਂ ਅਤੇ ਕੱਚੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਲਗਾਤਾਰ ਅੱਖੋਂ ਓਹਲੇ ਕਰ ਰਹੀ ਹੈ, ਮੁੱਖ ਮੰਤਰੀ ਤੇ ਵਿੱਤ ਮੰਤਰੀ ਨੇ ਇਸ ਵਰਗ ਦੀਆਂ ਮੰਗਾ 'ਤੇ ਇਕ ਵਾਰ ਵੀ ਗੱਲਬਾਤ ਨਹੀਂ ਕੀਤੀ, ਜਦੋਂ ਕਿ ਮੰਗਾਂ ਦੇ ਮੰਗ ਪੱਤਰ ਲਗਾਤਾਰ ਦਿੱਤੇ ਜਾ ਰਹੇ ਹਨ। ਜਿਨ੍ਹਾਂ ਵਿੱਚ ਮੁੱਖ ਮੰਗਾਂ ਜਿਸ ਵਿੱਚ ਰੈਗੂਲਾਈਜ਼ੇਸ਼ਨ ਮਿਤੀ 2023 ਦੀ ਰੋਸ਼ਨੀ ਵਿੱਚ ਕੋਈ ਵੀ ਕੱਚਾ ਕਰਮਚਾਰੀ ਪੱਕਾ ਨਹੀਂ ਹੁੰਦਾ। ਇਸ ਨੂੰ ਰੈਗੂਲਾਈਜੇਸ਼ਨ ਐਕਟ 2016 ਦੀ ਤਰਜ਼ 'ਤੇ ਜਾਰੀ ਕਰਨ ਤੇ ਆਊਟਸੋਰਸ ਸਮੇਤ ਪਾਰਟ ਟਾਇਮ ਕਰਮੀ ਵੀ ਸ਼ਾਮਲ ਕਰਨ ਦੀ ਮੰਗਾਂ, 2004 ਦੀ ਪੈਨਸ਼ਨ ਬਹਾਲੀ, ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚੋਂ ਠੇਕੇਦਾਰੀ ਸਿਸਟਮ ਖਤਮ ਕਰਕੇ ਚੌਥਾ ਦਰਜਾ ਕਰਮਚਾਰੀਆਂ ਦੀ ਰੈਗੂਲਰ ਭਰਤੀ, ਵਿਭਾਗ ਦੇ ਪੁਨਰਗਠਨ ਸਮੇਂ ਖਤਮ ਕੀਤੀਆਂ ਅਸਾਮੀਆਂ ਨੂੰ ਮੁੜ ਸੁਰਜੀਤ ਕਰਨਾ, ਫਾਰਗ ਕੀਤੇ ਕਰੋਨਾ ਵਲੰਟੀਅਰ ਨੂੰ ਵਾਪਸ ਹਾਜ਼ਰ ਕਰਨਾ, ਨਗਰ ਨਿਗਮ, ਨਗਰ ਕੌਂਸਲਰਾਂ ਤੇ ਨਗਰ ਪ੍ਰੀਸ਼ਦਾਂ ਵਿਚਲੇ ਸਫਾਈ ਸੇਵਕਾਂ, ਸੀਵਰਮੈਨਾਂ ਅਤੇ ਮਾਲੀਆਂ ਨੂੰ ਵਿਭਾਗ ਵਿੱਚ ਖਪਾਉਣਾ, ਘੱਟੋ ਘੱਟ ਉਜਰਤਾਂ 26000 ਰੁਪਏ ਕਰਨਾ, ਵਿੱਦਿਅਕ ਯੋਗਤਾ ਰੱਖਦੇ ਚੌਥਾ ਦਰਜਾ ਕਰਮਚਾਰੀਆਂ ਨੂੰ ਬਿਨਾਂ ਟੈਸਟ ਪਦਉਨਤੀ ਦੇਣਾ, ਸਿੰਚਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਮੁਲਾਜ਼ਮ ਦੋਖੀ ਕਾਰਵਾਈਆਂ ਨੂੰ ਰੋਕਣਾ, ਸਿਹਤ ਵਿਭਾਗ ਵਿਚਲੇ ਕੰਟਰੈਕਟ ਤੇ ਮਲਟੀਟਾਸਕ ਕਰਮੀਆਂ ਨੂੰ ਵਿਭਾਗ ਵਿੱਚ ਖਪਾਉਣਾ ਤੇ ਖਾਲੀ ਅਸਾਮੀਆਂ 'ਤੇ ਅਰਜਸਟ ਕਰਨਾ। ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿ ਮੁਲਾਜ਼ਮਾਂ, ਕੱਚੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੀਆਂ ਮੰਗਾਂ ਮੁੜ ਤੋਂ ਮੁੱਖ ਮੰਤਰੀ ਜੋ ਪਟਿਆਲਾ ਵਿਖੇ ਕੌਮੀ ਝੰਡਾ ਲਹਿਰਾਉਣ 15 ਅਗਸਤ ਨੂੰ ਆ ਰਹੇ ਹਨ, ਇਨ੍ਹਾਂ ਦਾ ਧਿਆਨ ਦਿਵਾਉਣ ਲਈ 14 ਅਗਸਤ ਨੂੰ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਅਤੇ ਰਜਿੰਦਰਾ ਹਸਪਤਾਲ ਪਟਿਆਲਾ ਕੰਪਲੈਕਸ ਵਿਖੇ 31 ਪ੍ਰਮੁੱਖ ਅਹੁਦੇਦਾਰ 24 ਘੰਟਿਆਂ ਦੀ ਭੁੱਖ ਹੜਤਾਲ ਕਰਨਗੇ ਅਤੇ 15 ਅਗਸਤ ਨੂੰ ਝੰਡਾ ਲਹਿਰਾਉਣ ਸਫਲ ਤੱਕ ਝੰਡਾ ਮਾਰਚ ਕਰਕੇ ਮੈਮੋਰੰਡਮ ਦਿੱਤਾ ਜਾਵੇਗਾ।

ਹੋਰ ਜੋ ਆਗੂ ਮੌਜੂਦ ਰਹੇ ਉਨ੍ਹਾਂ ਵਿੱਚ ਪ੍ਰੀਤਮ ਚੰਦ ਠਾਕੁਰ, ਅਸ਼ੋਕ ਬਿੱਟੂ, ਨਾਰੰਗ ਸਿੰਘ, ਜਗਤਾਰ ਲਾਲ, ਰਾਮ ਪ੍ਰਸਾਦ ਸਹੋਤਾ, ਬਲਬੀਰ ਸਿੰਘ, ਅਨਿਲ ਗਾਗਟ, ਇੰਦਰਪਾਲ ਵਾਲੀਆ, ਜਗਤਾਰ ਬਾਬਾ, ਸ਼ਿਵ ਚਰਨ, ਮੱਖਣ ਸਿੰਘ, ਵੈਦ ਪ੍ਰਕਾਸ਼, ਕਿਰਨਾ, ਅਰੁਣ ਕੁਮਾਰ, ਪ੍ਰਕਾਸ਼ ਲੁਬਾਣਾ, ਕੁਲਦੀਪ ਸਿੰਘ ਰਾਇਵਾਲ, ਰਾਕੇਸ਼ ਕੁਮਾਰ, ਪ੍ਰਿੰਸ, ਲਖਵੀਰ ਸਿੰਘ, ਸੁਨੀਲ ਕੁਮਾਰ ਗਾਗਟ, ਤਰਲੋਚਨ ਮਾੜੂ, ਸਤਪਾਲ ਲੰਗ, ਟੋਨੀ, ਹਰਬੰਸ ਸਿੰਘ, ਤਰਸੇਮ ਸਮਾਣਾ, ਨਿਰਮਲ ਸਿੰਘ, ਰਾਮ ਕੈਲਾਸ਼, ਗੁਰਿੰਦਰ ਗੁਰੀ, ਸਤਨਾਮ ਸਿੰਘ, ਸ਼ਾਮ ਸਿੰਘ, ਕੁਲਵਿੰਦਰ ਸਿੰਘ, ਅਮਨ ਕੁਮਾਰ, ਮੁਕੇਸ਼ ਕੁਮਾਰ, ਚਮਨ ਲਾਲ ਆਦਿ ਸ਼ਾਮਲ ਹੋਏ।

# 'ਭਾਰਤ ਛੱਡੋ ਅੰਦੋਲਨ' ਦੀ ਅਹਿਮੀਅਤ ਬਾਰੇ ਜਾਗਰੂਕਤਾ ਸੈਮੀਨਾਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਤੇ ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਸੁਮੀਤ ਮਲਹੋਤਰਾ ਦੀ ਯੋਗ ਅਗਵਾਈ ਹੇਠ ਸਕੂਲੀ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਵੱਲੋਂ ਭਾਰਤ ਦੀ ਆਜ਼ਾਦੀ ਲਈ ਚਲਾਏ ਗਏ 'ਭਾਰਤ ਛੱਡੋ ਅੰਦੋਲਨ' ਦੀ ਅਹਿਮੀਅਤ ਬਾਰੇ ਜਾਗਰੂਕ ਕਰਨ ਲਈ ਸਥਾਨਕ ਲਾਰਡ ਰਾਮਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਲਾਰਡ ਰਾਮਾ ਸਕੂਲ ਤੇ ਏ ਪੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਭਾਰਤ ਛੱਡੋ ਅੰਦੋਲਨ ਤੇ ਦੇਸ਼ ਭਗਤੀ ਨਾਲ ਸਬੰਧਤ ਨੁੱਕੜ ਨਾਟਕ ਤੇ ਸੱਭਿਆਚਾਰਕ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸਿਵਲ ਜੱਜ (ਸੀਨੀਅਰ ਡਵੀਜ਼ਨ)/ ਸੀ.ਜੇ.ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਸੁਰੇਸ਼ ਕੁਮਾਰ ਗੋਇਲ ਵੱਲੋਂ ਵਿਦਿਆਰਥੀਆਂ ਨੂੰ ਭਾਰਤ ਛੱਡੋ ਅੰਦੋਲਨ ਦੀ ਮਹੱਤਤਾ ਬਾਰੇ ਜਾਣੂ ਕਰਾਉਂਦੇ ਹੋਏ ਅਪੀਲ ਕਰਦਿਆਂ ਕਿਹਾ ਕਿ ਉਹ ਵਿਦੇਸ਼ੀ ਧਰਤੀ ਦਾ ਮੋਹ ਤਿਆਗ ਕੇ ਆਜ਼ਾਦੀ ਸੰਘਰਸ਼ ਤੋਂ ਪ੍ਰੇਰਣਾ ਲੈਂਦੇ ਹੋਏ ਦੇਸ਼ 'ਚ ਰਹਿ ਕੇ ਆਪਣਾ ਵੱਡਮੁੱਲਾ ਯੋਗਦਾਨ ਦੇਸ਼ ਦੀ ਤਰੱਕੀ ਵਿੱਚ ਅਦਾ ਕਰਨ। ਇਸ ਮੌਕੇ ਪ੍ਰੋਫੈਸਰ ਸ੍ਰੀ ਐੱਨ ਕੇ ਗੋਸਾਈ ਵੱਲੋਂ ਆਜ਼ਾਦੀ ਸੰਘਰਸ਼ ਵਿੱਚ ਮਹਾਤਮਾ ਗਾਂਧੀ ਦੇ ਯੋਗਦਾਨ ਬਾਰੇ ਚਾਨਣ ਪਾਇਆ। ਇਸ ਮੌਕੇ ਚੇਅਰਮੈਨ, ਲਾਰਡ ਰਾਮਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਰਾਜਨ ਗਰਗ ਵੱਲੋਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ, ਲਾਰਡ ਰਾਮਾ ਸਕੂਲ ਸ੍ਰੀ ਸੂਰਜ ਸੇਤੀਆ ਏਪੀ ਇੰਟਰਨੈਸ਼ਨਲ ਸਕੂਲ ਡਾਇਰੈਕਟਰ ਸ੍ਰੀ ਰਾਜੀਵ ਕੁਮਾਰ, ਸ੍ਰੀ ਰਾਕੇਸ਼ ਕੁਮਾਰ ਨਰੂਲਾ, ਪ੍ਰਧਾਨ ਬਠਿੰਡਾ ਵਿਕਾਸ ਮੰਚ ਤੇ ਸ੍ਰੀ ਰਾਧੇ ਸਿਆਮ ਬਾਂਸਲ, ਪ੍ਰਧਾਨ ਯੋਗ ਸੇਵਾ ਸਮਿਤੀ ਆਦਿ ਹਾਜ਼ਰ ਸਨ।

# ਲੰਗਰ ਹਾਲ ਦੀ ਉਸਾਰੀ ਲਈ ਸਹਾਇਤਾ ਰਾਸ਼ੀ ਦਾ ਚੈੱਕ ਭੇਟ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗੁਰਦੁਆਰਾ ਸਾਹਿਬ ਕਲਾਲ ਮਾਜਰਾ ਵਿਖੇ ਉਸਾਰੇ ਜਾ ਰਹੇ ਲੰਗਰ ਹਾਲ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ 25 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿਗ ਮੈਂਬਰ ਭਾਈ ਪਰਮਜੀਤ ਸਿੰਘ ਖ਼ਾਲਸਾ ਵੱਲੋਂ ਪ੍ਰਬੰਧਕਾਂ ਨੂੰ ਸੌਂਪਿਆ ਗਿਆ। ਇਸ ਮੌਕੇ ਭਾਈ ਖ਼ਾਲਸਾ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਉਜਾਗਰ ਸਿੰਘ ਧਾਲੀਵਾਲ ਦੀ ਅਗਵਾਈ 'ਚ ਸਮੂਹ ਪ੍ਰਬੰਧਕਾਂ ਨੇ ਭਾਈ ਪਰਮਜੀਤ ਸਿੰਘ ਖ਼ਾਲਸਾ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਸਮੇਂ ਭਾਈ ਬਲਵਿੰਦਰ ਸਿੰਘ ਖਜ਼ਾਨਚੀ, ਜਗਤਾਰ ਸਿੰਘ ਢਿੱਲੋਂ, ਗੁਰਮੇਲ ਸਿੰਘ ਰਾਗੀ, ਜਰਨੈਲ ਸਿੰਘ ਬਰਨਾਲਾ, ਬੇਅੰਤ ਸਿੰਘ ਧਾਲੀਵਾਲ, ਪ੍ਰੇਮ ਸਿੰਘ, ਜਗਤਾਰ ਸਿੰਘ, ਲਛਮਣ ਸਿੰਘ, ਹਰਜੀਤ ਸਿੰਘ, ਜਗਸੀਰ ਸਿੰਘ ਚਹਿਲ, ਬਲਵੰਤ ਸਿੰਘ ਕੈਨੇਡੀਅਨ, ਸੇਵਕ ਸਿੰਘ ਕਲਾਲ ਮਾਜਰਾ ਆਦਿ ਹਾਜ਼ਰ ਸਨ।

**ATAM VALVES LIMITED**
Regd. Office: 1051 Industrial Area, Jalandhar -144004, Punjab, India.
Tel.: 91-181-5001111, 5019616/617 Email-cs@atamfebi.com, marketing@atamfebi.com
CIN-L27109PB1985PLC006476

ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 29 ਅਤੇ 47 ਦੀ ਪਾਲਣਾ 'ਚ ਨੋਟਿਸ ਦਿੱਤਾ ਜਾਂਦਾ ਹੈ ਕਿ ਹੋਰਨਾਂ ਕੰਮਾਂ ਦੇ ਨਾਲ-ਨਾਲ 30 ਜੂਨ 2023 ਨੂੰ ਖਤਮ ਹੋਈ ਤਿਮਾਹੀ ਲਈ ਕੰਪਨੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੀ ਮਨਜ਼ੂਰੀ ਅਤੇ ਰਿਕਾਰਡ 'ਤੇ ਲੈਣ ਲਈ ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਦੀ ਮੀਟਿੰਗ ਸੋਮਵਾਰ 14 ਅਗਸਤ 2023 ਨੂੰ ਸ਼ਾਮ ਦੇ 2.00 ਵਜੇ ਇਸ ਦੇ ਰਜਿਸਟਰਡ ਦਫਤਰ ਵਿਖੇ ਹੋਵੇਗੀ।

ਨੋਟਿਸ 'ਚ ਦਿੱਤੀ ਇਹ ਜਾਣਕਾਰੀ ਕੰਪਨੀ ਦੀ ਵੈੱਬਸਾਈਟ **www.atamvalves.in** ਅਤੇ ਬੀ ਐੱਸ ਈ ਦੀ ਵੈੱਬਸਾਈਟ **www.bseindia.com** ਅਤੇ ਐੱਨ ਐੱਸ ਈ **www.nseindia.com** 'ਤੇ ਵੀ ਉਪਲੱਬਧ ਹੈ।

ਵਾਸਤੇ ਆਤਮ ਵਾਲਵਜ਼ ਲਿਮਟਿਡ
ਸਹੀ/-
ਸਥਾਨ : ਜਲੰਧਰ — ਨਤੀਸ਼ਾ ਚੌਧਰੀ
ਮਿਤੀ : 07/08/2023 — ਕੰਪਨੀ ਸੈਕਟਰੀ ਅਤੇ ਕੰਪਲਾਇੰਸ ਅਫਸਰ

**SMFG INDIA CREDIT COMPANY LIMITED**
**(formerly Fullerton India Credit Company Limited)**
SMFG IndiaCredit
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

**ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੀਆਂ ਵਿਵਸਥਾਵਾਂ ਅਧੀਨ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਅਸਾਮਿਆਂ ਦੀ ਵਿਕਰੀ ਲਈ 30 ਦਿਨਾਂ ਦਾ ਨਿਲਾਮੀ ਨੋਟਿਸ।
ਆਮ ਕਰਕੇ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਵਰਨਿਤ ਅਚੱਲ ਜਾਇਦਾਦਾਂ ਸਕਿਉਰਡ ਕ੍ਰੈਡਿਟਰ ਕੋਲ ਗਿਰਵੀ/ਚਾਰਜਡ ਹਨ, ਜਿਸ ਦਾ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪ: ਲਿਮ:) /ਸਕਿਉਰਡ ਕ੍ਰੈਡਿਟਰ ਦਾ ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਹਨਾਂ ਨੂੰ 'ਜਿਵੇਂ ਹੈ ਜਿੱਥੇ ਹੈ', 'ਉੱਥੇ ਜੋ ਹੈ' ਅਤੇ 'ਉੱਥੇ ਜੋ ਵੀ ਹੈ' 11.9.2023 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ (ਹਰੇਕ ਪੰਜ ਮਿੰਟ ਦੇ ਅਸੀਮਤ ਵਾਧੇ ਨਾਲ) ਰੁਪਏ 56,27,393/- (ਰੁਪਏ ਛਪੰਜਾ ਲੱਖ ਸਤਾਈ ਹਜ਼ਾਰ ਤਿੰਨ ਸੌ ਤਿਰਾਨਵੇਂ ਕੇਵਲ) 28 ਅਕਤੂਬਰ 2022 ਤੱਕ ਬਕਾਇਆ ਅਤੇ ਉਸ ਤੋਂ ਪ੍ਰਾਪਤ ਹੋਣ ਦੀ ਮਿਤੀ ਤੱਕ ਹੋਰ ਵਿਆਜ ਤੇ ਹੋਰ ਖਰਚਿਆਂ ਸਮੇਤ ਫੁਲਰਟੋਨ ਇੰਡੀਆ ਕ੍ਰੈਡਿਟ ਇੰਡੀਆ ਲਿਮ:/ਸਕਿਉਰਡ ਕ੍ਰੈਡਿਟਰ ਨੂੰ ਕਰਜ਼ਦਾਰਾਂ ਅਤੇ ਗਰੰਟਰਾਂ ਅਰਥਾਤ 1. ਅਸ਼ੋਕਾ ਨਿਟਿੰਗ ਵਰਕਸ 2. ਅਸ਼ੋਕ ਕੁਮਾਰ 3. ਮਮਤਾ ਰਾਣੀ 4. ਰਾਮ ਗੋਪਾਲ ਨੇ ਅਦਾ ਕਰਨੇ ਹੋਣਗੇ।
ਜਾਇਦਾਦ 1 ਲਈ ਰਾਖਵੀਂ ਕੀਮਤ ਆਈ ਐੱਨ ਆਰ ਰੁਪਏ 30,58,750/- (ਰੁਪਏ ਤੀਹ ਲੱਖ ਅਠਵੰਜਾ ਹਜ਼ਾਰ ਸੱਤ ਸੌ ਪੰਜਾਹ ਕੇਵਲ) ਅਤੇ ਜਾਇਦਾਦ 2 ਲਈ ਰਾਖਵੀਂ ਕੀਮਤ ਆਈ ਐੱਨ ਆਰ ਰੁਪਏ 48,75,938/- (ਰੁਪਏ ਅਠਤਾਲੀ ਲੱਖ ਪੰਝੱਤਰ ਹਜ਼ਾਰ ਨੌਂ ਸੌ ਅਠੱਤੀ ਕੇਵਲ) ਹੈ। ਜਾਇਦਾਦ 1 ਲਈ ਰਕਮ ਬਿਆਨਾ (ਅਚੱਲ ਜਾਇਦਾਦ ਦੇ ਵਰਨਿਤ ਵਜੋਂ) ਆਈ ਐੱਨ ਆਰ ਰੁਪਏ 3,05,875 (ਰੁਪਏ ਤਿੰਨ ਲੱਖ ਪੰਜ ਹਜ਼ਾਰ ਅੱਠ ਸੌ ਪੰਝੱਤਰ ਕੇਵਲ) ਹੋਵੇਗੀ ਅਤੇ ਜਾਇਦਾਦ 2 ਲਈ ਰਕਮ ਬਿਆਨਾ (ਅਚੱਲ ਜਾਇਦਾਦ ਦੇ ਵਰਨਿਤ ਵਜੋ) ਆਈ ਐੱਨ ਆਰ ਰੁਪਏ 4,87,594/- (ਰੁਪਏ ਚਾਰ ਲੱਖ ਸਤਾਸੀ ਹਜ਼ਾਰ ਪੰਜ ਸੌ ਚੌਰਾਨਵੇਂ ਕੇਵਲ) ਹੋਵੇਗੀ।
ਹੋਰ ਜਾਣਕਾਰੀ ਲਈ ਕਿਰਪਾ ਕਰਕੇ ਅਮੀਨ ਕੁਮਾਰ ameen.Kumar@ fullerton.com +91 8685987810 ਅਤੇ ਹਰਮਨੀ ਜੌਲੀ Harmani.jolly@fullertonindia.com + 91 8655901470 'ਤੇ ਸੰਪਰਕ ਕੀਤਾ ਜਾਵੇ।

**ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ ਨੰ: 1, ਖਸਰਾ ਨੰ: 1449, 1450, 1448, 1447, 1499/1 ਗਲੀ ਨੰ: 6, ਬਚਿੱਤਰ ਨਗਰ ਵਾਕਿਆ ਗਿੱਲ ਨੰ: II, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਅਤੇ ਜਾਇਦਾਦ 2, ਖਸਰਾ ਨੰ: 1449, 1450, 1448, 1447 ਵਾਕਿਆ ਗਿੱਲ II ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ।**

ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕ੍ਰਿਪਾ ਕਰਕੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:/ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ www.smfg.india.com/http://smfgindia.auctiontiger.net ਦੇ ਲਿੰਕ ਦਾ ਹਵਾਲਾ ਲਿਆ ਜਾਵੇ।

ਸਥਾਨ : ਲੁਧਿਆਣਾ — ਸਹੀ/-ਅਧਿਕਾਰਤ ਅਫਸਰ
ਮਿਤੀ : 9.8.2023 — ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ:
(ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪ: ਲਿਮ:)

# ਪੰਜਾਬੀ ਗੀਤਕਾਰ ਕੁਲਵਿੰਦਰ ਸਿੱਧੂ ਕਾਮੇਕਾ ਨਾਲ ਕੀਤੀ ਸਾਹਿਤਕ ਮਿਲਣੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੰਜਾਬੀ ਦੇ ਨੌਜਵਾਨ ਗੀਤਕਾਰ ਕੁਲਵਿੰਦਰ ਸਿੱਧੂ ਕਾਮੇਕਾ ਨਾਲ ਸਾਹਿਤਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸਭਾ ਦੇ ਜਨਰਲ ਸਕੱਤਰ ਕੁਲਵੰਤ ਸਰੋਤਾ ਨੇ ਮਹਿਮਾਨ ਗੀਤਕਾਰ ਬਾਰੇ ਸੰਖੇਪ 'ਚ ਜਾਣਕਾਰੀ ਦਿੰਦਿਆਂ ਕਿਹਾ ਕਿ ਕੁਲਵਿੰਦਰ ਸਿੱਧੂ ਦੇ ਗੀਤ ਸਹੀ ਮਾਅਨਿਆਂ 'ਚ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦੇ ਹਨ। ਪੰਜਾਬੀ ਅਖਾਣਾਂ ਤੇ ਮੁਹਾਵਰਿਆਂ ਨੂੰ ਗੀਤਾਂ 'ਚ ਫਿੱਟ ਕਰਨਾ ਅਤੇ ਲੋਪ ਹੋ ਰਹੇ ਸ਼ਬਦਾਂ ਨੂੰ ਗੀਤਾਂ 'ਚ ਇਸਤੇਮਾਲ ਕਰਨ ਦਾ ਕੁਲਵਿੰਦਰ ਨੂੰ ਬਾਖੂਬੀ ਵੱਲ ਹੈ। ਰਚਨਾਵਾਂ ਦੇ ਪਹਿਲੇ ਦੌਰ ਦੌਰਾਨ ਚੌਧਰੀ ਅਮੀ ਚੰਦ ਨੇ ਕਵਿਤਾ, ਬਿੱਕਰ ਸਿੰਘ ਵਿਯੋਗੀ ਨੇ ਦੋ ਖੂਬਸੂਰਤ ਗਜ਼ਲਾਂ, ਅਵਿਨਾਸ਼ ਸਿੰਘ ਖਾਲਸਾ ਨੇ ਧਾਰਮਕ ਗੀਤ, ਸੰਤੋਸ਼ ਕੁਮਾਰੀ ਨੇ ਕੁਝ ਸ਼ੇਅਰ, ਗੁਰਜੰਟ ਸਿੰਘ ਤੱਖੀ ਨੇ ਗੀਤ, ਚੂਹੜ ਸਿੰਘ ਬਰਾੜ ਨੇ ਗੀਤ ਅਤੇ ਸ਼ਮਸ਼ੇਰ ਸਿੰਘ ਗਾਫਿਲ ਨੇ ਵਿਅੰਗ ਢੱਠਾ ਯੂਨੀਅਨ ਪੜ੍ਹ ਕੇ ਸੁਣਾਇਆ। ਗੀਤਕਾਰ ਕੁਲਵਿੰਦਰ ਸਿੱਧੂ ਨੇ ਆਪਣੇ ਗੀਤਕਾਰੀ ਦੇ ਸਫਰ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕੁਝ ਚੋਣਵੇ ਗੀਤ ਵੀ ਸੁਣਾਏ। ਰਚਨਾਵਾਂ ਦੇ ਦੂਜੇ ਦੌਰ ਦੌਰਾਨ ਗੁਰਦੇਵ ਸਿੰਘ ਘਾਰੂ ਨੇ ਕਾਵਿ -ਵਿਅੰਗ, ਬਲਦੇਵ ਸਿੰਘ ਇਕਵੰਨ ਨੇ ਗੀਤ, ਹਰਦੇਵ ਹਮਦਰਦ ਨੇ ਕਵੀਸ਼ਰੀ ਰੰਗ, ਸੁਖਵਿੰਦਰ ਕੌਰ ਸੁੱਖੀ ਨੇ ਤਰੰਨੁਮ 'ਚ ਗੀਤ ਸੁਣਾਇਆ, ਗੁਰਸੇਵਕ ਸਿੰਘ ਬੀੜ ਅਤੇ ਲਖਵਿੰਦਰ ਸਿੰਘ ਸ਼ਰੀਹਵਾਲਾ ਨੇ ਚਿੱਟੇ ਬਾਰੇ ਕਵੀਸ਼ਰੀ ਸੁਣਾਈ। ਗੀਤਕਾਰ ਗੁਰਾਂਦਿੱਤਾ ਸਿੰਘ ਸੰਧੂ ਨੇ ਗੀਤ ਸੁਣਾਇਆ, ਮੋਹਰ ਸਿੰਘ ਗਿੱਲ ਨੇ ਮਿੰਨੀ ਕਹਾਣੀ ਟੂਣਾ ਸੁਣਾਈ, ਸੁਖਜਿੰਦਰ ਸਿੰਘ ਮੁਹਾਰ ਨੇ ਗੀ, ਨੌਜਵਾਨ ਸ਼ਾਇਰ ਜਸਵੀਰ ਫੀਰਾ ਨੇ ਗਜ਼ਲ, ਸਰਦੂਲ ਸਿੰਘ ਬਰਾੜ ਨੇ ਲੋਕ ਬੋਲੀਆਂ ਦੀ ਪੇਸ਼ਕਾਰੀ ਕੀਤੀ ਅਤੇ ਗੁਰਪ੍ਰੀਤ ਸਿੰਘ ਫੌਜੀ ਸਰਪੰਚ ਖੋਖਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪੰਮਾ ਖੋਖਰ ਰਾਜਵਿੰਦਰ ਸਿੰਘ ਰਾਜਾ ਅਤੇ ਮਨਦੀਪ ਕੌਰ ਸਿੱਧੂ ਨੇ ਵੀ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ । ਪੰਜਾਬੀ ਸਾਹਿਤ ਸਭਾ ਵੱਲੋਂ ਮਹਿਮਾਨ ਗੀਤਕਾਰ ਕੁਲਵਿੰਦਰ ਸਿੰਘ ਸਿੱਧੂ ਕਾਮੇਕਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਡਾਇਰੀ ਅਤੇ ਕਲਮ ਨਾਲ ਸਨਮਾਨਤ ਕੀਤਾ ਗਿਆ।

# ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮ 15 ਨੂੰ ਕਾਲੇ ਝੰਡਿਆਂ ਨਾਲ ਵਿਰੋਧ ਪ੍ਰਦਰਸ਼ਨਾਂ 'ਚ ਹੋਣਗੇ ਸ਼ਾਮਲ

**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲ, ਮੀਤ ਪ੍ਰਧਾਨ ਪੰਜਾਬ ਭੁਪਿੰਦਰ ਸਿੰਘ ਨੇ ਅੱਜ ਇਥੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ 'ਚ ਪਹਿਲਾਂ ਰਾਜ ਕਰ ਚੁੱਕੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੁਣ ਆਪ ਸਰਕਾਰ ਵੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਫੀਲਡ ਅਤੇ ਦਫਤਰਾਂ 'ਚ ਬਤੌਰ ਇਨਲਿਸਟਮੈਂਟ ਅਤੇ ਆਊਟਸੋਰਸ ਅਧੀਨ ਕੰਮ ਕਰਦੇ ਠੇਕਾ ਮੁਲਾਜ਼ਮਾਂ ਨਾਲ਼ ਬੇਈਮਾਨੀ ਵਾਲੇ ਵਤੀਰੇ ਨੂੰ ਜਾਰੀ ਰੱਖ ਰਹੀ ਹੈ ਕਿਉਂਕਿ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਉਕਤ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਰੈਗੂਲਰ ਕਰਨ ਸੰਬੰਧੀ ਅਣਗੌਲਿਆ ਕਰਕੇ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸਮੂਹ ਠੇਕਾ ਮੁਲਾਜ਼ਮਾਂ ਨਾਲ਼ ਧ੍ਰੋਹ ਕਮਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਆਪਣੇ ਕਰੀਬ ਡੇਢ ਸਾਲ ਦੇ ਕਾਰਜਕਾਲ 'ਚ ਇਨਲਿਸਟਮੈਂਟ/ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਬਾਰੇ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ। ਜਿਸ ਕਾਰਨ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਵਿਭਾਗਾਂ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ 'ਚ ਰੈਗੂਲਰ ਕਰਨ ਦੀ ਮੰਗ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਘੱਟੋ-ਘੱਟ 20 ਵਾਰ ਮੀਟਿੰਗਾਂ ਕਰਨ ਦਾ ਸਮਾਂ ਖਿਤੀ ਰੂਪ ਵਿਚ ਦੇ ਕੇ ਵੀ ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰ ਚੁੱਕੇ ਹਨ ਉਥੇ ਹੀ ਸਮੂਹ ਵਿਭਾਗਾਂ ਦੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗ 'ਚ ਮਰਜ ਕਰਕੇ ਰੈਗੂਲਰ ਕਰਨ ਦੀ ਮੰਗ ਤੋਂ ਅਣਗੌਲਿਆ ਕੀਤਾ ਗਿਆ ਹੈ। ਜਿਸ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ ਮੋਰਚਾ ਪੰਜਾਬ ਵੱਲੋਂ 15 ਅਗਸਤ ਨੂੰ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਸ਼ਰਮਾ ਜਿੰਪਾ, ਕਿਰਤ ਮੰਤਰੀ ਅਨਮੋਲ ਗਗਨ ਮਾਨ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦਾ ਕਾਲੇ ਝੰਡਿਆਂ ਨਾਲ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਜਿਸ ਵਿਚ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸਾਰੇ ਪੰਜਾਬ ਵਿਚੋਂ ਸੈਂਕੜੇ ਵਰਕਰਾਂ ਸ਼ਾਮਲ ਹੋਣਗੇ



ਸੂਬਾ ਪ੍ਰਧਾਨ ਵਰਿੰਦਰ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਵਾਲਾ ਤੇ ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ ਜਾਣਕਾਰੀ ਦਿੰਦੇ।

# ਹੜ੍ਹ ਪੀੜਤਾਂ ਦੀ ਵਿੱਤੀ ਸਹਾਇਤਾ ਲਈ ਕਾਂਗਰਸ ਵੱਲੋਂ ਰੋਸ ਪ੍ਰਦਰਸ਼ਨ

- ਮਾਨ ਸਰਕਾਰ ਹੜ੍ਹ ਪੀੜਤਾਂ ਲਈ ਤੁਰੰਤ ਮੁਆਵਜ਼ਾ ਰਾਸ਼ੀ ਦਾ ਐਲਾਨ ਕਰੇ : ਵੜਿੰਗ
- ਸਰਕਾਰੀ ਖਜ਼ਾਨੇ 'ਚ ਪਿਆ 7000 ਕਰੋੜ, ਹੜ੍ਹ ਪੀੜਤਾਂ ਨੂੰ ਮੁਆਵਜ਼ਾ ਕਿਉਂ ਨਹੀਂ : ਬਾਜਵਾ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਲੀਡਰਸ਼ਿਪ ਨੇ ਸੂਬੇ ਦੇ ਹੜ੍ਹ ਪੀੜਤਾਂ ਲਈ ਵਿੱਤੀ ਸਹਾਇਤਾ ਦੀ ਮੰਗ ਨੂੰ ਲੈ ਕੇ ਮਾਨਸਾ ਵਿਖੇ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਸੂਬੇ ਵਿੱਚ ਹੜ੍ਹਾਂ ਨੂੰ ਹੋਰ ਤੇਜ਼ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਸਮਰੱਥਾ ਤੇ ਕੁਪ੍ਰਬੰਧਨ ਦੀ ਆਲੋਚਨਾ ਕਰਦਿਆਂ ਵੜਿੰਗ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਵੇਲੇ ਪਾਰਟੀ ਨੇ ਬਰਸਾਤਾਂ ਤੋਂ ਪਹਿਲਾਂ ਡਰੇਨੇਜ ਸਿਸਟਮ ਤੇ ਨਹਿਰਾਂ ਦੇ ਪ੍ਰਬੰਧਨ, ਸਫਾਈ ਤੇ ਮੁਰੰਮਤ ਲਈ 100 ਕਰੋੜ ਰੁਪਏ ਦੇ ਫੰਡ ਅਲਾਟ ਕੀਤੇ ਸਨ, ਜੋ ਲਗਾਤਾਰ ਮੀਂਹ ਦੇ ਪ੍ਰਭਾਵ ਨੂੰ ਘਟਾਉਣ ਲਈ ਸੀ, ਪਰ ਹੁਣ ਫੋਕੀ ਮਸ਼ਹੂਰੀਆਂ ਵਾਲੀ ਸਰਕਾਰ ਸਵੈ-ਤਰੱਕੀ ਤੇ ਹੋਰ ਇਸ਼ਤਿਹਾਰਬਾਜ਼ੀ ਗਤੀਵਿਧੀਆਂ ਲਈ ਫੰਡ ਬਰਬਾਦ ਕੀਤਾ ਜਾ ਰਿਹਾ ਹੈ।

ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮਨੁੱਖ ਦੁਆਰਾ ਸਿਰਜਿਆ ਇੱਕ ਹਾਦਸਾ ਹੈ। ਅਣਜਾਣ ਤੇ ਅਯੋਗ ਆਪ ਸਰਕਾਰ ਦੀ ਲੀਡਰਸ਼ਿਪ ਨੇ ਜਾਣਬੁੱਝ ਕੇ ਆਉਣ ਵਾਲੀ ਤਬਾਹੀ ਨੂੰ ਨਜ਼ਰਅੰਦਾਜ਼ ਕੀਤਾ। ਜੇਕਰ ਉਹ ਜਨਵਰੀ ਜਾਂ ਫਰਵਰੀ 'ਚ ਪ੍ਰਸ਼ਾਸਨ, ਡਿਪਟੀ ਕਮਿਸ਼ਨਰਾਂ ਤੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਮਾਨਸੂਨ ਤੋਂ ਪਹਿਲਾਂ ਤਿਆਰੀਆਂ ਦਾ ਜਾਇਜ਼ਾ ਲੈਂਦੇ, ਨਹਿਰਾਂ ਤੇ ਨਿਕਾਸੀ ਸਿਸਟਮ ਦੇ ਪ੍ਰਬੰਧਨ ਅਤੇ ਮੁਰੰਮਤ 'ਤੇ ਪੈਸਾ ਖਰਚ ਕਰਦੇ ਤਾਂ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਸੀ ਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਸਨ। 'ਆਪ' ਸਰਕਾਰ ਵੱਲੋਂ ਸੂਬੇ 'ਚ ਤਬਾਹੀ ਮਚਾਉਣ ਵਾਲੇ ਹੜ੍ਹਾਂ ਨਾਲ ਜਿਸ ਤਰ੍ਹਾਂ 'ਗਲਤ ਵਿਵਹਾਰ' ਕੀਤਾ ਗਿਆ, ਉਸ 'ਤੇ ਨਿਰਾਸ਼ਾ ਜ਼ਾਹਰ ਕਰਦਿਆਂ ਵੜਿੰਗ ਨੇ ਕਿਹਾ ਕਿ ਮੈਂ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਤੇ ਉੱਥੋਂ ਦੇ ਵਸਨੀਕਾਂ ਨਾਲ ਗੱਲਬਾਤ ਕੀਤੀ। ਉਨ੍ਹਾ ਕਿਹਾ ਕਿ ਸਾਰੇ ਪੀੜਤਾਂ ਦੀ ਇੱਕ ਸਾਂਝੀ ਸ਼ਿਕਾਇਤ ਸੀ ਕਿ ਸਰਕਾਰ ਨੇ 'ਬਦਲਾਵ' ਦੇ ਨਾਂ 'ਤੇ ਵੋਟਾਂ ਲਈਆਂ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਅੱਖਾਂ ਬੰਦ ਕਰ ਲਈਆਂ ਅਤੇ ਸੰਕਟ ਦੌਰਾਨ ਉਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ।

ਵੜਿੰਗ ਨੇ ਦੱਸਿਆ ਕਿ ਕਾਂਗਰਸ ਲੀਡਰਸ਼ਿਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮਾਨਯੋਗ ਰਾਜਪਾਲ ਪੰਜਾਬ ਨੂੰ ਮੰਗ ਪੱਤਰ ਸੌਂਪੇ, ਪੰਜਾਬ ਦੇ ਮੁੱਖ ਮੰਤਰੀ ਨੂੰ ਹੜ੍ਹ ਪੀੜਤਾਂ ਲਈ ਜਲਦੀ ਤੋਂ ਜਲਦੀ ਵਿੱਤੀ ਸਹਾਇਤਾ ਦਾ ਐਲਾਨ ਕਰਨ ਦੀ ਅਪੀਲ ਕੀਤੀ, ਪਰ ਰਾਜ ਨੂੰ 218 ਕਰੋੜ ਰੁਪਏ ਦਾ ਮਾਮੂਲੀ ਮੁਆਵਜ਼ਾ ਮਿਲਿਆ। ਅਸੀਂ ਕਈ ਵਾਰ ਪ੍ਰਸ਼ਾਸਨ ਤੇ ਸੱਤਾਧਾਰੀ ਸਰਕਾਰਾਂ ਨੂੰ ਪੀੜਤਾਂ ਨੂੰ ਵਿੱਤੀ ਸਹਾਇਤਾ ਦੇਣ ਲਈ ਕਈ ਵਾਰ ਬੇਨਤੀ ਕੀਤੀ ਸੀ, ਪਰ ਸਾਡੀ ਸੁਣਵਾਈ ਨਹੀਂ ਹੋਈ। ਕਾਂਗਰਸ ਪ੍ਰਧਾਨ ਨੇ ਚਿਤਾਵਨੀ ਦਿੱਤੀ ਕਿ ਹੁਣ ਅਸੀਂ ਪੀੜਤਾਂ ਲਈ ਮੁਆਵਜ਼ੇ ਦੀ ਮੰਗ ਲਈ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ ਅਤੇ ਸਾਡੀਆਂ ਮੰਗਾਂ ਪੂਰੀਆਂ ਨਾ ਹੋਣ 'ਤੇ ਇਸ ਨੂੰ ਹੋਰ ਤੇਜ਼ ਕਰਾਂਗੇ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਸੂਬੇ ਦੇ ਲੋਕਾਂ ਦੇ ਨਾਲ ਰਹੀ ਹੈ ਤੇ ਹਮੇਸ਼ਾ ਹੀ ਉਨ੍ਹਾਂ ਦੇ ਨਾਲ ਖੜੀ ਰਹੇਗੀ। ਵਿਰੋਧੀ ਧਿਰ ਦੇ ਨੇਤਾ ਸ੍ਰ: ਬਾਜਵਾ ਨੇ ਕਿਹਾ ਕਿ ਸੀਨੀਅਰ ਲੀਡਰਸ਼ਿਪ ਨੇ ਘੱਟੋ-ਘੱਟ 50000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ ਸੀ। ਕਿਸਾਨਾਂ ਲਈ 5 ਲੱਖ ਰੁਪਏ ਦੀ ਵਿੱਤੀ ਸਹਾਇਤਾ, ਜਿਨ੍ਹਾਂ ਦੇ ਘਰ ਨੁਕਸਾਨੇ ਗਏ ਹਨ, ਜ਼ਖ਼ਮੀਆਂ ਨੂੰ 5-5 ਲੱਖ ਤੇ ਦੁਖੀ ਪਰਵਾਰਾਂ ਨੂੰ 10-10 ਲੱਖ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ। ਇਸ ਮੌਕੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ, ਸਾਬਕਾ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ, ਮਹਿਲਾ ਕਾਂਗਰਸ ਪੰਜਾਬ ਦੀ ਪ੍ਰਧਾਨ ਗੁਰਸ਼ਰਨ ਕੌਰ, ਜਨਰਲ ਸਕੱਤਰ ਇੰਚਾਰਜ ਪ੍ਰਦੇਸ ਕਾਂਗਰਸ ਕੈਪਟਨ ਸੰਦੀਪ ਸਿੰਘ ਸੰਧੂ, ਵਿਧਾਇਕ ਹਰਦੇਵ ਸਿੰਘ ਲਾਡੀ ਸ਼ਾਹਕੋਟ, ਮਾਈਕਲ ਗਾਗੋਵਾਲ, ਜ਼ਿਲ੍ਹਾ ਪ੍ਰਧਾਨ ਮਾਨਸਾ, ਜ਼ਿਲ੍ਹਾ ਪ੍ਰਧਾਨ ਬਠਿੰਡਾ (ਦਿਹਾਤੀ) ਖੁਸ਼ਬਾਜ ਸਿੰਘ ਜਟਾਣਾ, ਜ਼ਿਲ੍ਹਾ ਪ੍ਰਧਾਨ ਬਠਿੰਡਾ (ਸ਼ਹਿਰੀ) ਰਾਜਨ ਗਰਗ ਤੋਂ ਇਲਾਵਾ ਪਾਰਟੀ ਅਹੁਦੇਦਾਰ, ਵਰਕਰ ਤੇ ਸਮਰਥਕ ਭਾਰੀ ਗਿਣਤੀ 'ਚ ਰੋਸ ਪ੍ਰਦਰਸ਼ਨ 'ਚ ਹਾਜ਼ਰ ਸਨ।

# ਕੜਮਾ ਦੇ 35 ਗਰੀਬ ਪਰਵਾਰਾਂ ਦੇ ਕੱਟੇ ਰਾਸ਼ਨ ਕਾਰਡ

- ਮੁੱਖ ਮੰਤਰੀ ਤੋਂ ਮੁੜ ਵੈਰੀਫਿਕੇਸ਼ਨ ਕਰਵਾਉਣ ਦੀ ਮੰਗ



**ਮਮਦੋਟ (ਹਰਪਾਲ ਸਿੰਘ ਸੋਢੀ)**

ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਵਿੱਚ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਕਰਵਾਈ ਗਈ ਹੈ ਤਾਂ ਜੋ ਕੇਵਲ ਯੋਗ ਲਾਭਪਾਤਰੀਆਂ ਨੂੰ ਇਸ ਦਾ ਫਾਇਦਾ ਮਿਲ ਸਕੇ, ਪਰ ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਅਧੀਨ ਬਲਾਕ ਮਮਦੋਟ ਦੇ ਪਿੰਡ ਕੜਮਾ ਵਿਖੇ ਰਾਸ਼ਨ ਕਾਰਡਾਂ ਸਬੰਧੀ ਕੀਤੀ ਗਈ ਵੈਰੀਫਿਕੇਸ਼ਨ ਸ਼ਾਇਦ ਪਟਵਾਰੀ ਸਾਹਿਬਾਨ ਜਾਂ ਇਨ੍ਹਾਂ ਸਹਾਇਕਾਂ ਨੇ ਆਪਣੇ ਦਫਤਰ ਜਾਂ ਬੰਦ ਕਮਰੇ ਵਿੱਚ ਬੈਠ ਕੇ ਵੈਰੀਫਿਕੇਸ਼ਨ ਕੀਤੀ ਹੈ, ਜਿਸ ਦੇ ਚੱਲਦਿਆਂ ਪਿੰਡ ਕੜਮਾ ਦੇ 35 ਅਜਿਹੇ ਪਰਵਾਰਾਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਗਏ ਹਨ, ਜਿਨ੍ਹਾਂ ਦੀ ਕੋਈ ਵੀ ਜ਼ਮੀਨ ਜਾਇਦਾਦ ਨਹੀਂ ਅਤੇ ਇਹ ਗਰੀਬ ਤੇ ਦਲਿਤ ਲੋਕ ਆਪਣੇ ਪਰਵਾਰਾਂ ਦਾ ਗੁਜ਼ਾਰਾ ਕਰਨ ਲਈ ਖੇਤਾਂ ਵਿੱਚ ਕੇਵਲ ਮਿਹਨਤ ਮਜ਼ਦੂਰੀ ਦਾ ਕੰਮ ਕਰਦੇ ਹਨ ਤੇ ਇਨ੍ਹਾਂ ਗਰੀਬ ਪਰਵਾਰਾਂ ਦੇ ਰਾਸ਼ਨ ਕਾਰਡ ਕੱਟੇ ਜਾਣ ਤੋਂ ਬਾਅਦ ਇਨ੍ਹਾਂ ਗਰੀਬ ਲੋਕਾਂ ਦੀ ਸਮੱਸਿਆ ਹੱਲ ਕਰਨ ਲਈ ਸਬੰਧਤ ਮਹਿਕਮਾ ਤੇ ਜ਼ਿਲ੍ਹਾ ਪ੍ਰਸ਼ਾਸਨ ਹਲਕਾ ਵਿਧਾਇਕ ਵੀ ਅਸਮਰੱਥ ਦਿਖਾਈ ਦੇ ਰਹੇ ਹਨ ਅਤੇ ਡਿੱਪੂ 'ਤੇ ਕਣਕ ਆਉਣ ਦੇ ਬਾਵਜੂਦ ਇਹ ਗਰੀਬ ਪਰਿਵਾਰ ਕਣਕ ਪ੍ਰਾਪਤੀ ਲਈ ਦਰ-ਦਰ ਇਧਰ-ਉਧਰ ਭਟਕ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਵੰਤ ਕੌਰ, ਕੁਲਵੰਤ ਸਿੰਘ, ਕੁਲਵਿੰਦਰ ਕੌਰ, ਰਣਜੀਤ ਕੌਰ, ਸਿਮਰਨਜੀਤ ਕੌਰ, ਗੀਤਾ ਰਾਣੀ, ਰਜਨੀ ਬਾਲਾ, ਜੋਤੀ, ਸੰਦੀਪ ਕੌਰ, ਕ੍ਰਿਸ਼ਨਾ ਰਾਣੀ, ਪਲਵਿੰਦਰ ਸਿੰਘ, ਸੁਮਨ, ਜੰਗੀਰ ਕੌਰ, ਬਲਜੀਤ ਕੌਰ, ਗੀਤਾ ਰਾਣੀ, ਕੁਲਵਿੰਦਰ ਕੌਰ, ਸੁਰਜੀਤ ਕੌਰ, ਕਸ਼ਮੀਰ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਰਾਜਵਿੰਦਰ ਕੌਰ, ਤਜਿੰਦਰ ਕੌਰ, ਕੁਸ਼ਲਿਆ ਰਾਣੀ, ਸਵਰਨ ਕੌਰ, ਰਾਜਵਿੰਦਰ ਕੌਰ, ਮਨਜੀਤ ਕੌਰ, ਸੁਰਜੀਤ ਕੌਰ ਆਦਿ ਨੇ ਦੱਸਿਆ ਕਿ ਅਸੀਂ ਗਰੀਬ ਜਨਤਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੋਟਾਂ ਪਾ ਕੇ ਪੰਜਾਬ ਵਿੱਚ ਬਦਲਾ ਲਿਆਂਦਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਵਿੱਚ ਗਰੀਬ ਜਨਤਾ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ, ਪਰ ਇਸ ਸਰਕਾਰ ਦੇ ਰਾਜ ਵਿੱਚ ਹੋ ਇਸ ਤੋਂ ਉਲਟ ਰਿਹਾ ਹੈ। ਲੋੜਵੰਦ ਗਰੀਬਾਂ ਨੂੰ ਸਰਕਾਰ ਦੀਆਂ ਸਕੀਮਾਂ ਤੋਂ ਵਾਂਝਿਆ ਕੀਤਾ ਜਾ ਰਿਹਾ ਹੈ। ਪਿੰਡ ਕੜਮਾ ਦੀ ਸਮੂਹ ਪੰਚਾਇਤ ਤੇ ਸਰਪੰਚ ਬਲਜੀਤ ਸਿੰਘ, ਮਿਹਨਤਕਸ਼ ਗਰੀਬ ਦਲਿਤ ਪਰਵਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਸਾਡੇ ਪਿੰਡ ਦੀ ਨਿਰਪੱਖ ਜਾਂਚ ਕਰਵਾ ਕੇ ਵੈਰੀਫਿਕੇਸ਼ਨ ਦੁਬਾਰਾ ਕਰਵਾ ਕੇ ਲੋੜਵੰਦ ਦਲਿਤ ਸਮਾਜ ਦੇ ਗਰੀਬ ਪਰਵਾਰਾਂ ਦੇ ਕਾਰਡ ਬਹਾਲ ਕੀਤੇ ਜਾਣ ਤਾਂ ਜੋ ਲੋੜਵੰਦ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਦਾ ਲਾਭ ਮਿਲ ਸਕੇ।

## ਕਾਤਰਾਂ

### ਵਿਕਾਸ ਕਾਰਜ ਸ਼ੁਰੂ ਕਰਾਉਣ 'ਤੇ ਵਿਧਾਇਕ ਦਾ ਕੀਤਾ ਧੰਨਵਾਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਦੇ ਪਿੰਡ ਮੌੜ ਨੌ ਅਬਾਦ ਵਿਖੇ ਵਿਧਾਇਕ ਅੰਮ੍ਰਿਤਪਾਲ ਸਿੰਘ ਦੇ ਯਤਨਾਂ ਸਦਕਾ ਲੋਕਾਂ ਦੀ ਮੰਗ ਅਨੁਸਾਰ ਲੋੜੀਂਦੇ ਵਿਕਾਸ ਕਾਰਜ ਸ਼ੁਰੂ ਕੀਤੇ ਜਾਣ 'ਤੇ ਪਾਰਟੀ ਦੇ ਸੀਨੀਅਰ ਵਲੰਟੀਅਰ ਰਵੀ ਮੌੜ ਨੇ ਵਿਧਾਇਕ ਅੰਮ੍ਰਿਤਪਾਲ ਸਿੰਘ ਦਾ ਧੰਨਵਾਦ ਕੀਤਾ। ਰਵੀ ਮੌੜ ਨੇ ਸਥਾਨਕ ਨਹਿਰੂ ਮੰਡੀ ਵਿਖੇ ਦੱਸਿਆ ਕਿ ਪਿੰਡ 'ਚ ਸੀਵਰੇਜ ਦੇ ਵਾਟਰ ਟ੍ਰੀਟਮੈਂਟ ਪਲਾਂਟ ਤੋਂ ਖੇਤਾਂ ਤੱਕ ਸਿੰਚਾਈ ਲਈ ਪਾਣੀ ਪੁੱਜਦਾ ਕਰਨ ਲਈ ਪਾਈਪ ਲਾਈਨ ਦਾ ਕੰਮ ਪੂਰਾ ਹੋ ਚੁੱਕਾ ਹੈ, ਇਸ ਤੋਂ ਇਲਾਵਾ ਖੇਡ ਦੇ ਮੈਦਾਨ ਦਾ ਕੰਮ ਵੀ ਸ਼ੁਰੂ ਹੋ ਚੁੱਕਾ ਹੈ। ਇਸ ਤੋਂ ਇਲਾਵਾ ਪਾਰਕ ਦਾ ਕੰਮ ਵੀ ਬਹੁਤ ਜਲਦ ਸ਼ੁਰੂ ਹੋ ਰਿਹਾ ਹੈ। ਰਵੀ ਮੌੜ ਨੇ ਦੱਸਿਆ ਕਿ ਉਕਤ ਅਹਿਮ ਵਿਕਾਸ ਕਾਰਜਾਂ ਦਾ ਉਦਘਾਟਨ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਆਉਂਦੇ ਦਿਨਾਂ ਵਿੱਚ ਕਰਨ ਜਾ ਰਹੇ ਹਨ। ਰਵੀ ਮੌੜ ਨੇ ਦੱਸਿਆ ਕਿ ਪਿੰਡ 'ਚ ਪਾਈਪ ਲਾਈਨ ਪੈਣ ਨਾਲ ਜਿਨ੍ਹਾਂ ਕਿਸਾਨਾਂ ਕੋਲ ਬੋਰ ਨਹੀਂ ਹਨ ਜਾਂ ਕਿਸੇ ਵੀ ਤਰ੍ਹਾਂ ਖੇਤਾਂ ਲਈ ਪਾਣੀ ਦੀ ਸਹੂਲਤ ਨਹੀਂ ਸੀ, ਹੁਣ ਉਨ੍ਹਾਂ ਨੂੰ ਬਹੁਤ ਹੀ ਫਾਇਦਾ ਮਿਲੇਗਾ। ਮੌੜ ਨੇ ਕਿਹਾ ਕਿ ਸਾਡੇ ਪਿੰਡ ਤੋਂ ਇਲਾਵਾ ਹੋਰਨਾਂ ਪਿੰਡਾਂ ਵਿੱਚ ਵੀ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ। ਇਸ ਮੌਕੇ ਹਰਜੀਤ ਸਿੰਘ ਫੌਜੀ, ਜਸਕਰਨ ਸਿੰਘ ਫੌਜੀ, ਭੋਲਾ ਸਿੰਘ ਮੈਂਬਰ, ਬਲਰਾਜ ਸਿੰਘ ਬਾਜੀ, ਜੀਵਨ ਸਿੰਘ ਮੇਰਾਵ ਆਦਿ ਨੇ ਵੀ ਵਿਧਾਇਕ ਦਾ ਧੰਨਵਾਦ ਕੀਤਾ।

### ਝਪਟ ਮਾਰ ਕੇ ਵਾਲੀ ਉਤਾਰਨ ਵਾਲੇ 2 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਸੁਬਾਜਕੇ ਵਿਖੇ ਝਪਟ ਮਾਰ ਕੇ ਔਰਤ ਦੀ ਸੋਨੀ ਦੀ ਵਾਲੀ ਉਤਾਰਨ ਵਾਲੇ 2 ਵਿਅਕਤੀਆਂ ਖਿਲਾਫ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਸੁਰਜੀਤ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਢਾਣੀ ਨੱਥਾ ਸਿੰਘ ਦਾਖਲੀ ਢੰਡੀ ਕਦੀਮ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 7 ਅਗਸਤ ਨੂੰ ਉਹ (ਮੁਦੱਈ) ਆਪਣੀ ਮਾਤਾ ਬੰਸੋ ਬਾਈ ਅਤੇ ਆਪਣੀ ਭਤੀਜੀ ਅਮਨਦੀਪ ਕੌਰ ਨਾਲ ਕਰੀਬ 3 ਵਜੇ ਘਰੇਲੂ ਵਰਤੋਂ ਦਾ ਸਮਾਨ ਲੈਣ ਲਈ ਆਪਣੇ ਮੋਟਰਸਾਈਕਲ 'ਤੇ ਜਲਾਲਾਬਾਦ ਸ਼ਹਿਰ ਆਏ ਸੀ ਅਤੇ ਦੇਰ ਸ਼ਾਮ ਕਰੀਬ 6.30 ਵਜੇ ਉਹ ਸਮਾਨ ਖਰੀਦ ਕੇ ਆਪਣੇ ਘਰ ਵਾਪਸ ਜਾ ਰਹੇ ਸੀ ਅਤੇ ਰਸਤੇ ਵਿਚ ਸੁਬਾਜਕੇ ਦੇ ਕੋਲ ਜਸਵੰਤ ਸਿੰਘ ਪੁੱਤਰ ਸੋਨਾ ਸਿੰਘ ਵਾਸੀ ਕੱਟੀਆਂਵਾਲਾ ਅਤੇ ਕਾਲਾ ਸਿੰਘ ਵਾਸੀ ਟਿਵਾਣਾ ਆਪਣੇ ਮੋਟਰਸਾਈਕਲ 'ਤੇ ਆਏ, ਜੋ ਨੇ ਉਸ ਦੀ ਮਾਤਾ ਬੰਸੋ ਬਾਈ ਦੇ ਸੱਜੇ ਕੰਨ ਵਿਚ ਪਾਈ ਸੋਨੇ ਦੀ ਵਾਲੀ ਨੂੰ ਝਪਟ ਮਾਰ ਕੇ ਲੈ ਗਏ ਹਨ। ਜਿਸ 'ਤੇ ਪੁਲਸ ਨੇ ਸੁਰਜੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਜਸਵੰਤ ਸਿੰਘ ਅਤੇ ਕਾਲਾ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। ਪੁਲਸ ਨੇ ਨਾਮਜ਼ਦ ਜਸਵੰਤ ਸਿੰਘ ਨੂੰ ਮੋਟਰਸਾਈਕਲ ਅਤੇ 4 ਗ੍ਰਾਮ ਸੋਨੇ ਦੀ ਵਾਲੀ ਸਮੇਤ ਕਾਬੂ ਕਰ ਲਿਆ ਹੈ, ਜਦਕਿ ਕਾਲਾ ਸਿੰਘ ਅਜੇ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ।

### ਅੱਖਾਂ ਦੀ ਲਾਗ ਅੱਗੇ ਫੈਲਣ ਤੋਂ ਰੋਕਣ ਲਈ ਸਾਵਧਾਨੀਆਂ ਵਰਤਣੀਆਂ ਜ਼ਰੂਰੀ : ਡਾ. ਦਵਿੰਦਰਜੀਤ ਕੌਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਵਿਭਾਗ ਫਤਹਿਗੜ੍ਹ ਸਾਹਿਬ ਵੱਲੋਂ ਅੱਖਾਂ ਵਿੱਚ ਇੰਫੈਕਸ਼ਨ ਪ੍ਰਤੀ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹੈ ਹੈ। ਜਾਣਕਾਰੀ ਦਿੰਦੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਅੱਖਾਂ ਦੇ ਫਲੂ ਪ੍ਰਤੀ ਸੁਚੇਤ ਹੋਣਾ ਜ਼ਰੂਰੀ ਹੈ। ਅੱਖਾਂ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਇੰਫੈਕਸ਼ਨ ਨਾਲ ਆਈ ਲਾਲੀ ਲਾਗ ਦੀ ਬਿਮਾਰੀ ਦੀ ਨਿਸ਼ਾਨੀ ਹੈ। ਅੱਖਾਂ ਵਿੱਚ ਕਿਸੇ ਤਰ੍ਹਾਂ ਦੀ ਇਨਫੈਕਸ਼ਨ ਹੋਣ 'ਤੇ ਘਰੇਲੂ ਉਪਚਾਰਾਂ ਤੋਂ ਬਚਣਾ ਚਾਹੀਦਾ ਹੈ ਤੇ ਸਰਕਾਰੀ ਸਿਹਤ ਕੇਂਦਰਾਂ ਵਿਖੇ ਇਲਾਜ ਲਈ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਅੱਖਾਂ ਦੇ ਫਲੂ ਦੇ ਲੱਛਣਾਂ 'ਚ ਅੱਖਾਂ ਵਿੱਚ ਖੁਜਲੀ, ਅੱਖਾਂ ਦਾ ਲਾਲ ਹੋਣਾ, ਪਲਕਾਂ ਵਿੱਚ ਸੋਜ ਅਤੇ ਲਾਗ ਵਾਲੀ ਅੱਖ ਵਿੱਚੋਂ ਸਫੈਦ ਡਿਸਚਾਰਜ ਹਨ। ਇਹ ਇੱਕ ਵਾਇਰਲ ਲਾਗ ਹੈ ਅਤੇ ਇੱਕ ਹਫ਼ਤੇ ਤੱਕ ਰਹਿੰਦੀ ਹੈ। ਇੱਕ ਇਨਫੈਕਟਿਡ ਵਿਅਕਤੀ ਤੋਂ ਦੂਜੇ ਨੂੰ ਅਤੇ ਵਰਤੇ ਗਏ ਸਮਾਨ ਜਿਵੇਂ ਦਰਵਾਜ਼ੇ ਦੇ ਹੈਂਡਲ, ਟੇਬਲ, ਪੈਨ ਆਦਿ ਚੀਜ਼ਾਂ ਰਾਹੀਂ ਫੈਲਦਾ ਹੈ। ਉਨ੍ਹਾਂ ਕਿਹਾ ਕਿ ਸੰਕਰਮਿਤ ਵਿਅਕਤੀਆਂ ਦੇ ਤੌਲੀਏ, ਬਿਸਤਰੇ ਦੀਆਂ ਚਾਦਰਾਂ ਅਤੇ ਹੋਰ ਕੱਪੜੇ ਵੱਖ ਕੀਤੇ ਜਾਣੇ ਚਾਹੀਦੇ ਹਨ ਅਤੇ ਪਰਵਾਰ ਦੇ ਹੋਰ ਮੈਂਬਰਾਂ ਨੂੰ ਬਿਮਾਰੀ ਫੈਲਣ ਤੋਂ ਰੋਕਣ ਲਈ ਨਿਯਮਤ ਤੌਰ 'ਤੇ ਹੱਥ ਧੋਣੇ ਚਾਹੀਦੇ ਹਨ।

### ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਚਾਰ ਮੈਂਬਰ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਸਰਹਿੰਦ ਦੀ ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਤਿਲਕ ਰਾਜ ਨੇ ਦੱਸਿਆ ਕਿ ਬੀਤੇ ਮਹੀਨੇ ਹਥਿਆਰਬੰਦ ਵਿਅਕਤੀ ਪਿੰਡ ਤਰਖਾਣ ਮਾਜਰਾ ਨੇੜਿਓਂ ਇੱਕ ਮੋਟਰਸਾਈਕਲ, ਮੋਬਾਈਲ ਫੋਨ ਤੇ 70 ਹਜ਼ਾਰ ਰੁਪਏ ਦੀ ਨਕਦੀ ਖੋਹ ਕੇ ਫਰਾਰ ਹੋ ਗਏ ਸਨ, ਜਿਸ ਸਬੰਧੀ ਸ਼ੁਭਮ ਗਾਬਾ ਵਾਸੀ ਸਰਹਿੰਦ ਦੀ ਸ਼ਿਕਾਇਤ 'ਤੇ ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਕਰਕੇ ਕੀਤੀ ਗਈ ਤਫਤੀਸ਼ ਦੌਰਾਨ ਗੁਪਤ ਸੂਚਨਾ ਦੇ ਆਧਾਰ 'ਤੇ ਪਿੰਡ ਭੀਖੀ ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਰਣਜੀਤ ਸਿੰਘ, ਦਿਲਪ੍ਰੀਤ, ਸੱਤੂ ਤੇ ਸੋਨੂੰ ਨਾਮਕ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਕੋਲੋਂ ਵਾਰਦਾਤ 'ਚ ਵਰਤੀ ਗਈ ਫੋਰਡ ਫੀਗੋ ਕਾਰ, ਤੇਜ਼ਧਾਰ ਹਥਿਆਰ, ਇੱਕ ਮੋਟਰਸਾਈਕਲ, 15 ਹਜ਼ਾਰ ਰੁਪਏ ਦੀ ਨਕਦੀ ਤੇ ਵੱਖ-ਵੱਖ ਥਾਵਾਂ ਤੋਂ ਖੋਹੇ ਗਏ 19 ਮੋਬਾਈਲ ਫੋਨ ਬਰਾਮਦ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਇੱਕ ਹੋਰ ਸਾਥੀ ਦੀ ਭਾਲ ਜਾਰੀ ਹੈ।

# ਨਸ਼ਾ ਰੋਕੂ ਐਕਸ਼ਨ ਕਮੇਟੀ ਵੱਲੋਂ ਮੈਡੀਕਲ ਨਸ਼ੇ ਨੂੰ ਠੱਲ੍ਹਣ ਲਈ ਵਿਚਾਰ-ਚਰਚਾ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਪਿੰਡ ਲੌਂਗੋਵਾਲ ਵਿੱਚ ਨਸ਼ਾ ਰੋਕੂ ਐਕਸ਼ਨ ਕਮੇਟੀ ਲੌਂਗੋਵਾਲ ਵੱਲੋਂ ਕਾਰਜਕਾਰੀ ਕਮੇਟੀ ਚੁਣੀ ਗਈ ਮੈਡੀਕਲ ਨਸ਼ੇ ਚਿੱਟੇ ਦੇ ਟੀਕੇ ਨੂੰ ਠੱਲ੍ਹ ਪਾਉਣ ਲਈ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਕਨਵੀਨਰ ਪਿਰਥੀ ਸਿੰਘ, ਖਜ਼ਾਨਚੀ ਹਰਵਿੰਦਰ ਸਿੰਘ, 32 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਕਿਰਤੀ ਕਿਸਾਨ ਯੂਨੀਅਨ ਵੱਲੋਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਲਖਵੀਰ ਸਿੰਘ, ਕੁਲਵਿੰਦਰ ਸਿੰਘ ਸੋਨੀ, ਅਮਰ ਸਿੰਘ, ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਭੋਲਾ ਸਿੰਘ, ਦਾਰਾ ਸਿੰਘ, ਪ੍ਰਗਟ ਸਿੰਘ, ਕਿਸਾਨ ਯੂਨੀਅਨ ਡਕੌਂਦਾ ਵੱਲੋਂ ਰਣਜੀਤ ਸਿੰਘ, ਰੂਪ ਸਿੰਘ, ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮਾ. ਬਲਵੀਰ ਚੰਦ, ਜੁਝਾਰ ਸਿੰਘ, ਕਮਲਜੀਤ ਸਿੰਘ ਵਿੱਕੀ, ਤਰਕਸ਼ੀਲ ਕਮੇਟੀ ਲੌਂਗੋਵਾਲ ਵੱਲੋਂ ਅਮਰਜੀਤ ਸਿੰਘ, ਸਤਨਾਮ ਸਿੰਘ ਰੱਤੋਕੇ, ਗੁਰਪ੍ਰੀਤ ਸਿੰਘ ਰੱਤੋਕੇ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਕਮਲ ਸਿੰਘ ਬਰਾੜ, ਗੁਰਮੀਤ ਸਿੰਘ ਫੌਜੀ, ਸੁੱਕਰਪਾਲ ਸਿੰਘ ਬਟੂਹਾ, ਬਲਵਿੰਦਰ ਸਿੰਘ ਕਾਲਾ, ਨਗਰ ਕੌਂਸਲ ਕਮੇਟੀ ਲੌਂਗੋਵਾਲ ਵੱਲੋਂ ਅੰਮ੍ਰਿਤਪਾਲ ਸਿੰਘ ਸਿੱਧੂ, ਸਿੰਦਰ ਕੌਰ, ਹਰਦੀਪ ਕੌਰ, ਕਰਮਜੀਤ ਕੌਰ, ਖੁਸ਼ਪ੍ਰੀਤ ਕੌਰ ਨੇ ਕਿਹਾ ਕਿ ਕਮੇਟੀ, ਜੋ ਵੀ ਵਿਉਂਤਬੰਦੀ ਕਰੇਗੀ, ਉਸ ਹਿਸਾਬ ਨਾਲ ਹੀ ਕਾਰਜ ਉਲੀਕੇ ਜਾਣਗੇ। ਇਸ ਮੌਕੇ ਜਸਵਿੰਦਰ ਸਿੰਘ ਸੋਮਾ ਸੂਬਾ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ, ਭੁਪਿੰਦਰ ਸਿੰਘ ਸੂਬਾ ਆਗੂ ਕਿਰਤੀ ਕਿਸਾਨ ਯੂਨੀਅਨ, ਮਾ. ਬਲਵੀਰ ਚੰਦ ਸੂਬਾ ਆਗੂ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸੰਬੋਧਨ ਕੀਤਾ।

# 'ਆਪ' 'ਚ ਸ਼ਾਮਲ ਹੋਣ ਵਾਲੀਆਂ 26 ਪੰਚਾਇਤਾਂ ਦਾ ਸਨਮਾਨ

- ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਬਣ ਰਿਹੈ ਰੰਗਲਾ ਪੰਜਾਬ : ਜੌੜਾਮਾਜਰਾ



**ਸਮਾਣਾ (ਇਕਬਾਲ ਸਿੰਘ ਬੱਲ)**

ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ੍ਰ. ਚੇਤਨ ਸਿੰਘ ਜੌੜਾਮਾਜਰਾ ਨੇ ਇੱਥੇ ਸੰਗਰੂਰ ਰੋਡ 'ਤੇ ਸਥਿਤ ਪਿੰਡ ਸ਼ੇਖੂਪੁਰਾ ਵਿਖੇ ਇੱਕ ਸਮਾਰੋਹ ਮੌਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੀਆਂ 26 ਪੰਚਾਇਤਾਂ ਦਾ ਸਨਮਾਨ ਕਰਦਿਆਂ ਸਵਾਗਤ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਸੂਬੇ ਦੇ ਹਰ ਵਰਗ ਦੀ ਬਾਂਹ ਫੜੀ ਹੈ, ਜਿਸ ਕਰਕੇ ਆਪ ਦੇ ਪਰਵਾਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਹਰੇਕ ਆਗੂ ਤੇ ਵਰਕਰ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।

ਸ੍ਰ. ਜੌੜਾਮਾਜਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਦੀ ਆਪ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਰਹੀ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤਾ ਹਰੇਕ ਵਾਅਦਾ ਪੂਰਾ ਕਰ ਰਹੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਭਾਰੀ ਮੀਂਹ ਸਮੇਤ ਘੱਗਰ ਤੇ ਹੋਰ ਦਰਿਆਵਾਂ ਦੇ ਪਾਣੀ ਕਰਕੇ ਹੜ੍ਹਾਂ ਨਾਲ ਹੋਏ ਫ਼ਸਲਾਂ, ਘਰਾਂ ਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ 15 ਅਗਸਤ ਤੱਕ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦਿੱਤਾ ਜਾਵੇਗਾ। ਇਸ ਦੌਰਾਨ ਹਲਕਾ ਸਮਾਣਾ ਦੀਆਂ 26 ਵੱਖ-ਵੱਖ ਪਿੰਡਾਂ ਦੇ ਪੰਚਾਂ ਤੇ ਸਰਪੰਚਾਂ ਸਮੇਤ ਹੋਰ ਪਤਵੰਤਿਆਂ ਦਾ ਆਪ ਪਾਰਟੀ 'ਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ।

ਉਨ੍ਹਾਂ ਦੇ ਨਾਲ ਹਰਜਿੰਦਰ ਸਿੰਘ ਮਿੰਟੂ, ਐਡਵੋਕੇਟ ਗੁਲਜ਼ਾਰ ਸਿੰਘ ਵਿਰਕ, ਗੁਰਦੇਵ ਸਿੰਘ ਟਿਵਾਣਾ, ਬਲਕਾਰ ਸਿੰਘ ਗੱਜੂਮਾਜਰਾ, ਅਮਰਦੀਪ ਸਿੰਘ ਸੋਨੂ ਥਿੰਦ, ਬਲਾਕ ਪ੍ਰਧਾਨ ਅਮਰੀਕ ਸਿੰਘ, ਜਤਿੰਦਰ ਬਠੋਈ, ਜਤਿੰਦਰ ਝੰਡੀ, ਰਾਮ ਸਿੰਘ ਫਤਹਿਪੁਰ ਸਮੇਤ ਵੱਡੀ ਗਿਣਤੀ ਹੋਰ ਪਤਵੰਤੇ ਹਾਜ਼ਰ ਸਨ।

# ਜੰਗਲਾਤ ਵਰਕਰਾਂ ਦੇ ਧਰਨੇ ਦੌਰਾਨ ਗੂੰਜਿਆ ਵਣ ਕੰਪਲੈਕਸ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਬੀਤੇ ਦਿਨੀਂ ਵਣ ਕੰਪਲੈਕਸ ਮੋਹਾਲੀ ਵਿਖੇ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਲਾਏ ਧਰਨੇ ਵਿੱਚ ਪੰਜਾਬ ਦੇ ਸਮੁੱਚੇ ਜ਼ਿਲ੍ਹਿਆ ਤੋਂ ਵੱਡੀ ਗਿਣਤੀ ਵਿੱਚ ਵਰਕਰ ਧਰਨੇ ਵਿੱਚ ਸ਼ਾਮਲ ਹੋਏ।ਇਸ ਮੌਕੇ ਸਟੇਟ ਪ੍ਰਧਾਨ ਅਮਰੀਕ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ, ਰਣਜੀਤ ਸਿੰਘ, ਬਲਬੀਰ ਸਿੰਘ ਨੇ ਕਿਹਾ ਕਿ ਜੰਗਲਾਤ ਤੇ ਜੰਗਲੀ ਜੀਵ ਵਿਭਾਗ ਵਿੱਚ ਕੰਮ ਕਰਦੇ ਤਿੰਨ ਸਾਲ ਦੀ ਸਰਵਿਸ ਵਾਲੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਜੰਗਲੀ ਜੀਵ ਵਿਭਾਗ ਵਿੱਚ ਕੰਮ ਕਰਦੇ ਵਰਕਰਾਂ ਨੂੰ 25 ਵੱਧ ਰੇਟਾਂ ਨਾਲ ਤਨਖਾਹ ਦਿੱਤੀ ਜਾਵੇ, ਵਰਕਰਾਂ ਦਾ ਈਪੀਐੱਫ ਤੇ ਜੀਆਈਐੱਸ ਕੱਟਿਆ ਜਾਵੇ।ਰੈਲੀ ਉਪਰੰਤ ਜਦੋਂ ਵਰਕਰਾਂ ਨੇ ਵਣ ਕੰਪਲੈਕਸ ਘੇਰਿਆ ਤਾਂ ਪ੍ਰਧਾਨ ਮੁੱਖ ਵਣ ਪਾਲ ਨੇ ਜਥੇਬੰਦੀ ਨੂੰ 18 ਅਗਸਤ ਨੂੰ ਮੀਟਿੰਗ ਦਾ ਸਮਾਂ ਦਿੱਤਾ ਤਾਂ ਜਾ ਕੇ ਵਣ ਕਾਮੇ ਸ਼ਾਂਤ ਹੋਏ।ਇਸ ਸਮੇਂ ਬਲਬੀਰ ਸਿੰਘ ਗੋਖੀਵਾਲਾ, ਗੁਰਬੀਰ ਸਿੰਘ, ਸੁੱਖਣ ਸਿੰਘ, ਕੁਲਦੀਪ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ, ਰਾਮ ਸਿੰਘ, ਗੁਰਬਚਨ ਸਿੰਘ, ਬਾਕੇ ਲਾਲ, ਕੁਲਵੰਤ ਸਿੰਘ ਹਬੀਬ ਵਾਲਾ ਆਦਿ ਹਾਜ਼ਰ ਸਨ।

# ਕੌਸ਼ਲ ਮਲਿਕ ਦੀ ਯਾਦ 'ਚ ਸਕੂਲ ਨੂੰ ਪੱਖੇ ਦਾਨ



ਸਕੂਲ ਨੂੰ ਪੱਖੇ ਦਾਨ ਕਰਦੇ ਹੋਏ ਕਲੱਬ ਮੈਂਬਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਦੇ ਵਾਇਸ ਪ੍ਰਧਾਨ ਕਪਿਲ ਕੌਸ਼ਲ ਮਲਿਕ ਵੱਲੋਂ ਆਪਣੇ ਪਿਤਾ ਸਵ: ਕੌਸ਼ਲ ਮਲਿਕ ਦੇ ਜਨਮ ਦਿਨ ਉੱਤੇ ਸਰਕਾਰੀ ਮਿਡਲ ਸਕੂਲ ਨਿਆਲ ਵਿਖੇ ਚਾਰ ਅਗਜਾਸਟ ਪੱਖੇ ਦਾਨ ਕੀਤੇ ਗਏ। ਕਲੱਬ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਰੋਟਰੀ ਇੰਟਰਨੈਸ਼ਨਲ ਦਾ ਮੁੱਖ ਉਦੇਸ਼ ਬੁਨਿਆਦੀ ਸਿੱਖਿਆ ਅਤੇ ਸਾਖਰਤਾ ਹੈ। ਇਸ ਤਹਿਤ ਕਲੱਬ ਵੱਲੋਂ ਸਰਕਾਰੀ ਮਿਡਲ ਸਕੂਲ ਨਿਆਲ ਵਿਖੇ 4 ਪੱਖੇ ਦਾਨ ਕੀਤੇ।

ਇਸ ਤੋਂ ਪਹਿਲਾਂ ਕਲੱਬ ਵੱਲੋਂ ਸਰਕਾਰੀ ਹਾਈ ਸਕੂਲ ਹਾਮਝੇੜੀ ਵਖੇ ਵਾਟਰ ਕੂਲਰ ਦਿੱਤਾ ਗਿਆ ਸੀ। ਆਉਣ ਵਾਲੇ ਸਮੇਂ ਵਿੱਚ ਕਲੱਬ ਵੱਲੋਂ ਸਕੂਲ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ ਜਾਣਗੀਆਂ। ਇਸ ਤੋਂ ਇਲਾਵਾ ਤੀਆਂ ਦਾ ਤਿਉਹਾਰ ਤੇ ਮੈਡੀਕਲ ਕੈਂਪ ਲਾਉਣ ਜਾ ਰਹੇ ਹਾਂ। ਇਸ ਮੌਕੇ ਸ੍ਰੀਮਤੀ ਪੂਨਮ ਕੌਸ਼ਲ, ਸੈਕਟਰੀ ਹਰਮੇਸ਼ ਮੇਸ਼ੀ, ਕੈਸ਼ੀਅਰ ਸੰਦੀਪ ਗੁਪਤਾ, ਰਾਕੇਸ਼ ਗਰਗ ਚੇਅਰਮੈਨ ਮਦਰ ਇੰਡੀਆ, ਨਰਾਇਣ ਗਰਗ, ਅਸ਼ੋਕ ਗਰਗ, ਕੁਨਾਲ ਗੋਇਲ, ਕਪਿਲ ਕੌਸ਼ਲ, ਨਰਾਇਣ ਦਾਸ, ਰਾਕੇਸ਼ ਸਿੰਗਲਾ ਚੇਅਰਮੈਨ ਗੁਰੂਕੁਲ ਸਕੂਲ, ਡਾ. ਅਸ਼ੋਕ ਦੇਵ, ਸੋਨੂ ਬਾਂਸਲ, ਸੁਨੀਲ ਮਿੱਤਲ, ਅਰੁਣ ਸਿੰਗਲਾ, ਰਕੇਸ਼ ਗਰਗ ਗਣਪਤੀ ਪੇਟ ਤੇ ਸੰਜੀਵ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

# ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਇਕੱਤਰਤਾ

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮਾਸਿਕ ਮੀਟਿੰਗ ਲਾਇਬ੍ਰੇਰੀ ਦੇ ਸੈਮੀਨਾਰ ਹਾਲ 'ਚ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ। ਇਹ ਇਕੱਤਰਤਾ ਸਰਪ੍ਰਸਤ ਸੁਰਿੰਦਰ ਰਾਮਪੁਰੀ ਦੀ ਧਰਮ ਪਤਨੀ ਅਤੇ ਗਗਨ ਸ਼ਰਮਾ ਦੇ ਮਾਤਾ ਸੁਦੇਸ਼ ਰਾਣੀ ਦੀ ਯਾਦ ਨੂੰ ਸਮਰਪਤ ਕੀਤੀ ਗਈ। ਹਾਜ਼ਰ ਮੈਂਬਰਾਂ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਗਈ। 'ਲੇਖਕ ਸੰਗ ਸੰਵਾਦ' ਲੜੀ ਤਹਿਤ ਪ੍ਰਸਿੱਧ ਲੇਖਕ ਕਿਰਪਾਲ ਕਜ਼ਾਕ ਨਾਲ ਸੰਵਾਦ ਰਚਾਇਆ ਗਿਆ । ਕਿਰਪਾਲ ਕਜ਼ਾਕ ਨੇ ਪੰਜਾਬੀ ਲਿਖਾਰੀ ਸਭਾ ਨਾਲ ਜੁੜੀਆਂ ਆਪਣੀਆਂ ਯਾਦਾਂ ਨੂੰ ਸਾਂਝਾ ਕੀਤਾ। ਉਨ੍ਹਾ ਦੱਸਿਆ ਕਿ ਉਨ੍ਹਾ ਨੂੰ ਜੋ ਇਸ ਸਭਾ ਨੇ ਸਿਖਾਇਆ, ਉਹ ਉਨ੍ਹਾਂ ਦੇ ਜ਼ਿੰਦਗੀ ਭਰ ਕੰਮ ਆਇਆ ਹੈ। ਉਨ੍ਹਾ ਦੱਸਿਆ ਕੇ ਸਾਹਿਤ ਲਿਖਣਾ ਏਨਾ ਸੌਖਾ ਨਹੀਂ ਹੈ, ਇਹ ਇਕ ਤਰ੍ਹਾਂ ਦੀ ਤਪੱਸਿਆ ਹੈ। ਇਕ ਜ਼ਿੰਮੇਵਾਰੀ ਹੈ। ਕਿਰਪਾਲ ਕਜ਼ਾਕ ਨੂੰ ਮੀਤ ਖੱਟੜਾ ਤੇ ਬਲਵੰਤ ਮਾਂਗਟ ਨੇ ਢੁਕਵੇ ਸਵਾਲ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਬਹੁਤ ਸੁਹਿਰਦਤਾ ਨਾਲ ਜਵਾਬ ਦਿੱਤੇ। ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਜਗਜੀਤ ਗਰਮ ਦੀ ਕਵਿਤਾ 'ਰਾਮ' ਤੋਂ ਹੋਈ । ਪ੍ਰੀਤ ਸੰਦਲ ਨੇ ਗੀਤ 'ਛਾਵਾਂ ਰੋਂਦੀਆਂ ਨੇ', ਮੀਤ ਖੱਟੜਾ ਨੇ ਕਵਿਤਾ 'ਉਦਾਸ ਨਾ ਹੋ', ਕਰਨੈਲ ਸਿਵੀਆ ਨੇ ਗੀਤ 'ਛੱਤ ਗ਼ਰੀਬ ਦੀ', ਤਰਨਵੀਰ ਤਰਨ ਨੇ ਵਾਰ 'ਧੰਨ ਜਿਗਰਾ ਏ', ਸਰਦਾਰ ਪੰਛੀ ਨੇ ਗ਼ਜ਼ਲ 'ਆਖਰੀ ਖਵਾਹਿਸ਼', ਬਲਵੰਤ ਮਾਂਗਟ ਨੇ ਗੀਤ 'ਲੜਦੇ ਨੇ ਸੱਪ ਤੇ ਬਾਜ', ਪੰਮੀ ਹਬੀਬ ਨੇ ਮਿੰਨੀ ਕਹਾਣੀ 'ਦੁੱਖ', ਹਰਜਿੰਦਰ ਮਾਂਗਟ ਨੇ ਮਿੰਨੀ ਕਹਾਣੀ 'ਨਸਬੰਦੀ', ਦਰਸ਼ਨ ਤੂਰ ਬਲਾਲਾ ਨੇ ਗੀਤ 'ਜਵਾਨੀ', ਮਨਜੀਤ ਧੰਜਲ ਨੇ ਗੀਤ 'ਉਠ ਪੁੱਤ', ਅਵਤਾਰ ਬੇਦੀ ਨੇ ਕਵਿਤਾ 'ਕੀ ਨਾਰੀ ਸੁਰੱਖਿਅਤ ਹੈ'? ਅਮਰਿੰਦਰ ਸੋਹਲ ਨੇ ਗ਼ਜ਼ਲ 'ਜਿਸ ਦੀ ਤਲਾਸ਼ ਵਿੱਚ', ਅਨਿਲ ਫਤਹਿਗੜ੍ਹ ਜੱਟਾਂ ਨੇ ਗੀਤ 'ਰੱਤੀ ਰੰਗੀਏ' ਸੁਣਾਇਆ। ਇਨ੍ਹਾਂ ਰਚਨਾਵਾਂ 'ਤੇ ਪ੍ਰਸਿੱਧ ਕਹਾਣੀਕਾਰ ਸੁਖਜੀਤ, ਕਿਰਪਾਲ ਕਜ਼ਾਕ, ਗੁਰਦਿਆਲ ਦਲਾਲ, ਸੁਖਵਿੰਦਰ ਸਿੰਘ, ਸਤਿੰਦਰਪਾਲ ਸਿੰਘ, ਸਿਮਰਜੀਤ ਸਿੰਘ ਕੰਗ, ਗੁਰਭਗਤ, ਨੀਤੂ ਰਾਮਪੁਰ, ਅਮਰਜੀਤ ਸ਼ੇਰਪੁਰੀ, ਪ੍ਰਭਜੋਤ ਰਾਮਪੁਰ, ਸਿਕੰਦਰ ਸਿੰਘ ਨੇ ਉਸਾਰੂ ਸੁਝਾਅ ਦਿੱਤੇ । ਸਭਾ ਦੀ ਸਮਾਪਤੀ ਵੇਲੇ ਸੁਰਿੰਦਰ ਰਾਮਪੁਰੀ ਦੀ ਧਰਮ ਪਤਨੀ ਸੁਦੇਸ਼ ਰਾਣੀ ਅਤੇ ਹਰਜਿੰਦਰ ਮਾਂਗਟ ਦੇ ਵੱਡੇ ਭਰਾ ਦਿਲਬਾਗ ਸਿੰਘ ਅਮਰੀਕਾ ਵਾਲੇ ਪੁੱਤਰ ਸਵਰਗੀ ਮਾਸਟਰ ਨਛੱਤਰ ਸਿੰਘ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ। ਅੰਤ 'ਚ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਮੀਟਿੰਗ 'ਚ ਸ਼ਾਮਲ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਸਭਾ ਦੀ ਕਾਰਵਾਈ ਅਮਰਿੰਦਰ ਸੋਹਲ ਦੁਆਰਾ ਨਿਭਾਈ ਗਈ। ਪ੍ਰਬੰਧਕੀ ਕੰਮਾਂ ਨੂੰ ਤਰਨਵੀਰ ਤੇ ਪ੍ਰਭਜੋਤ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ।

### ਕੈਨੇਡਾ 'ਚ ਨੌਜਵਾਨ ਦੀ ਮੌਤ

**ਮਲੋਟ (ਗੁਰਮੀਤ ਸਿੰਘ ਮੱਕੜ)**



ਤੰਗੀਆਂ ਤੇ ਮਜਬੂਰੀਆਂ ਦੇ ਨਾਲ ਨਾਲ ਬਹੁਤ ਹੀ ਉਮੀਦਾਂ ਆਸਾਂ ਨਾਲ ਵਿਦੇਸ਼ਾਂ ਵਿੱਚ ਤੋਰੇ ਪੁੱਤ ਦੀ ਮੌਤ ਨੇ ਉਸ ਦੇ ਮਾਪਿਆਂ, ਭੈਣ, ਭਰਾਵਾਂ ਤੇ ਚਾਹੁਣ ਵਾਲਿਆਂ ਨੂੰ ਭੁੱਬਾਂ ਮਾਰਨ ਲਈ ਮਜਬੂਰ ਕਰ ਦਿੱਤਾ। ਮਲੋਟ ਸ਼ਹਿਰ ਦਾ ਵਸਨੀਕ ਨੌਜਵਾਨ ਮਨਮੀਤ ਸਿੰਘ ਡੇਢ ਕੁ ਸਾਲ ਪਹਿਲਾਂ ਘਰ ਦੇ ਆਰਥਿਕ ਹਾਲਾਤ ਨੂੰ ਅਤੇ ਆਪਣੇ ਸੁਨਹਿਰੀ ਭਵਿੱਖ ਲਈ ਕੈਨੇਡਾ ਵਿਖੇ ਵਰਕ ਪਰਮਿਟ 'ਤੇ ਗਿਆ ਸੀ, ਪ੍ਰੰਤੂ ਅਚਾਨਕ ਉਸ ਦੀ ਮੌਤ ਦੀ ਖ਼ਬਰ ਨੇ ਜਿੱਥੇ ਉਸ ਦੇ ਘਰ ਸੱਥਰ ਵਿਛਾ ਦਿੱਤੇ, ਉੱਥੇ ਸੁਣਨ ਵਾਲੇ ਦੀ ਵੀ ਅੱਖ ਨਮ ਹੋਏ ਬਿਨਾਂ ਨਹੀਂ ਰਹਿ ਸਕੀ। ਵਾਰਿਸਾਂ ਨੇ ਇਕੱਲੀ ਭੈਣ ਦੇ ਇਕਲੌਤੇ ਵੀਰ ਦੀ ਮ੍ਰਿਤਕ ਦੇਹ ਨੂੰ ਭਾਰਤ ਵਿਖੇ ਪਹੁੰਚਾਉਣ ਲਈ ਲੋਕਾਂ ਤੇ ਕੈਨੇਡਾ ਰਹਿੰਦੇ ਉਸ ਦੇ ਨਜ਼ਦੀਕੀਆਂ ਨੂੰ ਮੱਦਦ ਦੀ ਗੁਹਾਰ ਲਗਾਈ ਹੈ।

# ਫਾਸ਼ਵਾਦੀ ਤਾਕਤਾਂ ਖਿਲਾਫ਼ ਲੜਨ ਲਈ ਸਾਹਿਤਕ ਤੇ ਸੱਭਿਆਚਾਰਕ ਤੌਰ 'ਤੇ ਇਕਮੁੱਠ ਹੋਣ ਦਾ ਸੱਦਾ



**ਸੰਗਰੂਰ (ਪ੍ਰਵੀਨ ਸਿੰਘ)**-ਪ੍ਰਗਤੀਸ਼ੀਲ ਲੇਖਕ ਸੰਘ ਨੇ ਲੇਖਕਾਂ ਅਤੇ ਕਲਾਕਾਰਾਂ ਨੂੰ ਇਕਮੁਠਤਾ ਨਾਲ ਦੇਸ਼ ਵਿਚ ਪੈਦਾ ਹੋ ਰਹੇ ਮਨੁੱਖ ਵਿਰੋਧੀ ਹਾਲਤਾਂ ਦਾ ਟਾਕਰਾ ਕਰਨ ਦਾ ਸੱਦਾ ਦਿਤਾ ਹੈ। ਸੰਘ ਦੀ ਹੋਈ ਭਰਵੀਂ ਇਕੱਤਰਤਾ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾ ਪ੍ਰਧਾਨ ਡਾ. ਸੁਰਜੀਤ ਜੱਜ ਤੇ ਸੂਬਾ ਜਨਰਲ ਸਕੱਤਰ ਡਾ. ਕੁਲਦੀਪ ਦੀਪ ਵਿਸ਼ੇਸ਼ ਤੌਰ 'ਤੇ ਪਹੁੰਚੇ। ਜਨਰਲ ਸਕੱਤਰ ਡਾ. ਦੀਪ ਨੇ ਦੱਸਿਆ ਕਿ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਮੁਨਸ਼ੀ ਪ੍ਰੇਮ ਚੰਦ ਦੁਆਰਾ ਕੀਤੀ ਗਈ ਸੀ। ਉਸ ਤੋਂ ਬਾਅਦ ਬਲਰਾਜ ਸਾਹਨੀ, ਗੁਲਜ਼ਾਰ, ਫੈਜ਼ ਅਹਿਮਦ ਫੈਜ਼ ਵਰਗੇ ਲੇਖਕ ਅਤੇ ਫ਼ਿਲਮ ਇੰਡਸਟਰੀ ਦੇ ਮਹਾਨ ਫਨਕਾਰ ਅਤੇ ਕਲਾਕਾਰ ਇਸ ਸੰਘ ਦੀ ਨੁਮਾਇੰਦਗੀ ਕਰਦੇ ਰਹੇ। ਡਾ. ਦੀਪ ਨੇ ਸੰਘ ਦੇ ਕੰਮਾਂ ਬਾਰੇ ਵਿਸਥਾਰ ਵਿਚ ਦੱਸਿਆ। ਸੰਘ ਦੇ ਸੂਬਾ ਪ੍ਰਧਾਨ ਡਾ. ਜੱਜ ਨੇ ਕਿਹਾ ਕਿ ਮੌਜੂਦਾ ਦੌਰ ਅੰਦਰ ਸਾਹਿਤ ਤੇ ਸੱਭਿਆਚਾਰ ਸੰਗਠਨਾਂ ਦੀ ਏਕਤਾ ਜ਼ਰੂਰੀ ਹੈ। ਇਸ ਮੌਕੇ ਸੰਘ ਦੀ ਜ਼ਿਲ੍ਹਾ ਇਕਾਈ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਸਰਪ੍ਰਸਤ ਸੁਖਵਿੰਦਰ ਪੱਪੀ, ਪ੍ਰਧਾਨ ਬੀਰ ਇੰਦਰ ਬਨਭੌਰੀ, ਸੀਨੀਅਰ ਮੀਤ ਪ੍ਰਧਾਨ ਬਲਕਾਰ ਔਲਖ, ਮੀਤ ਪ੍ਰਧਾਨ ਜਗਮੇਲ ਸਿੱਧੂ, ਮੀਤ ਪ੍ਰਧਾਨ ਵਾਹਿਦ, ਜਨਰਲ ਸਕੱਤਰ ਕਮਲਦੀਪ ਜਲੂਰ, ਸਹਾਇਕ ਸਕੱਤਰ ਜੀਤ ਹਰਜੀਤ, ਪ੍ਰੈਸ ਸਕੱਤਰ ਰਣਧੀਰ, ਖ਼ਜ਼ਾਨਚੀ ਗਗਨਦੀਪ ਸਿੰਘ ਦੀਪ, ਸਲਾਹਕਾਰ ਨਰਵਿੰਦਰ ਕੌਸ਼ਲ ਤੇ ਮੀਤ ਖਟੜਾ ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ। ਇਸ ਮੌਕੇ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਜੋਗਾ ਸਿੰਘ ਤੂਰ, ਕਵੀ ਸਮਸ਼ੇਰ ਵੀ ਮੌਜੂਦ ਸਨ।

# ਡਰੀਮ ਬਿਲਡਰਜ਼ ਦੇ ਵਿਦਿਆਰਥੀ ਨੇ ਓਵਰਆਲ 7.5 ਬੈਂਡ ਪ੍ਰਾਪਤ ਕੀਤੇ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਤੇ ਬੱਸ ਸਟੈਂਡ ਦੇ ਸਾਹਮਣੇ ਵਾਲੀ ਗਲੀ 'ਚ ਸਥਿਤ ਮਾਲਵੇ ਦੀ ਪ੍ਰਸਿੱਧ ਸੰਸਥਾ ਡਰੀਮ ਬਿਲਡਰਜ਼ ਆਇਲਟਸ ਐਂਡ ਇੰਮੀਗ੍ਰੇਸ਼ਨ ਵਿਖੇ ਵਿਦਿਆਰਥੀ ਆਇਲਟਸ ਦੀ ਕੋਚਿੰਗ ਲੈ ਕੇ ਵਧੀਆ ਬੈਂਡ ਪ੍ਰਾਪਤ ਕਰ ਰਹੇ ਹਨ, ਜਿਸ ਤਹਿਤ ਜੋਬਨਪ੍ਰੀਤ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਰੋਡੇ (ਮੋਗਾ) ਨੇ ਲਿਸਨਿੰਗ, ਰੀਡਿੰਗ 8.5, ਸਪੀਕਿੰਗ 6.5, ਰਾਈਟਿੰਗ 7 ਅਤੇ ਓਵਰਆਲ 7.5 ਬੈਂਡ ਹਾਸਲ ਕਰਕੇ ਆਪਣਾ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਐੱਮ ਡੀ ਨਵਜੋਤ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਚੰਗੇ ਬੈਂਡ ਦਿਵਾਉਣ ਲਈ ਵਚਨਬੱਧ ਹੈ, ਕਿਉਂਕਿ ਸੰਸਥਾ ਵਿੱਚ ਹਰੇਕ ਵਿਦਿਆਰਥੀ ਉੱਪਰ ਪੂਰੀ ਨਜ਼ਰ ਰੱਖੀ ਜਾਂਦੀ ਹੈ। ਬਰਾੜ ਨੇ ਕਿਹਾ ਕਿ ਕੈਨੇਡਾ, ਯੂ.ਕੇ, ਨਿਊਜ਼ੀਲੈਂਡ ਤੇ ਹੋਰਨਾਂ ਮੁਲਕਾਂ ਦੇ ਵੱਖ-ਵੱਖ ਪ੍ਰਕਾਰ ਦੇ ਵੀਜ਼ੇ ਲਗਵਾਏ ਜਾਂਦੇ ਹਨ, ਕੋਈ ਵੀ ਵਿਅਕਤੀ ਜਾਣਕਾਰੀ ਪ੍ਰਾਪਤ ਕਰਨ ਲਈ ਸੰਸਥਾ ਵਿਖੇ ਮਿਲ ਸਕਦਾ ਹੈ। ਇਸ ਮੌਕੇ ਐੱਮ ਡੀ ਬਰਾੜ ਨੇ ਵਿਦਿਆਰਥਣ ਨੂੰ ਪ੍ਰਮਾਣ-ਪੱਤਰ ਸੌਂਪਦਿਆਂ ਵਧਾਈ ਦਿੱਤੀ ਅਤੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

# ਨਿਊ ਏਜ ਵੈੱਲਫੇਅਰ ਕਲੱਬ ਨੇ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਗਾਇਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਏ ਐੱਸ ਸੀਨੀਅਰ ਸੈਕੰਡਰੀ ਸਕੂਲ ਖੰਨਾ 'ਚ ਨਿਊ ਏਜ ਵੈੱਲਫੇਅਰ ਕਲੱਬ ਖੰਨਾ ਵੱਲੋਂ ਸੰਕਰਾ ਆਈ ਹਸਪਤਾਲ ਦੇ ਸਹਿਯੋਗ ਨਾਲ ਸ੍ਰ. ਮੋਹਨ ਸਿੰਘ ਜੀ ਦੀ ਯਾਦ 'ਚ ਚਿੱਟੇ ਮੋਤੀਏ ਦਾ ਮੁਫਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਕਲੱਬ ਦੇ ਪ੍ਰਧਾਨ ਸੰਦੀਪ ਸਿੰਘ ਨੇ ਦੱਸਿਆ ਕਿ ਕੈਂਪ 'ਚ 450 ਦੇ ਕਰੀਬ ਜ਼ੇਰੇ ਇਲਾਜ ਪੁੱਜੇ ਮਰੀਜ਼ਾਂ ਦੀਆਂ ਅੱਖਾਂ ਦਾ ਨਰੀਖਣ ਸੰਕਰਾ ਆਈ ਹਸਪਤਾਲ ਲੁਧਿਆਣਾ ਤੋਂ ਪੁੱਜੇ ਡਾਕਟਰਾਂ ਦੀ ਟੀਮ ਨੇ ਕੀਤਾ ਤੇ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਗਈਆਂ। ਸੰਦੀਪ ਸਿੰਘ ਮੁਤਾਬਕ ਕੁੱਲ 27 ਮਰੀਜ਼ਾਂ ਦੇ ਆਪ੍ਰੇਸ਼ਨ ਕਰਕੇ ਮੁਫਤ ਲੈਂਜ਼ ਪਾਏ ਜਾਣਗੇ। ਆਗੂ ਸ਼ਸ਼ੀ ਵਰਧਨ ਤੇ ਰਾਹੁਲ ਗਰਗ ਬਾਵਾ ਨੇ ਦੱਸਿਆ ਕਿ ਮਰੀਜ਼ਾਂ ਨੂੰ ਲਿਆਉਣ ਤੇ ਲਿਜਾਉਣ ਦਾ ਪ੍ਰਬੰਧ ਸੰਸਥਾ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਭਾਈ ਘਨੱਈਆ ਜੀ ਸੇਵਾ ਸੁਸਾਇਟੀ ਦੇ ਮੈਂਬਰਾਂ ਵੱਲੋਂ ਪ੍ਰਧਾਨ ਨਿਰਮਲ ਸਿੰਘ ਨਿੰਮਾ ਦੀ ਅਗਵਾਈ 'ਚ ਚਾਹ, ਪਾਣੀ ਤੇ ਦੁਪਹਿਰ ਵੇਲੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ 'ਚ ਜਰਨਲਿਸਟ ਐਸੋਸੀਏਸ਼ਨ ਖੰਨਾ ਨਾਲ ਸਬੰਧਤ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਪੱਤਰਕਾਰ ਹਰਪ੍ਰੀਤ ਆਹਲੂਵਾਲੀਆ, ਚੰਦਨ ਨੇਗੀ, ਮੁਕੇਸ਼ ਸਿੰਘੀ ਨੇ ਨਿਭਾਈ।

# ਬੀ ਕੇ ਯੂ ਉਗਰਾਹਾਂ ਦੇ ਕਈ ਮੈਂਬਰ ਸਿੱਧੂਪੁਰ ਗਰੁੱਪ 'ਚ ਸ਼ਾਮਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਦੇ ਕਈ ਮੈਂਬਰ ਬੀਕੇਯੂ ਸਿੱਧੂਪੁਰ ਵਿੱਚ ਸ਼ਾਮਲ ਹੋ ਗਏ, ਜਿਸ ਸਬੰਧੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਦੀ ਪ੍ਰਧਾਨਗੀ ਹੇਠ ਹੋਈ। ਸਿੱਧੂਪੁਰ ਯੂਨੀਅਨ ਵਿੱਚ ਸ਼ਾਮਲ ਹੋਏ ਕਿਸਾਨਾਂ ਨੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਸੋਚ 'ਤੇ ਡੱਟ ਕੇ ਪਹਿਰਾ ਦੇਣ ਦਾ ਅਹਿਦ ਲਿਆ। ਉਨ੍ਹਾਂ ਕਿਸਾਨ, ਮਜ਼ਦੂਰ ਤੇ ਹਰ ਵਰਗ ਦੇ ਲੋਕਾਂ ਦੇ ਹੱਕਾਂ 'ਤੇ ਪੈ ਰਹੇ ਕਾਰਪੋਰੇਟ ਘਰਾਣਿਆਂ ਦੇ ਡਾਕੇ ਨੂੰ ਰੋਕਣ ਤੇ ਹੱਕਾਂ ਦੀ ਰਾਖੀ ਕਰਨ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਭਮਾਂ ਕਲਾਂ ਇਕਾਈ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਕਰਮਜੀਤ ਸਿੰਘ ਨੂੰ ਪ੍ਰਧਾਨ, ਜਸਮੇਰ ਸਿੰਘ ਮੀਤ ਪ੍ਰਧਾਨ, ਪਰਮਿੰਦਰ ਸਿੰਘ ਜਰਨਲ ਸਕੱਤਰ, ਬਲਵੀਰ ਸਿੰਘ ਖਜ਼ਾਨਚੀ ਤੇ ਅਜਮੇਰ ਸਿੰਘ, ਗੁਰਚਰਨ ਸਿੰਘ, ਗੁਰਿੰਦਰ ਸਿੰਘ, ਜਗਦੀਸ਼ ਸਿੰਘ, ਗੁਰਦੇਵ ਸਿੰਘ ਨੂੰ ਮੈਂਬਰ ਚੁਣਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਤੇ ਅਵਤਾਰ ਸਿੰਘ ਪਾਂਗਲੀ ਨੇ ਦੱਸਿਆ ਕਿ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ, ਜੋ ਲੋਕਾਂ ਦੇ ਬਣਦੇ ਹੱਕਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਭਾਰਤ ਮਾਲਾ ਪ੍ਰੋਜੈਕਟ ਦੇ ਨਾਂਅ 'ਤੇ ਕਿਸਾਨਾਂ ਮਜ਼ਦੂਰਾਂ ਦੀਆਂ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਜਬਰੀ ਹੜੱਪਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮੌਕੇ ਤੇਜਾ ਸਿੰਘ ਜੀਵਨਪੁਰ, ਸੁਖਦੇਵ ਸਿੰਘ ਰਤਨਗੜ੍ਹ, ਸੁਰਜੀਤ ਸਿੰਘ ਨਰੂਲਾ, ਜਸਮੇਰ ਸਿੰਘ ਹਾਜ਼ਰ ਸਨ।

# ਆਨੰਦ'ਸ ਮੈਡੀਸਿਟੀ ਹਸਪਤਾਲ ਵੱਲੋਂ ਮੁਫ਼ਤ ਮੈਡੀਕਲ ਕੈਂਪ

- 250 ਤੋਂ ਵੱਧ ਮਰੀਜ਼ਾਂ ਦੀ ਕੀਤੀ ਜਾਂਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਹੇਡੋਂ ਬੇਟ ਵਿਖੇ ਆਨੰਦ'ਸ ਮੈਡੀਸਿਟੀ ਹਸਪਤਾਲ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਬੀਮਾਰੀਆਂ ਦੇ ਮਾਹਰ ਡਾਕਟਰਾਂ ਵੱਲੋਂ 250 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ। ਮੈਡੀਕਲ ਕੈਂਪ ਦਾ ਉਦਘਾਟਨ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਐੱਸ ਐੱਮ ਓ ਡਾ. ਜਸਦੇਵ ਸਿੰਘ ਨੇ ਸੰਯੁਕਤ ਰੂਪ ਵਿੱਚ ਰੀਬਨ ਕੱਟ ਕੇ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਮਾਛੀਵਾੜਾ ਇਲਾਕੇ ਦਾ ਸਮਾਜ ਸੇਵੀ ਆਨੰਦ ਪਰਿਵਾਰ ਤੇ ਇਨ੍ਹਾਂ ਦੀ ਅਗਵਾਈ ਹੇਠ ਚੱਲ ਰਿਹਾ ਆਨੰਦ'ਸ ਮੈਡੀਸਿਟੀ ਹਸਪਤਾਲ ਵੱਲੋਂ ਪਿੰਡਾਂ ਵਿੱਚ ਜੋ ਮੁਫ਼ਤ ਮੈਡੀਕਲ ਕੈਂਪ ਲਗਾਏ ਗਏ ਹਨ, ਉਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਆਨੰਦ'ਸ ਮੈਡੀਸਿਟੀ ਹਸਪਤਾਲ ਦੇ ਪ੍ਰਮੁੱਖ ਸਮਾਜ ਸੇਵੀ ਸ਼ਕਤੀ ਆਨੰਦ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਬੇਟ ਖੇਤਰ ਦੇ ਹੋਰ ਪਿੰਡਾਂ 'ਚ ਮੁਫ਼ਤ ਮੈਡੀਕਲ ਕੈਂਪ ਲਗਾਏ ਜਾਣਗੇ ਤਾਂ ਜੋ ਹਰੇਕ ਲੋੜਵੰਦ ਤੱਕ ਸਿਹਤ ਸੁਵਿਧਾਵਾਂ ਪੁੱਜ ਸਕਣ।

ਇਸ ਮੌਕੇ ਦਿਲ ਦੇ ਰੋਗਾਂ ਦੇ ਮਾਹਰ ਡਾ. ਦੀਪ ਆਨੰਦ (ਐੱਮ ਬੀ ਬੀ ਐੱਸ, ਐੱਮ ਡੀ) ਨੇ ਦੱਸਿਆ ਕਿ ਅੱਜ ਜਾਂਚ ਦੌਰਾਨ ਕਈ ਮਰੀਜ਼ਾਂ ਦੀ ਈਸੀਜੀ ਤੇ ਹੋਰ ਟੈਸਟ ਵੀ ਮੁਫ਼ਤ ਕੀਤੇ ਗਏ। ਇਸ ਤੋਂ ਇਲਾਵਾ ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਔਰਤਾਂ ਦੇ ਮਾਹਰ ਡਾ. ਨੇਹਾ ਆਨੰਦ ਤੇ ਬੱਚਿਆਂ ਦੇ ਮਾਹਰ ਡਾ. ਹਿਮਾਂਸ਼ੂ ਆਨੰਦ ਨੇ ਵੀ ਮਰੀਜ਼ਾਂ ਦੀ ਜਾਂਚ ਦੌਰਾਨ ਉਨ੍ਹਾਂ ਨੂੰ ਬੀਮਾਰੀਆਂ ਤੋਂ ਬਚਾਅ ਬਾਰੇ ਜਾਗਰੂਕ ਕੀਤਾ। ਡਾ. ਹਿਮਾਂਸ਼ੂ ਆਨੰਦ ਨੇ ਦੱਸਿਆ ਕਿ ਪਿੰਡਾਂ ਵਿੱਚ ਵੀ 'ਆਈ ਫਲੂ' ਫੈਲਿਆ ਹੋਇਆ ਹੈ, ਇਸ ਲਈ ਲੋਕ ਸਾਵਧਾਨੀ ਵਰਤਣ ਤੇ ਜ਼ਰੂਰਤ ਪੈਣ 'ਤੇ ਤੁਰੰਤ ਦਵਾਈ ਲੈਣ।

ਇਸ ਮੌਕੇ ਪ੍ਰਸਿੱਧ ਗੀਤਕਾਰ ਸੰਜੀਵ ਆਨੰਦ, ਸਰਪੰਚ ਜਸਵੰਤ ਸਿੰਘ ਭੌਰਲਾ ਬੇਟ, ਸੁਖਵਿੰਦਰ ਸਿੰਘ ਗਿੱਲ, ਸਰਪੰਚ ਬਿੱਟੂ ਖਾਨਪੁਰ, ਬਲਵੀਰ ਰਾਣਾ, ਗੁਰਪਾਲ ਸਿੰਘ ਹੇਡੋਂ, ਸਰਪੰਚ ਹਰਜਿੰਦਰ ਸਿੰਘ ਰਾਜੇਵਾਲ, ਸਰਪੰਚ ਸਤਨਾਮ ਸਿੰਘ, ਜਰਨੈਲ ਸਿੰਘ, ਹਰਦੀਪ ਸਿੰਘ, ਲੈਕਚਰਾਰ ਸਵਰਨ ਛੌੜੀਆਂ, ਰਾਣਾ ਵਿਜੈ, ਨੰਬਰਦਾਰ ਸੁਰਿੰਦਰ ਸਿੰਘ, ਓਮ ਪ੍ਰਕਾਸ਼, ਤਰਲੋਕ ਸਿੰਘ, ਸੋਮ ਨਾਥ, ਪੀ ਏ ਨਵਨੀਤ ਉਟਾਲਾਂ ਮੌਜੂਦ ਸਨ।

# ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਨੇ ਪ੍ਰਮੋਸ਼ਨ ਕਮੇਟੀ ਨਾਲ ਕੀਤੀ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਨੇ ਪ੍ਰਮੋਸ਼ਨ ਕਮੇਟੀ ਡੀ ਪੀ ਆਈ ਸੈਕੰਡਰੀ ਮੁਹਾਲੀ ਨਾਲ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਵਿੱਚ ਸੋਧ ਕਰਵਾਉਣ ਸਬੰਧੀ ਮੀਟਿੰਗ ਕੀਤੀ, ਜਿਸ ਵਿੱਚ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੂਬਾ ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ, ਐਡੀਸ਼ਨਲ ਸਕੱਤਰ ਬਾਜ ਸਿੰਘ ਭੁੱਲਰ, ਪ੍ਰਵੀਨ ਕੁਮਾਰ, ਜਗਦੀਸ਼ ਰਾਏ ਤੇ ਤਰਲੋਚਨ ਸਿੰਘ ਸ਼ਾਮਲ ਹੋਏ। ਯੂਨੀਅਨ ਆਗੂਆਂ ਨੇ ਦੱਸਿਆ ਕਿ ਮਾਸਟਰ ਕਾਡਰ ਦੀ ਸੂਚੀ ਵਿੱਚ ਬਹੁਤ ਸਾਰੀਆਂ ਖਾਮੀਆਂ ਹਨ, ਜਿਸ ਕਰਕੇ ਸੀਨੀਆਰਤਾ ਸੂਚੀ ਸਰਵਿਸ ਰੂਲ-8 ਦੇ ਅਨੁਸਾਰ ਬਣਾਈ ਜਾਵੇ। ਦੂਜਾ ਸੀਨੀਆਰਤਾ ਸੂਚੀ ਨੂੰ ਅੱਜ ਤੱਕ ਪੂਰਨ ਮੁਕੰਮਲ ਕੀਤਾ ਜਾਵੇ, ਜੋ ਵੀ ਅੱਜ ਤੱਕ ਮਾਸਟਰ ਕਾਡਰ ਵਿੱਚ ਅਧਿਆਪਕ ਨੌਕਰੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਨੂੰ ਸੀਨੀਆਰਤਾ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ। ਪ੍ਰਮੋਸ਼ਨ ਕਮੇਟੀ ਨੂੰ ਯੂਨੀਅਨਾਂ ਵੱਲੋਂ ਦਿੱਤੇ ਸੁਝਾਅ ਪਸੰਦ ਆਏ ਤੇ ਉਨ੍ਹਾਂ ਕਿਹਾ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ, ਜੋ ਸੁਝਾਅ ਪ੍ਰਾਪਤ ਹੋਏ ਹਨ, ਉਨ੍ਹਾਂ 'ਤੇ ਗੌਰ ਕੀਤਾ ਜਾਵੇਗਾ।

# ਪ੍ਰਾਈਵੇਟ ਕਾਲਜ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਵੱਲੋਂ ਧਰਨਾ ਤੇ ਰੋਸ ਮਾਰਚ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਛੇਵੇਂ ਤਨਖਾਹ ਕਮਿਸਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਵਿੱਚ ਦੇਰੀ ਕਰਨ ਦੇ ਵਿਰੁੱਧ ਨਾਨ ਟੀਚਿੰਗ ਇੰਪਲਾਈਜ ਯੂਨੀਅਨ ਪੰਜਾਬ ਵੱਲੋਂ ਅਨੰਦਪੁਰ ਸਾਹਿਬ ਵਿਖੇ ਧਰਨਾ ਦਿੱਤਾ ਗਿਆ ਜਿਸ ਵਿੱਚ ਪੰਜਾਬ ਦੇ ਵੱਖ ਵੱਖ ਸਹਾਇਤਾ ਪ੍ਰਾਪਤ ਕਾਲਜਾਂ ਦੇ ਛੇ ਸੌ ਦੇ ਕਰੀਬ ਮੈਂਬਰ ਹਾਜਰ ਹੋਏ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਛੇਵੇਂ ਤਨਖਾਹ ਕਮਿਸਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਨੀਅਤ ਸਾਫ ਨਹੀਂ ਹੈ ਇਸ ਲਈ ਸਰਕਾਰ ਟਾਲ ਮਟੋਲ ਦੀ ਨੀਤੀ ਅਪਨਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਡਾ ਬਜਟ ਸਿਰਫ ਨੌਂ ਕਰੋੜ ਬਣਦਾ ਹੈ ਜੇ ਪੰਜਾਬ ਸਰਕਾਰ ਚਾਹੇ ਤਾਂ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨ ਵਿੱਚ ਕੋਈ ਦਿੱਕਤ ਹੀ ਨਹੀਂ। ਜਨਰਲ ਸਕੱਤਰ ਜਗਦੀਪ ਸਿੰਘ ਨੇ ਕਿਹਾ ਕਿ ਜੇ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਇਸ ਤੋਂ ਤਿੱਖੇ ਵਿਰੋਧ ਲਈ ਸਰਕਾਰ ਤਿਆਰ ਰਹੇ। ਸਟੇਜ ਦੀ ਜੁੰਮੇਵਾਰੀ ਤੇਜਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਨਰਿੰਦਰ ਸਿੰਘ ਪਡਿਆਲਾ ਵੀ ਹਾਜਰ ਹੋਏ। ਪ੍ਰਿੰਸੀਪਲ ਐਸੋਸੀਏਸ਼ਨ ਨੇ ਵੀ ਸੁਪੋਰਟ ਕੀਤਾ। ਪ੍ਰਿੰਸੀਪਲ ਐਸੋਸੀਏਸ਼ਨ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੰਗ ਦੇ ਜਨਰਲ ਸਕੱਤਰ ਪ੍ਰਿੰਸੀਪਲ ਡਾਕਟਰ ਜਸਵੀਰ ਸਿੰਘ ਵੀ ਹਾਜਰ ਹੋਏ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਸ਼ੱਕੀ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਨਾਨ ਟੀਚਿੰਗ ਸਟਾਫ ਦੀਆਂ ਹੱਕੀ ਮੰਗਾਂ ਜਲਦੀ ਤੋਂ ਜਲਦੀ ਮੰਨ ਕੇ ਨੋਟੀਫਿਕੇਸ਼ਨ ਜਾਰੀ ਕਰੇ। ਧਰਨੇ ਉਪਰੰਤ ਯੂਨੀਅਨ ਨੇ ਇੱਕ ਵਿਸਾਲ ਰੋਸ ਮਾਰਚ ਕੀਤਾ ਗਿਆ ਜੋ ਪੰਜ ਪਿਆਰਾ ਪਾਰਕ ਤੋਂ ਨਵੀਂ ਆਬਾਦੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਚੜ੍ਹਾਈ ਚੜ੍ਹ ਕੇ ਬਜਾਰ ਵਿੱਚੋਂ ਲੰਘ ਕੇ ਭਗਤ ਰਵਿਦਾਸ ਚੌਕ ਅਤੇ ਤਹਿਸੀਲ ਕੰਪਲੈਕਸ ਵਿੱਚ ਤਹਿਸੀਲਦਾਰ ਨੂੰ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਾਂਅ ਮੰਗ ਪੱਤਰ ਸੌਂਪਣ ਉਪਰੰਤ ਸਮਾਪਤੀ ਕੀਤੀ ਗਈ। ਪ੍ਰਧਾਨ ਰਾਜੀਵ ਸ਼ਰਮਾ,ਵਾਈਸ ਪ੍ਰਧਾਨ ਦੀਪਕ ਸ਼ਰਮਾ, ਸਵਿੰਦਰ ਸਿੰਘ ਗੋਲਾ ਐਡਵਾਈਜਰ, ਮਨੋਜ ਪਾਂਡੇ , ਅਮਰੀਕ ਸਿੰਘ ਵਾਈਸ ਪ੍ਰਧਾਨ ਪੰਜਾਬੀ ਯੂਨੀਵਰਸਿਟੀ ਵਿੰਗ, ਇੰਦਰਜੀਤ ਸਿੰਘ ਵਾਈਸ ਪ੍ਰਧਾਨ ਪੰਜਾਬ ਯੂਨੀਵਰਸਿਟੀ ਵਿੰਗ, ਸਰਬਜੀਤ ਸਿੰਘ, ਮਨਦੀਪ ਸਿੰਘ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਪ੍ਰੇਮ ਸਿੰਘ ਸੁਪ੍ਰਿੰਟੈਂਡੈਂਟ, ਜਗਜੀਤ ਸਿੰਘ, ਨਵੀਨ ਕੁਮਾਰ, ਦਲਜੀਤ ਕੌਰ, ਪਰਮਜੀਤ ਸਿੰਘ, ਲਖਵੀਰ ਸਿੰਘ,ਪਰਮਿੰਦਰ ਸਿੰਘ , ਗੁਰਪਿੰਦਰ ਸਿੰਘ ਲਾਡੀ ਸੁਪਰਡੈਂਟ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਤੇ ਬਚਿੱਤਰ ਸਿੰਘ ਆਪਣੇ ਸਾਥੀਆਂ ਸਮੇਤ ਹਾਜਰ ਹੋਏ।

# ਰੇਲਵੇ ਸਟੇਸ਼ਨਾਂ ਦੇ ਨਵੀਨੀਕਰਨ ਨਾਲ ਵਪਾਰਕ ਗਤੀਵਿਧੀਆਂ ਹੋਣਗੀਆਂ ਪ੍ਰਫੁੱਲਿਤ : ਬਲਕਾਰ ਸਿੰਘ



**ਜਲੰਧਰ, : ( ਸ਼ੈਲੀ ਐਲਬਰਟ)**

ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਜਲੰਧਰ ਕੈਂਟ ਅਤੇ ਫਿਲੌਰ ਦੇ ਰੇਲਵੇ ਸਟੇਸ਼ਨਾਂ ਨੂੰ 'ਅੰਮ੍ਰਿਤ ਭਾਰਤ ਸਟੇਸ਼ਨ' ਸਕੀਮ ਨਵੀਨੀਕਰਨ ਲਈ ਚੁਣੇ ਜਾਣ ਨੂੰ ਅਹਿਮ ਕਦਮ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਪੂਰੇ ਦੁਆਬਾ ਖੇਤਰ ਵਿੱਚ ਯਾਤਰੀਆਂ ਅਤੇ ਵਿਸ਼ੇਸ਼ ਕਰਕੇ ਵਪਾਰਕ ਗਤੀਵਿਧੀਆਂ ਵਿੱਚ ਤੇਜ਼ੀ ਆਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਰੇਲਵੇ ਸਟੇਸ਼ਨਾਂ ਦੇ ਅਤਿ ਆਧੁਨੀਕੀਕਰਨ ਦੇ ਕੰਮ ਦੀ ਆਨਲਾਈਨ ਢੰਗ ਨਾਲ ਸ਼ੁਰੂਆਤ ਕਰਨ ਮੌਕੇ ਹੋਏ ਸਮਾਗਮ ਵਿੱਚ ਭਾਗ ਲੈਂਦਿਆਂ ਉਨ੍ਹਾਂ ਕਿਹਾ ਕਿ ਜਲੰਧਰ ਕੈਂਟ ਅਤੇ ਫਿਲੌਰ ਦੇ ਰੇਲਵੇ ਸਟੇਸ਼ਨ ਅੰਮ੍ਰਿਤਸਰ , ਦਿੱਲੀ ਅਤੇ ਜਲੰਧਰ, ਪਠਾਨਕੋਟ, ਜੰਮੂ ਰੇਲ ਲਿੰਕਾਂ ਲਈ ਬਹੁਤ ਮਹੱਤਵਪੂਰਨ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਟੇਸ਼ਨਾਂ ਦੇ ਕਾਇਆਕਲਪ ਦੇ ਨਾਲ ਜਲੰਧਰ ਦੇ ਖੇਡ ਅਤੇ ਲੈਦਰ ਉਦਯੋਗ ਨੂੰ ਵੱਡਾ ਹੁਲਾਰਾ ਮਿਲੇਗਾ। ਸਥਾਨਕ ਸਰਕਾਰਾਂ ਮੰਤਰੀ ਨੇ ਇਹ ਵੀ ਕਿਹਾ ਕਿ ਜਲੰਧਰ ਕੈਂਟ ਤੋਂ ਵੱਖ-ਵੱਖ ਧਾਰਮਿਕ ਸਥਾਨਾਂ ਨੂੰ ਜਾਣ ਵਾਲੀਆਂ ਸੰਗਤਾਂ ਲਈ ਇਨ੍ਹਾਂ ਸਟੇਸ਼ਨਾਂ ਦੇ ਨਵੀਨੀਕਰਨ ਪਿੱਛੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਹੁਤ ਸਹਾਈ ਹੋਣਗੀਆਂ।

ਇਸ ਮੌਕੇ ਪੰਜਾਬ ਰਾਜ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਨੇ ਵੀ ਇਸ ਨੂੰ ਮਹੱਤਵਪੂਰਨ ਕਦਮ ਕਰਾਰ ਦਿੱਤਾ।

# ਇਕ ਪੋਸਟ 'ਤੇ 20-25 ਸਾਲ ਤੋਂ ਕੰਮ ਕਰਦੇ ਵਰਕਰਾਂ ਨੂੰ ਟ੍ਰੇਨਿੰਗ ਕਰਵਾਉਣਾ ਸਰਕਾਰੀ ਪੈਸੇ ਦੀ ਦੁਰਵਰਤੋਂ - ਮਹੈਣੀਆ, ਕੌਂਡਲ



**ਕਾਲਾ ਸੰਘਿਆਂ (ਮਨਜੀਤ ਮਾਨ)** ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ ਯੂਨੀਅਨ ਵੱਲੋਂ ਸਾਰੇ ਪੰਜਾਬ ਵਿੱਚ ਸਾਰੇ ਕਾਰਜਕਾਰੀ ਇੰਜੀਨੀਅਰ ਨੂੰ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹੈਣੀਆ ਦੇ ਦਿਸ਼ਾ ਨਿਰਦੇਸ਼ ਹੇਠ ਸਕਿਲ ਟ੍ਰੇਨਿੰਗ ਦੇ ਵਿਰੋਧ ਵਿੱਚ ਮੰਗ ਪੱਤਰ ਦਿੱਤੇ ਗਏ। ਜਲੰਧਰ ਵਿੱਚ ਜ਼ਿਲ੍ਹਾ ਪ੍ਰਧਾਨ ਸੰਜੀਵ ਕੌਂਡਲ ਦੀ ਪ੍ਰਧਾਨਗੀ ਹੇਠ ਮੰਗ ਪੱਤਰ ਮਹਿਕਮੇ ਦੇ ਨਿਗਰਾਨ ਇੰਜੀਨੀਅਰ ਨਰਿੰਦਰ ਸਿੰਘ ਨੂੰ ਦਿੱਤਾ ਗਿਆ। ਸੂਬਾ ਪ੍ਰਧਾਨ ਨੇ ਕਿਹਾ ਜਿਹੜੇ ਮੁਲਾਜਮ ਪਿਛਲੇ 20-25 ਸਾਲ ਤੋਂ ਇਕ ਹੀ ਪੋਸਟ 'ਤੇ ਕੰਮ ਕਰ ਰਹੇ ਹਨ ਅਤੇ ਉਸ ਪੋਸਟ 'ਤੇ ਕੋਈ ਵੀ ਨਵੀਂ ਤਕਨੀਕ ਮਹਿਕਮੇ ਵੱਲੋਂ ਨਹੀਂ ਆਈ ਅਤੇ ਮਸ਼ੀਨਰੀ ਵੀ ਪੁਰਾਣੀ ਹੀ ਚਲ ਰਹੀ ਹੈ ਉਨਾਂ ਮੁਲਾਜਮਾਂ ਨੂੰ ਉਸ ਮਸ਼ੀਨਰੀ ਸਬੰਧੀ ਟ੍ਰੇਨਿੰਗ ਦੀ ਕੋਈ ਜਰੂਰਤ ਨਹੀਂ ਹੈ। ਇਸ ਤਰ੍ਹਾਂ ਦੀ ਟ੍ਰੇਨਿੰਗ ਦੀ ਜਰੂਰਤ ਮਹਿਕਮੇ ਵਿਚ ਭਰਤੀ ਨਵੇਂ ਮੁਲਾਜਮਾਂ ਨੂੰ ਦਿੱਤੀ ਜਾ ਸਕਦੀ ਹੈ ਪਰ ਪੁਰਾਣੇ ਮੁਲਾਜਮ ਨੂੰ ਇਸ ਤਰ੍ਹਾਂ ਦੀ ਟ੍ਰੇਨਿੰਗ ਸਿਰਫ ਤੇ ਸਿਰਫ ਸਰਕਾਰੀ ਪੈਸੇ ਦੀ ਦੁਰਵਰਤੋਂ ਹੈ। ਜਦਕਿ ਇੰਨਾ ਦੇ ਤਜਰਬੇ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਮੁਲਾਜਮਾਂ ਦੀ ਪ੍ਰਮੋਸ਼ਨ ਲਈ ਕੋਈ ਪੋਲਿਸੀ ਬਣਾਈ ਜਾਵੇ ਕਿਉਂਕਿ ਬਾਕੀ ਹੋਰ ਪੋਸਟਾਂ ਜਿਵੇਂ ਕਿ ਕਲਰਕ,ਜੂਨੀਅਰ ਇੰਜੀਨੀਅਰ, ਉਪ ਮੰਡਲ ਇੰਜੀਨੀਅਰ ਆਦਿ ਪੋਸਟਾਂ 'ਤੇ 5 ਸਾਲ ਜਾਂ 10 ਸਾਲ ਬਾਅਦ ਅਗਲੀ ਤਰੱਕੀ ਮਿਲਦੀ ਹੈ ਇਸ ਤਰ੍ਹਾਂ ਹੀ ਇਨ੍ਹਾਂ ਫੀਲਡ ਮੁਲਾਜਮਾਂ ਨੂੰ ਵੀ ਪ੍ਰਮੋਸ਼ਨ ਦਿੱਤੀ ਜਾਵੇ। ਇਸ ਮੌਕੇ ਨਰਿੰਦਰ ਸਿੰਘ ਰਾਮ ਲਾਲ ਰਾਜਨ ਕੁਮਾਰ, ਸੁਨੀਲ ਕੁਮਾਰ,ਸੁੱਚਾ ਰਾਮ,ਰਜਿੰਦਰ ਕੁਮਾਰ , ਭੁਪਿੰਦਰ ਸਿੰਘ,ਬਲਵਿੰਦਰ ਸਿੰਘ ਆਦਿ ਮੈਂਬਰ ਸ਼ਾਮਿਲ ਹੋਏ ।

# ਭਾਰੀ ਮੀਂਹ ਦੇ ਬਾਵਜੂਦ ਬੱਚਿਆਂ ਨੇ ਸਫ਼ਲਤਾ-ਪੂਰਵਕ ਨੇਪਰੇ ਚਾੜ੍ਹਿਆ ਸਕਾਊਟ ਕੈਂਪ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਭਾਰੀ ਮੀਂਹ ਦੇ ਬਾਵਜੂਦ ਬੱਚਿਆਂ ਨੇ ਸਫ਼ਲਤਾ ਪੂਰਵਕ ਸਕਾਊਟ ਕੈਂਪ ਨੇਪਰੇ ਚਾੜ੍ਹਿਆ। ਸਕਾਊਟ ਮਾਸਟਰ ਰਾਬਿੰਦਰ ਸਿੰਘ ਰੱਬੀ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫ਼ਿਜ਼ਾਬਾਦ ਵਿੱਚ ਇਸ ਤਿੰਨ ਰੋਜ਼ਾ ਸਕਾਊਟ ਕੈਂਪ ਦੌਰਾਨ ਡਿਸਟ੍ਰਿਕਟ ਆਰਗੇਨਾਈਜੇਸ਼ਨ ਕਮਿਸ਼ਨਰ ਸੁਰਿੰਦਰ ਸਿੰਘ, ਸਕਾਊਟ ਮਾਸਟਰ ਸਰਬਜੀਤ ਸਿੰਘ ਦੁੱਮਣਾ ਅਤੇ ਗਾਇਡ ਸੈਕਸ਼ਨ ਤੋਂ ਮੈਡਮ ਰਣਧੀਰ ਕੌਰ ਬੇਲਾ ਨੇ ਸਕਾਊਟ ਪ੍ਰਾਰਥਨਾ, ਝੰਡਾ ਗੀਤ, ਸਕਾਊਟ ਨਿਯਮ, ਸਕਾਊਟ ਪ੍ਰਣ, ਗੰਢਾਂ ਅਤੇ ਬੀ ਪੀ ਸਿਕਸ ਬਾਰੇ ਵਿਸਥਾਰ ਵਿੱਚ ਦੱਸਿਆ। ਇਹ ਕੈਂਪ ਪ੍ਰਿੰਸੀਪਲ ਸਤਿੰਦਰ ਸਿੰਘ ਦੀ ਅਗਵਾਈ ਹੇਠ ਤਿੰਨ ਦਿਨ ਲਗਾਤਾਰ ਚੱਲਿਆ। ਅੰਤਲੇ ਦਿਨ ਸੀਨੀਅਰ ਲੈਕਚਰਰ ਸੁਖਦੇਵ ਸਿੰਘ ਦੀ ਅਗਵਾਈ ਹੇਠ ਸਟਾਫ ਨੇ ਬੱਚਿਆਂ ਦਾ ਨਿਰੀਖਣ ਕੀਤਾ, ਜਿਸ ਵਿੱਚ ਟਾਈਗਰ ਪੈਟਰੋਲ ਪਹਿਲੇ ਸਥਾਨ ਉੱਤੇ, ਜੈਸਮੀਨ ਅਤੇ ਸਨ ਫਲਾਵਰ ਦੂਜੇ ਸਥਾਨ ਉੱਤੇ ਅਤੇ ਬਾਜ਼ ਪੈਟਰੋਲ ਤੀਜੇ ਸਥਾਨ ਉੱਤੇ ਰਹੇ। ਰੋਜ਼ ਪੈਟਰੋਲ, ਬਲੈਕ ਪੈਂਥਰ ਪੈਟਰੋਲ, ਚੀਤਾ ਪੈਟਰੋਲ ਅਤੇ ਪੈਂਥਰ ਪੈਟਰੋਲ ਦਾ ਕੰਮ ਵੀ ਬਹੁਤ ਵਧੀਆ ਸੀ। ਮੀਂਹ ਦੇ ਬਾਵਜੂਦ ਦੁਬਾਰਾ ਵਿਦਿਆਰਥੀਆਂ ਨੇ ਗੈਜ਼ਟ ਤਿਆਰ ਕੀਤੇ। ਉਨ੍ਹਾਂ ਆਪ ਚਾਹ, ਪਕੌੜੇ, ਮੈਗੀ ਅਤੇ ਹੋਰ ਖਾਣ ਪੀਣ ਦਾ ਸਮਾਨ ਵੀ ਬਣਾਇਆ। ਕੈਂਪ ਵਿੱਚ ਇੰਦਰਜੀਤ ਸਿੰਘ, ਪਰਮਜੀਤ ਕੌਰ, ਰਮਨਦੀਪ ਕੌਰ, ਅਨੁਪਮ ਵਰਮਾ, ਵਿਕਰਮਜੀਤ ਕੌਰ, ਅਮਰਦੀਪ ਕੌਰ, ਕਿਰਨ ਬਾਲਾ ਗੁਰਿੰਦਰ ਸਿੰਘ, ਗੁਰਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਹਰਸਿਮਰਤ ਸਿੰਘ ਭਟੋਆ ਅਤੇ ਗਗਨਦੀਪ ਕੌਰ ਨੇ ਮਹੱਤਵਪੂਰਨ ਭੂਮਿਕਾ ਨਿਭਾਈ । ਇਸ ਤਿੰਨ ਰੋਜ਼ਾ ਤ੍ਰਿਤਿਆ ਸੋਪਾਨ ਟੈਸਟਿੰਗ ਕੈਂਪ ਤੋਂ ਬਾਅਦ ਵਿਦਿਆਰਥੀ ਰਾਜਯ ਪੁਰਸਕਾਰ ਲਾਉਣ ਲਈ ਤਾਰਾ ਦੇਵੀ ਸ਼ਿਮਲਾ ਜਾਣਗੇ। ਵਰਨਣਯੋਗ ਹੈ ਕਿ ਇਹ ਤਿੰਨ ਰੋਜ਼ਾ ਤ੍ਰਿਤਿਆ ਸੋਪਾਨ ਟੈਸਟਿੰਗ ਕੈਂਪ ਸਟੇਟ ਆਰਗੇਨਾਈਜੇਸ਼ਨ ਕਮਿਸ਼ਨਰ ਓਂਕਾਰ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੇਮ ਕੁਮਾਰ ਮਿੱਤਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਗਾਏ ਗਏ ਸਨ।

# ਦੇਹਰੀਵਾਲ ਸੈਂਟਰ 'ਚ ਕਰਵਾਏ ਜ਼ਿਲ੍ਹਾ ਪੱਧਰੀ ਵੇਟਲਿਫਟਿੰਗ ਮੁਕਾਬਲੇ



**ਅੱਡਾ ਸਰਾਂ , (ਕਾਜਲ )**-ਸਰਕਾਰੀ ਹਾਈ ਸਕੂਲ ਪਿੰਡ ਦੇਹਰੀਵਾਲ ਵਿਚ ਚਲਾਏ ਜਾ ਰਹੇ ਵੇਟਲਿਫਟਿੰਗ ਸੈਂਟਰ ਵਿਚ ਜ਼ਿਲਾ ਪੱਧਰੀ ਵੇਟਲਿਫਟਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿਚ ਹੁਸ਼ਿਆਰਪੁਰ ਅਤੇ ਹੋਰਨਾਂ ਜ਼ਿਲ੍ਹਿਆਂ ਦੇ ਖਿਡਾਰੀਆਂ ਨੇ ਭਾਗ ਲਿਆ। ਹਰਦੀਪ ਸਿੰਘ ਬੀਰਮਪੁਰ ਅਤੇ ਅਵਤਾਰ ਸਿੰਘ ਵਿਰਕ ਦੀ ਸਰਪ੍ਰਸਤੀ ਵਿਚ ਸਕੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਦੇਖ-ਰੇਖ ਵਿਚ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਦਾ ਉਦਘਾਟਨ ਅਤੇ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਵੇਟ ਲਿਫਟਿੰਗ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਰਜਨ ਐਵਾਰਡੀ ਤਾਰਾ ਸਿੰਘ, ਹਰਬੰਸ ਸਿੰਘ ਸੈਣੀ ਬੀਰਮਪੁਰ ਅਤੇ ਹਰਦੀਪ ਸਿੰਘ ਬੀਰਮਪੁਰ ਨੇ ਕੀਤੀ। ਇਸ ਦੌਰਾਨ ਹੋਏ ਮੁਕਾਬਲਿਆਂ ਵਿਚ ਅੰਡਰ 14 ਉਮਰ ਵਰਗ ਵਿਚ ਤਜਿਸ਼ ਠੇਠਰ, ਅਰਮਾਨ, ਸਿਮਰਨਜੀਤ ਸਿੰਘ, ਸਮਰਜੀਤ ਸਿੰਘ, ਗੁਰਮਨ, ਜਗਤੇਸ਼ਵਰ ਸੰਧੂ ਜੇਤੂ ਰਹੇ। ਅੰਡਰ 17 ਵਰਗ ਵਿਚ ਮਨਤੇਜ ਭਿੰਡਰ, ਸਰਬਜੋਤ ਸਿੰਘ ਪੰਨੂ, ਹਰਸ਼ਿਤ ਬਾਲੀ, ਹਰਜੋਤ ਸਿੰਘ, ਤਨਵੀਰ ਸਿੰਘ ਅਤੇ ਗੁਰਕੀਰਤ ਸਿੰਘ ਜੇਤੂ ਰਹੇ । ਅੰਡਰ 19 ਵਰਗ ਵਿਚ ਕਰਮਵੀਰ ਸਿੰਘ, ਅਭੀਰਾਜ ਸਿੰਘ, ਸਮਰਦੀਪ ਸਿੰਘ ਅਤੇ ਜਸਕਰਨ ਸਿੰਘ ਜੇਤੂ ਰਹੇ। ਇਸ ਮੌਕੇ ਜੇਤੂਆਂ ਨੂੰ ਇਨਾਮ ਦਿੰਦੇ ਸੂਬਾ ਪ੍ਰਧਾਨ ਤਾਰਾ ਸਿੰਘ ਨੇ ਇਲਾਕੇ ਵਿਚ ਵੇਟਲਿਫਟਿੰਗ ਖੇਡ ਨੂੰ ਉਤਸ਼ਾਹਿਤ ਕਰ ਰਹੇ ਸੈਂਟਰ ਦੀ ਸਮੂਹ ਟੀਮ ਦੀ ਸ਼ਲਾਘਾ ਕਰਦੇ ਹੋਏ ਆਖਿਆ ਕਿ ਐਸੋਸੀਏਸ਼ਨ ਸੈਂਟਰ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਲਗਾਤਾਰ ਸਾਥ ਦੇਵੇਗੀ। ਉਨ੍ਹਾਂ ਖਿਡਾਰੀਆਂ ਨੂੰ ਖੇਡ ਦੇ ਗੁਰ ਸਿਖਾਉਂਦੇ ਹੋਏ ਸਖਤ ਮਿਹਨਤ ਕਰਦੇ ਹੋਏ ਦੁਨੀਆਂ ਵਿਚ ਦੇਸ਼ ਦਾ ਨਾਂਅ ਰੌਸ਼ਨ ਕਰਨ ਦੀ ਪ੍ਰੇਰਨਾ ਦਿੱਤੀ। ਸਕੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਨੇ ਤਾਰਾ ਸਿੰਘ ਅਤੇ ਹੋਰਨਾਂ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕਰਦੇ ਹੋਏ ਸੈਂਟਰ ਦੀਆਂ ਪ੍ਰਾਪਤੀਆਂ ਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੁਰਜੀਤ ਸਿੰਘ ਸੇਵਾਮੁਕਤ ਡੀ.ਜੀ.ਐੱਸ., ਡਾ. ਦਵਿੰਦਰ ਸਿੰਘ, ਸਰਪੰਚ ਹਰਦਿਆਲ ਸਿੰਘ ਧੂਤ, ਜਸਵੰਤ ਸਿੰਘ ਚੌਟਾਲਾ, ਗੁਰਵੀਰ ਸਿੰਘ ਚੌਟਾਲਾ, ਕੁਲਵਿੰਦਰ ਸਿੰਘ, ਜਤਿੰਦਰ ਸਿੰਘ, ਉਂਕਾਰ ਸਿੰਘ, ਮਨਦੀਪ ਸਿੰਘ ਮਨੀ, ਜਗਜੀਵਨ ਜੱਗੀ, ਪਰਮਿੰਦਰ ਸਿੰਘ, ਮਨਦੀਪ ਲਿੱਤਰ, ਬੰਟੂ ਦੇਹਰੀਵਾਲ, ਅੰਮ੍ਰਿਤਪਾਲ ਸਿੰਘ, ਸਰਬਜੋਤ ਸਿੰਘ ਸੰਧੂ, ਨੰਬਰਦਾਰ ਮਨਪ੍ਰੀਤ ਸਿੰਘ, ਸਤਨਾਮ ਸਿੰਘ ਸੈਣੀ, ਜਸਕਰਨ ਸਿੰਘ, ਕੋਚ ਹਰਪਾਲ ਸਿੰਘ, ਲੈਕਚਰਾਰ ਸੰਦੀਪ, ਗੁਰਬਿੰਦਰ ਪੰਨੂ, ਡੀ.ਪੀ.ਈ. ਉਂਕਾਰ ਸਿੰਘ, ਨਵਦੀਪ ਸਿੰਘ ਆਦਿ ਮੌਜੂਦ ਸਨ।

# ਬਲਦੇਵ ਕੌਰ ਦੀ ਯਾਦ 'ਚ ਵਾਟਰ ਕੂਲਰ ਭੇਟ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਵਿਖੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਵਿਖੇ ਬੀਬੀ ਬਲਦੇਵ ਕੌਰ ਦੀ ਮਿੱਠੀ ਪਿਆਰੀ ਯਾਦ ਵਿੱਚ



ਮੇਹਰ ਸਿੰਘ ਠੱਕਰਵਾਲ ਵੱਲੋਂ ਗਰਮੀਂ ਦੇ ਮੌਸਮ ਨੂੰ ਦੇਖਦਿਆਂ ਹੋਇਆਂ ਵਾਟਰ ਕੂਲਰ ਭੇਟ ਕੀਤਾ। ਸਕੂਲ ਦੇ ਮੁੱਖ ਪ੍ਰਬੰਧਕ ਰਣਜੀਤ ਕੌਰ ਸੰਧੂ ਨੇ ਵਾਟਰ ਕੂਲਰ ਦੇਣ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਰੀਆਂ ਸੰਸਥਾਵਾਂ ਨੂੰ ਸਮਾਜ ਭਲਾਈ ਦੇ ਕੰਮ ਵਿੱਚ ਵੱਧ ਚੜ੍ਹ ਸੇਵਾ ਕਰਨੀ ਚਾਹੀਦੀ ਹੈ। ਵਿਦਿਆ ਸਾਡਾ ਤੀਜਾ ਨੇਤਰ ਹੈ, ਇਸ ਲਈ ਬੱਚਿਆਂ ਦੀ ਪੜ੍ਹਾਈ ਲਈ ਸਾਰੀਆਂ ਸੰਸਥਾਵਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਚਾਹੀਦਾ ਹੈ। ਇਸ ਮੌਕੇ ਦਲਜੀਤ ਕੌਰ, ਗੀਤਾ ਤੇ ਵਿਦਿਆਰਥੀ ਹਾਜਰ ਸਨ।

# 'ਕੰਮੀਆਂ ਦੀ ਲਹਿਰ' ਮੈਗਜ਼ੀਨ ਛਪ ਕੇ ਤਿਆਰ : ਨੂਰਪੁਰੀ

**ਨਵਾਂਸ਼ਹਿਰ ( ਮਨੋਜ ਲਾਡੀ)**-ਇਥੇ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਪੰਜਾਬ ਦਾ ਬੁਲਾਰਾ 'ਕੰਮੀਆਂ ਦੀ ਲਹਿਰ' ਛਪ ਕੇ ਤਿਆਰ ਹੋ ਗਿਆ ਹੈ। ਮੈਗਜੀਨ ਦੇ ਸੰਪਾਦਕ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਦੱਸਿਆ ਕਿ ਇਹ ਮੈਗਜੀਨ ਆਜਾਦੀ ਦੀ 76ਵੀਂ ਵਰੇਗੰਢ ਨੂੰ ਸਮਰਪਿਤ ਹੋਵੇਗਾ। ਜ਼ਿਲ੍ਹਾ ਲੀਡਰਸ਼ਿਪ 12 ਅਗਸਤ ਨੂੰ ਜਲੰਧਰ ਸੂਬਾਈ ਹੈਡਕੁਆਰਟਰ ਵਿਖੇ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸਮੇਂ ਜ਼ਿਲ੍ਹੇ ਦੇ ਲੱਗੇ ਕੋਟੇ ਮੁਤਾਬਕ ਮੈਗਜੀਨ ਲੈ ਕੇ ਜਾਣ। ਇਹ ਅੰਕ ਤ੍ਰੈਮਾਸਿਕ ਹੈ ਅਤੇ ਇਹ ਸੰਤਬਰ-ਅਕਤੂਬਰ ਅੰਕ ਹੋਵੇਗਾ। ਸੰਪਾਦਕੀ ਬੋਰਡ ਨੇ ਪ੍ਰਬੰਧਕੀ ਕਮੇਟੀ ਵਿੱਚ ਡਾ. ਵਿਜੇ ਪਾਲ ਘਨੌਰ, ਅਮੀਂ ਲਾਲ ਬਠਿੰਡਾ ਅਤੇ ਹਰਪਾਲ ਸਿੰਘ ਭੈਣੀ ਤਰੇੜਾਂ ਨੂੰ ਸ਼ਾਮਲ ਕੀਤਾ ਹੈ। ਬਾਕੀ ਸਾਥੀ ਕਵਿਤਾ,ਗੀਤ ਅਤੇ ਮੌਜੂਦਾ ਹਾਲਾਤ ਬਾਰੇ ਲੇਖ ਅਤੇ ਇਸ਼ਤਿਹਾਰ ਵੀ ਸੂਬਾਈ ਦਫਤਰ 80-81 ਬਦਰੀ ਦਾਸ ਕਲੋਨੀ ਨੇੜੇ ਬੀ ਐਮ ਸੀ ਚੌਂਕ ਜਲੰਧਰ ਨੂੰ ਭੇਜਣ ਤਾਂ ਕਿ ਮੈਗਜੀਨ ਨੂੰ ਹੋਰ ਚੰਗੇਰਾ ਬਣਾਇਆ ਜਾ ਸਕੇ।

# ਪਿੰਡਾਂ ਦੇ ਵਿਕਾਸ ਦੇ ਬਿਨਾਂ ਸੂਬੇ ਤੇ ਦੇਸ਼ ਦੇ ਵਿਕਾਸ ਦੀ ਕਲਪਣਾ ਨਹੀਂ ਕੀਤੀ ਜਾ ਸਕਦੀ - ਮਨੋਹਰ ਲਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਰਾਸ਼ਟਰ ਦੀ ਆਤਮਾ ਪਿੰਡਾਂ ਵਿਚ ਵੱਸਦੀ ਹੈ ਅਤੇ ਸਾਡੀ ਅਰਥਵਿਵਸਥਾ ਹੁਣ ਵੀ ਖੇਤੀਬਾੜੀ 'ਤੇ ਵੱਧ ਨਿਰਭਰ ਹੈ। ਇਸ ਲਈ ਪਿੰਡਾਂ ਦੇ ਚਹੁੰਮੁਖੀ ਵਿਕਾਸ ਦੇ ਬਿਨ੍ਹਾਂ ਸੂਬਾ ਅਤੇ ਦੇਸ਼ ਦੇ ਵਿਕਾਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮੁੱਖ ਮੰਤਰੀ ਸੂਰਜਕੁੰਡ ਵਿਚ ਪ੍ਰਬੰਧਿਤ ਖੇਤਰੀ ਪੰਚਾਇਤੀ ਰਾਜ ਪਰਿਸ਼ਦ ਦੇ ਦੋ ਦਿਨਾਂ ਸਿਖਲਾਈ ਸਮੇਲਨ ਦੀ ਸ਼ੁਰੂਆਤ ਪ੍ਰੋਗ੍ਰਾਮ ਵਿਚ ਸੰਬੋਧਿਤ ਕਰ ਰਹੇ ਸਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰੋਗ੍ਰਾਮ ਨੂੰ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਸੰਬੋਧਿਤ ਕੀਤਾ ਅਤੇ ਮੁੱਖ ਮਹਿਮਾਨ ਵਜੋ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਡਾ ਨੇ ਸੰਬੋਧਿਤ ਕੀਤਾ। ਆਪਣੇ ਸੰਬੋਧਨ ਵਿਚ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਅਸੀਂ ਇੱਥੇ ਇਕ ਅਜਿਹੇ ਵਿਸ਼ਾ 'ਤੇ ਵਿਚਾਰ ਕਰਨ ਲਈ ਇਕੱਠਾ ਹੋਏ ਹਨ ਜੋ ਦੇਸ਼ ਦੇ ਲੋਕਤੰਤਰ ਦਾ ਮੂਲ ਆਧਾਰ ਹੈ । ਉਨ੍ਹਾਂ ਨੇ ਕਿਹਾ ਕਿ ਪੰਚਾਇਤਾਂ ਸਾਡੀ ਰਾਸ਼ਟਰੀ ਏਕਤਾ, ਅਖੰਡਤਾ, ਸੁਸਾਸ਼ਨ ਅਤੇ ਲੋਕਤੰਤਰ ਦਾ ਰੱਖਿਆ ਕਵੱਚ ਹੈ। ਸਾਡੇ ਦੇਸ਼ ਵਿਚ ਪੰਚਾਇਤਾਂ ਦੀ ਨਿਆਂਪ੍ਰਿਯਤਾ ਦੇ ਕਾਰਨ ਪਰਮੇਸ਼ਵਰ ਦੀ ਧਾਰਣਾ ਬਣੀ ਸੀ। ਉਨ੍ਹਾਂ ਨੇ ਕਿਹਾ ਕਿ ਪਿੰਡ ਪੰਚਾਇਤ, ਪੰਚਾਇਤ ਸਮਿਤੀ ਅਤੇ ਜਿਲ੍ਹਾ ਪਰਿਸ਼ਦ ਇਹ ਤਿੰਨਾਂ ਪੱਧਰ ਸਾਡੇ ਦੇਸ਼ ਨੂੰ ਪ੍ਰਜਾਤੰਤਰ ਵਿਵਸਥਾ ਦੇ ਮੂਲ ਆਧਾਰ ਹਨ। ਇਸੀ ਤਰ੍ਹਾਂ ਨਗਰਪਾਲਿਕਾ ਤੇ ਨਗਰ ਪਰਿਸ਼ਦ ਵੀ ਦੇਸ਼ ਦੇ ਸ਼ਹਿਰੀ ਖੇਤਰਾਂ ਦੇ ਸਮੂਚੇ ਵਿਕਾਸ ਵਿਚ ਸ਼ਲਾਘਾਯੋਗ ਕਦਮ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਵਿਚ ਪੰਚਾਇਤੀ ਰਾਜ ਸੰਸਥਾਵਾਂ ਨਾ ਸਿਰਫ ਮਜਬੂਤ ਹੋਈਆਂ ਹਨ, ਸਗੋ ਹੋਰ ਵੱਧ ਸ਼ਕਤੀਆਂ ਮਿਲਣ ਨਾਲ ਮਜਬੂਤ ਬਣੀਆਂ ਹਨ। ਇਸ ਨਾਲ ਸ਼ਹਿਰਾਂ ਅਤੇ ਪਿੰਡਾਂ ਦੇ ਪੱਧਰ 'ਤੇ ਉੱਥੇ ਦੀ ਜਰੂਰਤਾਂ ਦੀ ਪਹਿਚਾਣ ਕਰ ਕੇ ਅਤੇ ਉਨ੍ਹਾਂ ਜਰੂਰਤਾਂ ਦੀ ਪ੍ਰਾਥਮਿਕਤਾ ਤੈਅ ਕਰ ਕੇ ਵਿਕਾਸ ਦੇ ਕੰਮਾਂ ਨੂੰ ਚਲਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਹਰਿਆਣਾ ਵਿਚ ਪੜੀ-ਲਿਖੀ ਪੰਚਾਇਤਾਂ ਕਾਰਗਰ ਭੂਮਿਕਾ ਵਿਚ ਹਨ।

# ਖਟਕੜ ਕਲਾਂ 'ਚ ਰੁੱਖਾਂ ਨਾਲ ਰਿਸ਼ਤੇ ਬਣਾਉਣ ਦਾ ਹੋਕਾ



**ਬਹਿਰਾਮ (ਅਵਤਾਰ ਕਲੇਰ)** ਸਾਇਕਲ ਸਵੇਰ ਕਾਫ਼ਲਾ ਬੰਗਾ ਤੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪੁਰਖਿਆਂ ਦੀ ਧਰਤੀ 'ਤੇ ਨਮਨ ਕਰਨ ਪੁੱਜਾ। ਜਿੱਥੇ ਕਾਫ਼ਲੇ ਵਲੋਂ ਵਾਤਾਵਰਣ ਦੀ ਸੰਭਾਲ ਲਈ ਰੁੱਖਾਂ ਨਾਲ ਰਿਸ਼ਤੇ ਬਣਾਉਣ ਦਾ ਹੋਕਾ ਦਿੱਤਾ ਗਿਆ। ਉਹਨਾਂ ਵਲੋਂ ਬੀਬੀ ਅਮਰ ਕੌਰ ਯਾਦਗਾਰੀ ਹਾਲ ਖਟਕੜ ਕਲਾਂ ਦੇ ਵਿਹੜੇ ਰੁੱਖ ਲਾਉਣ ਦਾ ਕਾਰਜ ਕੀਤਾ ਗਿਆ। ਕਾਫ਼ਲੇ ਦੇ ਨੁਮਾਇੰਦੇ ਰਣਬੀਰ ਰਾਣਾ ਅਤੇ ਯੋਜਨਾਕਾਰ ਸੁਰਜੀਤ ਮਜਾਰੀ ਦੀ ਅਗਵਾਈ ਵਿੱਚ ਹਾਜ਼ਰ ਮੈਂਬਰਾਂ ਨੇ ਪਰਵਾਰਕ ਕਾਰਜਾਂ ਵਿੱਚ ਅਤੇ ਸਮਾਜ ਦੇ ਰੀਤ ਰਿਵਾਜਾਂ ਸਮੇਂ ਪੌਦਿਆਂ ਦਾ ਅਦਾਨ ਪ੍ਰਦਾਨ ਕਰਨ ਦਾ ਅਹਿਦ ਲਿਆ ਗਿਆ। ਉਹਨਾਂ ਜਾਣਕਾਰੀ ਦਿੱਤੀ ਕਿ ਇਹ ਕਾਫ਼ਲਾ ਹਰ ਐਤਵਾਰ ਸਵੇਰੇ ਤੁਰ ਕੇ ਵੱਖ ਵੱਖ ਥਾਵਾਂ 'ਤੇ ਪੁੱਜ ਕੇ ਸਮਾਜ ਸੇਵੀ ਸਖਸ਼ੀਅਤਾਂ ਦਾ ਸਨਮਾਨ ਵੀ ਕਰਦੀ ਹੈ। ਇਸ ਮੌਕੇ ਨਾਮਵਰ ਕੋਚ ਸਰਬਜੀਤ ਮੰਗੂਵਾਲ ਵਲੋਂ ਆਪਣੀ ਸਵੈ ਜੀਵਨੀ 'ਫੁੱਟਬਾਲ ਦੇ ਅੰਗ ਸੰਗ' ਕਾਫ਼ਲੇ ਦੇ ਮੈਂਬਰਾਂ ਨੂੰ ਪ੍ਰਦਾਨ ਕੀਤੀ ਗਈ। ਕਾਫ਼ਲੇ ਵਲੋਂ ਸਾਂਝੇ ਕਾਰਜਾਂ 'ਚ ਮੋਹਰ ਭੂਮਿਕਾ ਨਿਭਾਉਣ ਵਾਲੇ ਮੈਡਮ ਮਨਜੀਤ ਕੌਰ ਬੋਲਾ ਅਤੇ ਸਿੱਖਿਆ ਸੇਵਾ ਸੁਸਾਇਟੀ ਬੰਗਾ ਦੀ ਸਮੁੱਚੀ ਟੀਮ ਦਾ ਸਨਮਾਨ ਕੀਤਾ ਗਿਆ। ਮੈਡਮ ਮਨਜੀਤ ਕੌਰ ਬੋਲਾ ਨੇ ਉਹਨਾਂ ਵਲੋਂ ਸਥਾਪਿਤ ਸੰਸਥਾ ਵਲੋਂ ਇਤਿਹਾਸ ਦੀ ਸੰਭਾਲ, ਸਿੱਖਿਆ ਅਤੇ ਸਾਹਿਤ ਨੂੰ ਸਮਰਪਿਤ ਸੇਵਾਵਾਂ ਦੀ ਸਾਂਝ ਪਾਈ ਗਈ ਅਤੇ ਲੋੜਵੰਦਾਂ ਦੀ ਸਹਾਇਤਾਂ ਹਿੱਤ ਦਿੱਤੇ ਜਾਂਦੇ ਸਹਿਯੋਗ ਦਾ ਵੇਰਵਾ ਦੱਸਿਆ। ਇਸ ਮੌਕੇ ਦਵਿੰਦਰ ਬੇਗਮਪੁਰੀ, ਰਾਜਿੰਦਰ ਜੱਸਲ, ਪ੍ਰਿਤਪਾਲ ਸਿੰਘ, ਸੁਰਿੰਦਰ ਛਿੰਦੀ ਨੰਬਰਦਾਰ, ਭੁਪੇਸ਼ ਕੁਮਾਰ, ਸੁਰੇਸ਼ ਕੁਮਾਰ, ਸੁਖਬੀਰ ਸਿੰਘ ਖਟਕਡ, ਸੁਨੀਤਾ ਸਰਮਾ, ਅਮਰਜੀਤ ਸਿੰਘ, ਕੁਲਵਿੰਦਰ ਕੌਰ, ਮਨਪ੍ਰੀਤ ਕੌਰ ਖਟਕੜ ਆਦਿ ਵੀ ਸ਼ਾਮਲ ਸਨ।

# ਮਨੀਪੁਰ ਸਰਕਾਰ ਨੂੰ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ : ਪ੍ਰੇਮ ਮਸੀਹ

**ਕਾਲਾ ਸੰਘਿਆਂ (ਮਨਜੀਤ ਮਾਨ)** ਨਵੀਂ ਦਾਣਾ ਮੰਡੀ ਕਰਤਾਰਪੁਰ ਵਿਖੇ ਡੇਮੋਕ੍ਰੇਟਿਕ ਭਾਰਤੀ ਲੋਕ ਦਲ (ਯੂਨਿਟ ਪੰਜਾਬ) ਵੱਲੋਂ ਪਾਰਟੀ ਦੇ ਪੰਜਾਬ ਪ੍ਰਧਾਨ ਪ੍ਰੇਮ ਮਸੀਹ ਦੀ ਅਗਵਾਈ ਹੇਠ ਕੇਂਦਰ ਸਰਕਾਰ ਦਾ ਪੁਤਲਾ ਸਾੜਿਆ ਗਿਆ। ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁੱਖ ਸਿੰਘ ਖੋਸਲਾ ਵੀ ਇਸ ਰੋਸ ਪ੍ਰਦਰਸ਼ਨ 'ਚ ਪੁੱਜੇ ਤੇ ਕਿਹਾ ਕਿ ਮਨੀਪੁਰ ਦੇ ਵਿੱਚ ਹਿੰਸਾ ਰੁਕਣ ਦਾ ਨਾਮ ਨਹੀਂ ਲੈ ਰਹੀ। ਪ੍ਰਧਾਨ ਮੰਤਰੀ ਇਸ 'ਤੇ ਕੁਝ ਵੀ ਬੋਲਣ ਲਈ ਤਿਆਰ ਨਹੀਂ ਹੈ। ਜਿਸ ਰਾਜੇ ਦੇ ਰਾਜ ਵਿੱਚ ਪ੍ਰਜਾ ਹੀ ਦੁਖੀ ਹੋਵੇ ਉਸ ਰਾਜੇ ਨੂੰ ਆਪਣਾ ਰਾਜ ਭਾਗ ਹੀ ਛੱਡ ਦੇਣਾ ਚਾਹੀਦਾ ਹੈ।

ਆਗੂਆਂ ਨੇ ਰਾਸ਼ਟਰਪਤੀ ਦੇ ਨਾਂਅ ਇੱਕ ਮੰਗ ਪੱਤਰ ਸੌਂਪਦੇ ਹੋਏ ਮੰਗ ਕੀਤੀ ਹੈ ਕਿ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਰਾਸ਼ਟਰਪਤੀ ਸਾਸਨ ਲਾਗੂ ਕੀਤਾ ਜਾਵੇ! ਇਸ ਮੌਕੇ ਹੋਰਨਾਂ ਤੋਂ ਇਲਾਵਾ ਰੂੜਾ ਰਾਮ ਗਿੱਲ ਰਾਸ਼ਟਰੀ ਸਕੱਤਰ, ਗੁਰਦੇਵ ਮਾਲੜੀ ਰਾਸਟਰੀ ਸਕੱਤਰ,ਮੰਗਤ ਰਾਮ ਕਲਿਆਣ ਰਾਸਟਰੀ ਸਕੱਤਰ, ਪ੍ਰੇਮ ਮਸੀਹ ਪ੍ਰਧਾਨ ਪੰਜਾਬ, ਰੇਸ਼ਮ ਸਿੰਘ ਭੱਟੀ ਚੇਅਰਮੈਨ ਕ੍ਰਿਸਚੀਅਨ ਵਿੰਗ ਪੰਜਾਬ,ਹਰਵਿੰਦਰ ਮਾਨ ਉੱਪ ਪ੍ਰਧਾਨ ਪੰਜਾਬ,ਸੁਨੀਲ ਮਸੀਹ (ਕਾਕਾ) ਪ੍ਰਧਾਨ ਦੁਆਬਾ ਯੋਨ, ਨੀਲਮ ਗਿੱਲ ਜਨਰਲ ਸਕੱਤਰ ਮਹਿਲਾ ਵਿੰਗ ਪੰਜਾਬ, ਸੁੱਖਵੀਰ ਸਿੰਘ ਸਹੋਤਾ ਪ੍ਰਧਾਨ ਜ਼ਿਲ੍ਹਾ ਜਲੰਧਰ, ਸਤਨਾਮ ਸਿੰਘ ਬੁਲੋਵਾਲ ਪ੍ਰਧਾਨ ਕਿਸਾਨ ਵਿੰਗ ਜਲੰਧਰ,ਕੁਲਜੀਤ ਸਿੰਘ ਸੀਨੀਅਰ ਆਗੂ,ਸੁਮਾਈ ਰਾਮ ਪਟੇਲ ਸੀਨੀਅਰ ਆਗੂ, ਹਮੀਦ ਮਸੀਹ ਪ੍ਰਧਾਨ ਕ੍ਰਿਸਚੀਅਨ ਮੂਵਮੈਂਟ ਪੰਜਾਬ, ਡਾ. ਤਰਸੇਮ ਸਹੋਤਾ ਹੋਸਨਾ ਮਨਿਸਟਰੀ ਪੰਜਾਬ, ਰਾਜੂ ਕੋਟਲਾ, ਅਸ਼ੋਕ ਕੋਟਲੀ, ਅਮਰਜੀਤ ਝਾਵਾਂ,ਦਲੇਰ ਮਿਰਜਾ ਪੁਰ,ਚਰਨਜੀਤ ਕਸਬਾ ਅਦਿ ਮੌਜੂਦ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਸੀ ਬੀ ਐੱਸ ਈ ਵੱਲੋਂ ਸੈਮੀਨਾਰ

**ਕਪੂਰਥਲਾ, ( ਹਨੀ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸਾਹਮਣੇ ਵਿਖੇ ਸੀ ਬੀ ਐਸ ਈ ਵਲੋਂ ਸੈਮੀਨਾਰ ਕਰਵਾਇਆ ਗਿਆ ।





ਇਸ ਦੌਰਾਨ ਮੇਜ਼ਬਾਨ ਸਕੂਲ ਤੋਂ ਇਲਾਵਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਅਤੇ ਜ਼ਿਲ੍ਹੇ ਦੇ ਦੋ ਹੋਰ ਸਕੂਲਾਂ ਦੇ ਸਟਾਫ਼ ਮੈਂਬਰਾਂ ਭਾਗ ਲਿਆ । ਇਸ ਦੌਰਾਨ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਸ਼ਾਮਲ ਹੋਏ । ਸੈਮੀਨਾਰ ਵਿਚ ਸੀ ਬੀ ਐਸ ਈ ਤੋਂ ਮੈਡਮ ਵਨੀਤਾ ਅਰੋੜਾ ਬਤੌਰ ਮੁੱਖ ਬੁਲਾਰਾ ਸ਼ਾਮਲ ਹੋਏ ਅਤੇ ਦੱਸਿਆ ਕਿ ਕਿਸ ਤਰ੍ਹਾਂ ਅਸੀਂ ਆਪਣੀ ਤਨਖਾਹ ਦਾ ਥੋੜਾ-ਥੋੜਾ ਹਿੱਸਾ ਕਿਸ-ਕਿਸ ਪਾਲਸੀ ਵਿੱਚ ਜਮ੍ਹਾਂ ਕਰਵਾ ਕੇ ਬਚਾ ਸਕਦੇ ਹਾਂ । ਉਨ੍ਹਾਂ ਐਫ ਡੀ, ਲਾਈਫ ਇੰਸ਼ੋਰੈਂਸ, ਹੈਲਥ ਇੰਸ਼ੋਰੈਂਸ, ਸ਼ੇਅਰ ਮਾਰਕਿਟ, ਐਲ ਆਈ ਸੀ, ਗੋਲਡ ਅਤੇ ਪ੍ਰਾਪਰਟੀ ਸੇਵਿੰਗ ਬਾਰੇ ਬੜੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ, ਪ੍ਰਿੰਸੀਪਲ ਰੇਨੂੰ ਅਰੋੜਾ ਤੋਂ ਇਲਾਵਾ ਵੱਖ ਵੱਖ ਸਕੂਲਾਂ ਦੇ ਅਧਿਆਪਕ ਹਾਜਰ ਸਨ ।

# ਕੈਂਸਰ ਦੇ ਮਰੀਜ਼ ਲੈ ਸਕਦੇ ਹਨ ਡੇਢ ਲੱਖ ਰੁਪਏ ਦੀ ਵਿੱਤੀ ਸਹਾਇਤਾ: ਸਿਵਲ ਸਰਜਨ



**ਐਸ.ਏ.ਐਸ.ਨਗਰ,(ਗੁਰਜੀਤ ਬਿੱਲਾ)**-

ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਤਹਿਤ ਸੂਬੇ ਦੇ ਕੈਂਸਰ ਮਰੀਜ਼ਾਂ ਨੂੰ ਇਲਾਜ ਲਈ ਡੇਢ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਨੇ ਦਸਿਆ ਕਿ ਕੈਂਸਰ ਮਰੀਜ਼ ਤਮਾਮ ਜ਼ਰੂਰੀ ਦਸਤਾਵੇਜ਼ਾਂ ਸਮੇਤ ਪ੍ਰੋਫ਼ਾਰਮੇ 'ਤੇ ਆਪਣੀ ਅਰਜ਼ੀ ਸਿਵਲ ਸਰਜਨ ਦਫ਼ਤਰ, ਫ਼ੇਜ਼ 6 ਵਿਖੇ ਦੇ ਸਕਦਾ ਹੈ। ਉਨ੍ਹਾਂ ਦਸਿਆ ਕਿ ਲਾਭਪਾਤਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ। ਜੇ ਲਾਭਪਾਤਰੀ 20 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਉਸ ਦਾ ਜਨਮ ਪੰਜਾਬ 'ਚ ਹੋਇਆ ਹੋਵੇ ਅਤੇ ਮਾਤਾ-ਪਿਤਾ ਪੰਜਾਬ ਦੇ ਵਸਨੀਕ ਹੋਣੇ ਚਾਹੀਦੇ ਹਨ। ਮਰੀਜ਼ ਦਾ ਇਲਾਜ ਸੂਚੀਬੱਧ ਹਸਪਤਾਲਾਂ 'ਚ ਹੋਣਾ ਚਾਹੀਦਾ ਹੈ, ਜਿਸ 'ਚ ਪੀ.ਜੀ.ਆਈ. ਚੰਡੀਗੜ੍ਹ, ਚੰਡੀਗੜ੍ਹ ਦਾ ਸਰਕਾਰੀ ਮੈਡੀਕਲ ਕਾਲਜ, ਮੋਹਾਲੀ ਦਾ ਮੈਕਸ ਹਸਪਤਾਲ, ਆਈ.ਵੀ.ਵਾਈ ਹਸਪਤਾਲ, ਬਹਿਗਲ ਹਸਪਤਾਲ ਵੀ ਸ਼ਾਮਲ ਹਨ। ਕੈਂਸਰ ਦੀ ਪਛਾਣ ਕਰਨ ਸਬੰਧੀ ਲੈਬਾਰਟਰੀ ਦੀ ਕਾਪੀ ਹੋਣੀ ਚਾਹੀਦੀ ਹੈ ਜੋ ਡਾਕਟਰ ਤੋਂ ਤਸਦੀਕਸ਼ੁਦਾ ਹੋਵੇ। ਜਿਥੇ ਪੀੜਤ ਦਾ ਇਲਾਜ ਚੱਲ ਰਿਹਾ ਹੈ, ਉਸ ਹਸਪਤਾਲ ਵਲੋਂ ਇਲਾਜ ਦੇ ਖ਼ਰਚੇ ਦਾ ਐਸਟੀਮੇਟ ਹੋਣਾ ਚਾਹੀਦਾ ਹੈ। ਪਾਸਪੋਰਟ ਆਕਾਰ ਦੀਆਂ ਦੋ ਤਸਵੀਰਾਂ ਜੋ ਇਲਾਜ ਕਰਨ ਵਾਲੇ ਡਾਕਟਰ ਵਲੋਂ ਤਸਦੀਕਸ਼ੁਦਾ ਹੋਣ। ਉਨ੍ਹਾਂ ਇਹ ਵੀ ਦਸਿਆ ਕਿ ਜੇ ਕੋਈ ਮਰੀਜ਼ ਸੂਚੀਬੱਧ ਨਿੱਜੀ ਹਸਪਤਾਲ ਵਿਚ ਇਲਾਜ ਕਰਵਾ ਰਿਹਾ ਹੈ ਤਾਂ ਉਹ ਆਪਣੀ ਅਰਜ਼ੀ ਉਸੇ ਹਸਪਤਾਲ ਵਿਚ ਦੇਵੇਗਾ, ਉਸ ਨੂੰ ਸਿਵਲ ਸਰਜਨ ਦਫ਼ਤਰ ਵਿਖੇ ਅਰਜ਼ੀ ਦੇਣ ਦੀ ਲੋੜ ਨਹੀਂ। ਇਹ ਦਫ਼ਤਰ ਸਿਰਫ਼ ਕਾਗ਼ਜ਼ਾਂ ਦੀ ਤਸਦੀਕ ਕਰੇਗਾ। ਇਸ ਤੋਂ ਇਲਾਵਾ ਜੇ ਲਾਭਪਾਤਰੀ ਐਸ.ਸੀ, ਐਸ.ਟੀ ਸ਼੍ਰੇਣੀ ਨਾਲ ਸਬੰਧਤ ਹੈ ਤਾਂ ਸਬੂਤ ਵਜੋਂ ਸਰਟੀਫ਼ੀਕੇਟ ਹੋਣਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਦਸਿਆ ਕਿ ਇਹ ਵਿੱਤੀ ਸਹਾਇਤਾ ਸਰਕਾਰੀ ਮੁਲਾਜ਼ਮ ਨੂੰ ਨਹੀਂ ਮਿਲੇਗੀ। ਇਸ ਤੋਂ ਇਲਾਵਾ ਜੇ ਕੋਈ ਵਿਅਕਤੀ ਪ੍ਰਾਈਵੇਟ ਨੌਕਰੀ ਕਰ ਰਿਹਾ ਹੈ ਤੇ ਉਸ ਦਾ ਈ.ਐਸ.ਆਈ. ਫ਼ੰਡ ਕੱਟਦਾ ਹੈ, ਉਸ ਨੂੰ ਵੀ ਸਹਾਇਤਾ ਨਹੀਂ ਮਿਲ ਸਕਦੀ। ਆਯੁਸ਼ਮਾਨ ਸਿਹਤ ਬੀਮਾ ਕਾਰਡ ਧਾਰਕ ਵੀ ਇਹ ਸਹਾਇਤਾ ਨਹੀਂ ਲੈ ਸਕਦੇ। ਵਿੱਤੀ ਸਹਾਇਤਾ ਦੀ ਰਕਮ ਸਬੰਧਤ ਹਸਪਤਾਲ ਨੂੰ ਹੀ ਭੇਜੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਅਤੇ ਲੋਕਾਂ ਨੂੰ ਵੱਖ-ਵੱਖ ਸਿਹਤ ਯੋਜਨਾਵਾਂ ਦਾ ਪੂਰਾ ਲਾਭ ਦਿਤਾ ਜਾ ਰਿਹਾ ਹੈ। ਹੋਰ ਕਿਸੇ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਫ਼ੋਟੋ : ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਜਾਣਕਾਰੀ ਦਿੰਦੇ ਹੋਏ।

# ਕਰੀਅਰ ਗਾਈਡੈਂਸ ਪ੍ਰੋਗਰਾਮ 'ਚ 275 ਵਿਦਿਆਰਥੀਆਂ ਨੇ ਲਿਆ ਭਾਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਜੇ. ਸੀ. ਡੀ. ਏ ਵੀ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨ ਵਿਖੇ ਬਾਰ੍ਹਵੀਂ ਜਮਾਤ ਦੇ ਬੱਚਿਆਂ ਲਈ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਵਿਚ ਦੋਵੇਂ ਸੰਬੰਧਤ ਸਕੂਲਾਂ ਦੇ ਸਮੂਹ ਸਟਾਫ਼ ਤੋਂ ਇਲਾਵਾ 275 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਨੌਜਵਾਨ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਰੁਜ਼ਗਾਰ ਬਿਊਰੋ ਦੀ ਮਹੱਤਤਾ ਅਤੇ ਬਿਊਰੋ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਰੀਅਰ ਕਾਊਂਸਲਿੰਗ ਬਾਰੇ ਜਾਣਕਾਰੀ ਦਿੱਤੀ ਅਤੇ ਆਈ ਟੀ ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸ, ਪਲੇਸਮੈਂਟ ਸੈੱਲ ਵੱਲੋਂ ਕੀਤੇ ਜਾ ਰਹੇ ਜੌਬ ਪਲੇਸਮੈਂਟ ਦੇ ਯਤਨਾਂ, ਰੋਜ਼ਗਾਰ ਬਿਊਰੋ ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਮੁਫਤ ਇੰਟਰਨੈੱਟ ਸੇਵਾਵਾਂ, ਸਵੈ-ਰੁਜ਼ਗਾਰ ਸਕੀਮਾਂ, ਥੋੜ੍ਹੇ ਸਮੇਂ ਦੇ ਤਕਨੀਕੀ ਕੋਰਸਾਂ ਅਤੇ ਨੈਸ਼ਨਲ ਕਰੀਅਰ ਸਰਵਿਸਿਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਹੁਨਰ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅੱਜ ਦੇ ਸਮੇਂ ਵਿਚ ਕੋਈ ਵੀ ਨੌਕਰੀ ਜਾਂ ਕਾਰੋਬਾਰ ਸ਼ੁਰੂ ਕਰਨ ਲਈ ਹੁਨਰ ਦੀ ਵਿਸ਼ੇਸ਼ ਮਹੱਤਤਾ ਹੈ ਅਤੇ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਪੂਰੇ ਭਾਰਤ ਦੀਆਂ 13 ਫੂਡ ਕਰਾਫਟ ਸੰਸਥਾਵਾਂ ਵਿੱਚੋਂ ਇੱਕ ਹੈ।

ਇਸ ਵਿੱਚ ਵੱਖ-ਵੱਖ ਤਰ੍ਹਾਂ ਦੇ ਡਿਪਲੋਮਾ, ਡਿਗਰੀ ਅਤੇ ਥੋੜ੍ਹੇ ਸਮੇਂ ਦੇ ਕੋਰਸ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਾਂ ਦੌਰਾਨ ਵਿਦਿਆਰਥੀਆਂ ਨੂੰ 5-ਤਾਰਾ ਹੋਟਲਾਂ ਵਿੱਚ ਨੌਕਰੀ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਸਿਖਲਾਈ ਤੋਂ ਬਾਅਦ ਇਨ੍ਹਾਂ ਹੋਟਲਾਂ ਵੱਲੋਂ ਨੌਕਰੀਆਂ ਵੀ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਨੌਕਰੀ ਤੋਂ ਇਲਾਵਾ ਵਿਦਿਆਰਥੀ ਆਪਣਾ ਸਵੈ-ਰੁਜ਼ਗਾਰ ਵੀ ਸ਼ੁਰੂ ਕਰ ਸਕਦੇ ਹਨ ਅਤੇ ਵਿਦੇਸ਼ ਜਾ ਕੇ ਵੀ ਇਨ੍ਹਾਂ ਕੋਰਸਾਂ ਰਾਹੀਂ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ।

# ਆਂਗਨਵਾੜੀ ਕੇਂਦਰਾਂ 'ਚ 'ਪੋਸ਼ਣ ਵੀ ਪੜ੍ਹਾਈ ਵੀ' ਵਿਸ਼ੇ 'ਤੇ ਕਰਵਾਈ ਟਰੇਨਿੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਆਂਗਨਵਾੜੀ ਕੇਂਦਰਾਂ ਵਿੱਚ ਸਿੱਖਿਆ ਅਤੇ ਪੋਸ਼ਣ ਨੂੰ ਵਧਾਉਣ ਲਈ "ਪੋਸ਼ਣ ਵੀ ਪੜ੍ਹਾਈ ਵੀ" ਵਿਸ਼ੇ ਤੇ ਨਿਪਸਿਡ ਰਿਜਨਲ ਸੈਂਟਰ ਮੁਹਾਲੀ ਵਿਖੇ ਟਰੇਨਿੰਗ ਕਰਵਾਈ ਗਈ। ਇਹ ਰਾਜ ਪੱਧਰੀ ਨਿਗਰਾਨੀ ਅਤੇ ਸਿਖਲਾਈ ਪ੍ਰੋਗਰਾਮ ਆਂਗਣਵਾੜੀ ਵਰਕਰਾਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਦੀ ਸਮਰੱਥਾ ਨੂੰ ਵਧਾਉਣ ਲਈ ਸ਼ੁਰੂ ਕੀਤਾ ਗਿਆ ਹੈ। ਸੂਬੇ ਵਿੱਚ ਇਹ ਪ੍ਰੋਗਰਾਮ 12 ਸਤੰਬਰ ਤੱਕ ਕਰਵਾਇਆ ਜਾਵੇਗਾ। ਇਸ ਟਰੇਨਿੰਗ ਦਾ ਉਦੇਸ਼ ਛੋਟੇ ਬੱਚਿਆਂ ਨੂੰ ਸਰਵਪੱਖੀ ਵਿਕਾਸ ਦੇ ਮੌਕੇ ਪ੍ਰਦਾਨ ਕਰਨਾ, ਆਂਗਣਵਾੜੀ ਸੈਂਟਰਾਂ ਨੂੰ ਸਸ਼ਕਤ ਕਰਨਾ ਅਤੇ ਬੱਚਿਆਂ ਅਤੇ ਕਿਸ਼ੋਰ ਲੜਕੀਆਂ ਲਈ ਢੁਕਵੇਂ ਪੋਸਣ ਅਤੇ ਪੜ੍ਹਾਈ ਨੂੰ ਯਕੀਨੀ ਬਣਾਉਣਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਅਨੁਸਾਰ ਇਹ ਸਕੀਮ ਉੱਚ-ਗੁਣਵੱਤਾ ਈ.ਸੀ.ਸੀ.ਈ ਅਧਿਆਪਕਾਂ ਦਾ ਕਾਡਰ ਬਣਾਉਣ ਲਈ ਮੌਜੂਦਾ ਆਂਗਣਵਾੜੀ ਵਰਕਰਾਂ ਦੀ ਸਿਖਲਾਈ ਦਾ ਪ੍ਰਸਤਾਵ ਕਰਕੇ ਇਸ ਨੀਤੀ ਦੇ ਟੀਚਿਆਂ ਨੂੰ ਸ਼ਾਮਲ ਕਰਦੀ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਮਾਧਵੀ ਕਟਾਰੀਆ ਨੇ ਦੱਸਿਆ ਕਿ ਇਸ ਟਰੇਨਿੰਗ ਦਾ ਮੁੱਖ ਉਦੇਸ਼ ਪੋਸ਼ਣ ਟਰੈਕਰ ਐਪਲੀਕੇਸ਼ਨ ਨੂੰ ਲਾਗੂ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਪਾਠਕ੍ਰਮ ਸ਼ੁਰੂਆਤੀ ਬਚਪਨ ਦੀ ਸਿੱਖਿਆ, ਸਿਹਤ ਤੇ ਸਿਖਲਾਈ ਅਭਿਆਸ, ਮਾਂਵਾਂ ਦੀ ਦੇਖਭਾਲ, ਵਿਕਾਸ ਦੀ ਨਿਗਰਾਨੀ ਅਤੇ ਸੰਤੁਲਿਤ ਖੁਰਾਕ ਦੀ ਮਹੱਤਤਾ ਸਮੇਤ ਕਈ ਵਿਸ਼ਿਆਂ ਨੂੰ ਕਵਰ ਕਰਦਾ ਹੈ। ਸੀ.ਡੀ.ਪੀ.ਓਜ਼ ਪ੍ਰੋਗਰਾਮ ਪ੍ਰਬੰਧਨ, ਨਿਗਰਾਨੀ ਵਿੱਚ ਵਾਧੂ ਸਿਖਲਾਈ ਪ੍ਰਾਪਤ ਕਰਨਗੇ, ਜਿਸ ਨਾਲ ਉਹ ਆਂਗਣਵਾੜੀ ਕੇਂਦਰਾਂ ਦੇ ਕੰਮ ਕਾਜ ਦੀ ਕੁਸ਼ਲਤਾ ਨਾਲ ਨਿਗਰਾਨੀ ਕਰ ਸਕਣਗੇ। ਇਸ ਮੌਕੇ ਬਾਲ ਵਿਕਾਸ ਪ੍ਰੋਜੈਕਟ ਅਫਸਰ, ਸੁਪਰਵਾਈਜ਼ਰ, ਬਲਾਕ ਅਤੇ ਜ਼ਿਲ੍ਹਾ ਕੋ-ਆਰਡੀਨੇਟਰ ਅਤੇ ਸਲਾਹਕਾਰ ਹਾਜ਼ਰ ਸਨ।

# ਛੱਪੜਾਂ ਦੇ ਨਵੀਨੀਕਰਨ ਤੇ ਖੇਡ ਮੈਦਾਨਾਂ ਦੇ ਨਿਰਮਾਣ ਕਾਰਜਾਂ ਨੂੰ ਜਲਦ ਕੀਤਾ ਜਾਵੇ ਪੂਰਾ : ਜਿੰਪਾ



**ਹੁਸ਼ਿਆਰਪੁਰ, (ਓ ਪੀ ਰਾਣਾ )**-ਜਲ ਸਪਲਾਈ ਤੇ ਸੈਨੀਟੇਸ਼ਨ, ਮਾਲ ਅਤੇ ਆਫ਼ਤ ਪ੍ਰਬੰਧਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਵਿਚ ਥਾਪਰ ਮਾਡਲ 'ਤੇ ਆਧਾਰਤ ਬਣ ਰਹੇ ਛੱਪੜਾਂ ਦੇ ਨਵੀਨੀਕਰਨ ਦੇ ਕੰਮਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਤੇ ਪੰਚਾਇਤੀ ਰਾਜ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਕੇ. ਤਿਵਾੜੀ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਛੱਪੜਾਂ ਦੇ ਨਵੀਨੀਕਰਨ ਤੇ ਖੇਡ ਮੈਦਾਨ ਤਿਆਰ ਕਰਨ ਦੇ ਕੰਮਾਂ ਨੂੰ ਤੈਅ ਸਮੇਂ ਵਿਚ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨਿਰਮਾਣ ਕਾਰਜਾਂ ਦੀ ਗੁਣਵੱਤਾ ਵਿਚ ਕਿਸੇ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਦੌਰਾਨ ਉਨ੍ਹਾਂ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਅਧੀਨ ਗ੍ਰਾਮੀਣ ਜਲ ਸਪਲਾਈ ਸਕੀਮਾਂ, ਠੋਸ ਕੂੜਾ ਪ੍ਰਬੰਧਨ, ਤਰਲ ਕੂੜਾ ਪ੍ਰਬੰਧਨ, ਪਲਾਸਟਿਕ ਵੇਸਟ ਮੈਨੇਜਮੈਂਟ, ਸਾਂਝੇ ਪਖਾਨੇ, ਛੱਪੜਾਂ ਦੇ ਨਵੀਨੀਕਰਨ, ਪਿੰਡਾਂ ਵਿਚ ਪਾਰਕਾਂ ਸਮੇਤ ਖੇਡ ਮੈਦਾਨਾਂ ਦੇ ਕੰਮਾਂ ਦੀ ਵੀ ਸਮੀਖਿਆ ਕੀਤੀ। ਇਸ ਉਪਰੰਤ ਉਨ੍ਹਾਂ ਨੇ ਪਿੰਡ ਛਾਉਣੀ ਕਲਾਂ ਵਿਖੇ ਗਿੱਲੇ-ਸੁੱਕੇ ਕੂੜੇ ਦੇ ਪ੍ਰਬੰਧਨ, ਪਿੰਡ ਬਸੀ ਗੁਲਾਮ ਹੁਸੈਨ ਵਿਖੇ ਛੱਪੜ ਦੇ ਨਿਰਮਾਣ ਕਾਰਜ ਅਤੇ ਪਿੰਡ ਬਜਵਾੜਾ ਵਿਚ ਪਾਏ ਜਾਣ ਵਾਲੇ ਸੀਵਰੇਜ ਯੋਜਨਾ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਸਤੰਬਰ ਦੇ ਪਹਿਲੇ ਹਫਤੇ ਜ਼ਿਲ੍ਹਾ ਪੱਧਰ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਤੇ ਪੰਚਾਇਤੀ ਰਾਜ ਦੇ ਅਧਿਕਾਰੀਆਂ ਦੀ ਮੀਟਿੰਗ ਕੀਤੀ ਜਾਵੇਗੀ।

# ਸੈਣੀ ਭਵਨ 'ਚ ਸਿੱਖਿਆਰਥਣਾਂ ਤੇ ਸੁਆਣੀਆਂ ਨੇ ਚਾਅ ਨਾਲ ਮਨਾਇਆ ਤੀਆਂ ਦਾ ਤਿਉਹਾਰ



**ਰੂਪਨਗਰ, (ਨਵਾਂ ਜ਼ਮਾਨਾ ਸਰਵਿਸ)**-

ਸੈਣੀ ਭਵਨ ਰੂਪਨਗਰ ਵਿਖੇ ਵੱਖ ਵੱਖ ਤਰ੍ਹਾਂ ਦੇ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਵਲੋਂ ਪੰਜਾਬੀ ਪਹਿਰਾਵੇ 'ਚ ਸੱਜ ਧੱਜ ਕੇ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਤੇ ਚਾਅਵਾਂ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਇੰਨਰਵੀਲ ਕਲੱਬ ਰੂਪਨਗਰ ਦੀ ਪ੍ਰਧਾਨ ਮਨਦੀਪ ਕੌਰ, ਸਕੱਤਰ ਕੁਲਵਿੰਦਰ ਕੌਰ ਨੇ ਆਪਣੀਆਂ ਸਾਥੀ ਮੈਂਬਰਾਂ ਅਤੇ ਸੈਣੀ ਭਵਨ ਨਾਲ ਜੁੜੀਆਂ ਸੁਆਣੀਆਂ ਨੇ ਸ਼ਿਰਕਤ ਕਰਕੇ ਤੀਆਂ ਦੇ ਤਿਉਹਾਰ ਦੀਆਂ ਰੌਣਕਾਂ ਵਿੱਚ ਹੋਰ ਵਾਧਾ ਕਰ ਦਿੱਤਾ। ਸਕੂਲ ਟੀਚਰ ਕਿਰਨ ਜੋਸ਼ੀ ਦੀ ਅਗਵਾਈ ਵਿੱਚ ਸਿੱਖਿਆਰਥਣਾਂ ਸਿਮਰਨਜੀਤ, ਸਿਮਰਨਪ੍ਰੀਤ, ਸੁਮਨ, ਕੋਮਲ, ਮਨੀਸ਼ਾ, ਪਰਮਿੰਦਰ, ਕਾਜਲ, ਜਸ਼ਨ ਦੇ ਗਰੁੱਪ ਨੇ ਸੋਲੋ ਡਾਂਸ, ਗੁਰੱਪ ਡਾਂਸ, ਮਿਕਸ ਗੀਤਾਂ ਅਤੇ ਗਿੱਧੇ ਦੀਆਂ ਬੋਲੀਆ ਦਾ ਅੰਨਦਮਈ ਸੁਮੇਲ ਪੇਸ਼ ਕਰਕੇ ਤੀਆਂ ਦੇ ਤਿਉਹਾਰ ਦੀਆ ਰੌਣਕਾਂ ਨਾਲ ਸਮਾਂ ਬੰਨ ਦਿੱਤਾ। ਇਸ ਮੌਕੇ 'ਤੇ ਇੰਨਰਵੀਲ ਕਲੱਬ ਮੈਂਬਰਾਂ ਅਤੇ ਹੋਰ ਸੁਆਣੀਆਂ ਨੇ ਵੀ ਖੁੱਲ੍ਹ ਕੇ ਆਪਣੀ ਖੁਸ਼ੀ ਦਾ ਇਜਹਾਰ ਕੀਤਾ। ਸੁਹਾਣੀਆਂ ਸੁਮਨ ਤਿਆਗੀ, ਕਿਰਨ ਆਲੂਵਾਲੀਆ, ਸਾਂਚੀ ਤੇ ਰਾਜਿੰਦਰ ਕੌਰ ਬਿੰਦਰਾ ਨੇ ਵੀ ਇਸ ਮੌਕੇ ਪੰਜਾਬ ਦੇ ਸਭਿਆਚਾਰ ਵਿਰਸੇ ਨਾਲ ਜੁੜੇ ਗੀਤ ਪੇਸ਼ ਕੀਤੇ। ਸਮਾਗਮ ਨੂੰ ਸੰਬੋਧਨ ਕਰਦਿਆ ਡਾ. ਜਸਵੰਤ ਕੌਰ ਸੈਣੀ, ਕੁਲਵਿੰਦਰ ਕੌਰ, ਇੰਦਰਜੀਤ ਕੌਰ ਵਾਲੀਆ ਨੇ ਪੰਜਾਬ ਦੇ ਤੀਆਂ ਦੇ ਤਿਉਹਾਰ ਨੂੰ ਸਭਾਲੀ ਰੱਖਣ ਲਈ ਪ੍ਰਬੰਧਕਾਂ ਦਾ ਧੰਨਵਾਦ ਕਰਦਿਆ ਸਭ ਨੂੰ ਤਿਉਹਾਰ ਦੀ ਵਧਾਈ ਦਿੱਤੀ। ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਵੀ ਤਿਉਹਾਰ ਦੀ ਵਧਾਈ ਦਿੰਦੇ ਹੋਏ ਸਮਾਗਮ ਦੀ ਰੌਣਕ ਵਧਾਉਣ ਲਈ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਸੰਸਥਾ ਦੇ ਟਰੱਸਟੀ ਤੇ ਪੀਆਰਓ ਰਾਜਿੰਦਰ ਸੈਣੀ ਨੇ ਨਿਭਾਈ। ਇਸ ਮੌਕੇ 'ਤੇ ਪ੍ਰਿੰਸੀਪਲ ਰਾਵਿੰਦਰ ਕੌਰ, ਭਗਵੰਤ ਕੌਰ, ਵਿਜੈ ਲਕਛਮੀ, ਤਰਵਿੰਦਰ ਕੌਰ ਬਿੰਦਰਾ, ਤ੍ਰਿਪਤਾ ਚਾਨਣਾ, ਰਾਵਿੰਦਰ ਸੈਣੀ, ਅਮੀਸ਼ਾ ਸਚਦੇਵਾ, ਗੁਰਮੀਤ ਕੌਰ, ਕੇ.ਐਲ. ਕਪੂਰ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕ ਕੈਪਟਨ ਹਾਕਮ ਸਿੰਘ, ਗੁਰਮੱਖ ਸਿੰਘ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਰਾਮ ਸਿੰਘ ਸੈਣੀ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਰਾਜਿੰਦਰ ਸਿੰਘ ਨਨੂਆ, ਜਗਦੇਵ ਸਿੰਘ, ਦਲਜੀਤ ਸਿੰਘ, ਹਰਦੀਪ ਸਿੰਘ, ਪ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਰੋਡਵੇਜ਼ ਦੇ ਰਿਟਾਇਰਡ ਸਾਥੀ ਵੱਡੀ ਗਿਣਤੀ ਅੱਜ ਪੰਜਾਬ ਬੰਦ ਦੇ ਸੰਘਰਸ਼ 'ਚ ਹੋਣਗੇ ਸ਼ਾਮਲ-ਰਜਿੰਦਰ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਰੋਡਵੇਜ ਰਿਟਾਇਰਡ ਇੰਪ. ਵੈਲਫੇਅਰ ਐਸੋਸੀਏਸ਼ਨ (ਰਜਿ.) ਹੁਸ਼ਿਆਰਪੁਰ ਦੇ ਸਮੂਹ ਮੈਂਬਰਾਂ ਵਲੋਂ ਇਕ ਹੰਗਾਮੀ ਮੀਟਿੰਗ ਰਾਜਿੰਦਰ ਸਿੰਘ ਸੀਨੀਅਰ ਵਾਈਸ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਪ੍ਰਧਾਨ ਅਨਿਲ ਕੁਮਾਰ ਅਤੇ ਬਾਕੀ ਐਗਜੈਕਟਿਵ ਮੈਂਬਰਾਂ ਨਾਲ ਵੀਡੀਓ ਕਾਨਫਰੰਸ ਰਾਹੀਂ ਮਣੀਪੁਰ ਦੀਆਂ ਮੌਜੂਦਾ ਹਾਲਾਤ ਬਾਰੇ ਵਿਚਾਰ ਸਾਂਝੇ ਕੀਤੇ ਗਏ। ਸਾਰੇ ਮੈਂਬਰਾਂ ਨੇ ਮਣੀਪੁਰ ਦੀ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਦੀ ਡਬਲ ਇੰਜਣ ਦੀ ਸਰਕਾਰ ਨੇ ਔਰਤਾਂ, ਖਾਸ ਕਰ ਗਰੀਬ ਸਮਾਜ ਦੀਆਂ ਤੇ ਜੋ ਅਣਮਨੁੱਖਾ ਨੰਗਾ ਤਸ਼ੱਦਦ ਕੀਤਾ ਹੈ ਅਤੇ ਗਰੀਬਾਂ ਦੇ ਘਰਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ, ਢਾਈ ਮਹੀਨੇ ਤੱਕ ਇਸ ਸਰਕਾਰ ਦੀ ਸ਼ਹਿ ਨਾਲ ਮਣੀਪੁਰ ਦੇ ਲੋਕਾਂ 'ਤੇ ਜੋ ਤਸ਼ੱਦਦ ਕੀਤਾ ਗਿਆ ਇਸ ਨਾਲ ਦੇਸ਼ ਵਾਸੀਆਂ ਦੇ ਦਿਲ ਵਲੂੰਦਰੇ ਗਏ। ਪਰ ਕੇਂਦਰ ਸਰਕਾਰ ਦੀ ਸ਼ਹਿ ਨਾਲ ਬਾਕੀ ਦੇਸ਼ ਵਾਸੀਆਂ ਨੂੰ ਖਬਰ ਵੀ ਨਹੀਂ ਲੱਗਣ ਦਿੱਤੀ। ਇਥੋਂ ਤੱਕ ਕਿ ਗੋਦੀ ਮੀਡੀਆ ਵੀ ਚੁੱਪ ਵੱਟ ਕੇ ਬੈਠਾ ਰਿਹਾ।

ਇਸੇ ਤਰਜ਼ 'ਤੇ ਹਰਿਆਣਾ ਸਰਕਾਰ ਨੇ ਵੀ ਹਿੰਦੂ ਰਾਜ ਦੇ ਨਾਂਅ 'ਤੇ ਦੰਗੇ ਸ਼ੁਰੂ ਕਰ ਦਿੱਤੇ। ਇਨ੍ਹਾਂ ਘਟਨਾਵਾਂ ਨੂੰ ਮੁੱਖ ਰੱਖਦੇ ਹੋਏ 9 ਅਗਸਤ ਨੂੰ ਪੰਜਾਬ ਬੰਦ ਦਾ ਜਥੇਬੰਦੀ ਸਮਰਥਨ ਕਰਦੀ ਹੈ। ਪ੍ਰਧਾਨ ਨੇ ਜਾਣਕਾਰੀ ਦਿੱਤੀ ਕਿ ਇਸ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ 11 ਅਗਸਤ ਨੂੰ 10 ਵਜੇ ਸ਼ੁਰੂ ਹੋਵੇਗੀ। ਇਸ ਮੌਕੇ ਅਨਿਲ ਕੁਮਾਰ ਪ੍ਰਧਾਨ, ਰਜਿੰਦਰ ਸਿੰਘ ਆਜਾਦ ਸੀਨੀਅਰ ਮੀਤ ਪ੍ਰਧਾਨ, ਜਸਬੀਰ ਸਿੰਘ ਮੀਤ ਪ੍ਰਧਾਨ, ਗਿਆਨ ਸਿੰਘ ਭਲੇਠੂ ਜਨਰਲ ਸਕੱਤਰ ਆਦਿ ਹਾਜ਼ਰ ਸਨ।

# ਪੰਜ ਕਿਸਾਨ ਜਥੇਬੰਦੀਆਂ ਨੇ ਕੀਤੀ ਸੂਬਾ ਤੇ ਕੇਂਦਰ ਸਰਕਾਰ ਵਿਰੁੱਧ ਰੈਲੀ



**ਮੁਹਾਲੀ (ਗੁਰਜੀਤ ਬਿੱਲਾ)**-ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ (ਮਾਨਸਾ) ਨੇ ਮੁਹਾਲੀ ਵਿਖੇ ਸੂਬਾ ਅਤੇ ਕੇਂਦਰ ਸਰਕਾਰਾਂ ਖਿਲਾਫ ਵਿਸ਼ਾਲ ਰੈਲੀ ਕੀਤੀ, ਜਿਸ ਵਿੱਚ ਸੂਬੇ ਭਰ ਤੋਂ ਹਜ਼ਾਰਾਂ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਮੱਖਣ ਸਿੰਘ ਅਤੇ ਗੁਰਜਿੰਦਰ ਸਿੰਘ ਬੈਨੀਪਾਲ ਐਸ.ਡੀ.ਐਮ ਰਾਹੀਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੂੰ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਕਿਸਾਨਾਂ ਦੀਆਂ ਭੱਖਦੀਆਂ ਮੰਗਾਂ ਨੂੰ ਹੱਲ ਕਰਨ ਲਈ ਦੋ ਮਹੀਨੇ ਦਾ ਅਲਟੀਮੇਟਮ ਦਿੱਤਾ ਗਿਆ, ਜਿਸ ਨੂੰ ਹੱਲ ਨਾ ਕਰਨ 'ਤੇ ਪੱਕਾ ਮੋਰਚਾ ਲਾਇਆ ਜਾਵੇਗਾ। ਮੁੱਖ ਤੌਰ 'ਤੇ ਦਰਿਆਈ ਪਾਣੀ ਦੇ ਵਿਵਾਦ ਅਤੇ ਪਾਣੀ ਦੇ ਸੰਕਟ, ਵਾਤਾਵਰਨ ਪ੍ਰਦੂਸ਼ਣ, ਸੰਘੀ ਪ੍ਰਣਾਲੀ 'ਤੇ ਕੇਂਦਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲੇ, ਹੜ੍ਹ ਪ੍ਰਭਾਵਿਤ ਲੋਕਾਂ ਲਈ ਤੁਰੰਤ ਲੋੜੀਂਦੀ ਰਾਹਤ ਅਤੇ ਕਿਸਾਨਾਂ ਅਤੇ ਖੇਤ ਮਜਦੂਰਾਂ ਦੀ ਮੁਕੰਮਲ ਕਰਜਾ ਮੁਆਫੀ ਆਦਿ ਮੁੱਦਿਆਂ 'ਤੇ ਰੈਲੀ ਕੀਤੀ ਗਈ। ਰੈਲੀ ਨੂੰ ਆਪੋ-ਆਪਣੇ ਜਥੇਬੰਦੀਆਂ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਹਰਜਿੰਦਰ ਸਿੰਘ ਟਾਂਡਾ ਅਤੇ ਬੋਘ ਸਿੰਘ ਮਾਨਸਾ ਨੇ ਸੰਬੋਧਨ ਕੀਤਾ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਵੱਲੋਂ ਗਲਤ ਫੈਸਲਿਆਂ ਅਤੇ ਕਾਰਜਕਾਰੀ ਹੁਕਮਾਂ ਰਾਹੀਂ ਸੂਬੇ ਦੇ ਦਰਿਆਈ ਪਾਣੀਆਂ ਦੀ ਲੁੱਟ ਕੀਤੀ ਜਾ ਰਹੀ ਹੈ ਅਤੇ ਬਹੁਤ ਸਾਰਾ ਪਾਣੀ ਗੈਰ-ਰਿਪੇਰੀਅਨ ਰਾਜਾਂ ਨੂੰ ਦਿੱਤਾ ਗਿਆ ਹੈ। ਪ੍ਰੇਮ ਸਿੰਘ ਭੰਗੂ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਰਾਹਤ ਦੇਣ ਦੀ ਮੰਗ ਕੀਤੀ, ਜਿਵੇਂ ਕਿ 10 ਲੱਖ ਏਕੜ ਦੇ ਨੁਕਸਾਨੇ ਝੋਨੇ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ, ਆਪਣੀ ਜਾਨ ਗੁਆਉਣ ਵਾਲੇ ਹਰੇਕ ਵਿਅਕਤੀ ਨੂੰ 10 ਲੱਖ ਰੁਪਏ ਅਤੇ ਤਬਾਹ ਹੋਏ ਘਰਾਂ ਲਈ 10 ਲੱਖ ਰੁਪਏ ਮੁਆਵਜਾ ਦਿੱਤਾ ਜਾਵੇ। ਕੰਵਲਪ੍ਰੀਤ ਸਿੰਘ ਪੰਨੂ ਨੇ ਕੇਂਦਰ ਤੇ ਸੂਬਾ ਸਰਕਾਰਾਂ 'ਤੇ ਕਰਜਾ ਮੁਆਫ ਨਾ ਕਰਨ ਦਾ ਦੋਸ਼ ਲਾਇਆ ਜਦੋਂਕਿ ਕੇਂਦਰ ਸਰਕਾਰ ਦੇ 9 ਸਾਲਾਂ ਦੇ ਸਾਸ਼ਨ ਦੌਰਾਨ ਕਾਰਪੋਰੇਟਾਂ ਦੇ 15 ਲੱਖ ਕਰੋੜ ਰੁਪਏ ਰਾਈਟ ਆਫ ਹੋ ਚੁੱਕੇ ਹਨ। ਉਨ੍ਹਾਂ ਨੇ ਕਿਸਾਨਾਂ ਅਤੇ ਖੇਤ ਮਜਦੂਰਾਂ 'ਤੇ ਕਰਜੇ ਚੜ੍ਹਨ ਲਈ ਸਰਕਾਰੀ ਨੀਤੀਆਂ ਨੂੰ ਜਿੰਮੇਵਾਰ ਠਹਿਰਾਇਆ। ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਮੰਗ ਕੀਤੀ ਕਿ ਐਮਐਸਪੀ ਨੂੰ ਕਾਨੂੰਨੀ ਹੱਕ ਬਣਾਇਆ ਜਾਵੇ ਅਤੇ ਡਾ. ਐਮ.ਐਸ. ਸਵਾਮੀਨਾਥਨ ਵੱਲੋਂ ਦਿੱਤੇ ਗਏ ਸੀ2+50% ਫਾਰਮੂਲੇ ਅਨੁਸਾਰ ਤੈਅ ਕੀਤਾ ਜਾਵੇ। ਇਸ ਮੌਕੇ ਨੇਕ ਸਿੰਘ ਖੋਖ, ਰਜਿੰਦਰ ਸਿੰਘ ਕੋਟਪੱਨਈਚ, ਪ੍ਰਗਟ ਸਿੰਘ, ਪਰਮਜੀਤ ਸਿੰਘ ਬੈਦਵਾਨ, ਇਕਬਾਲ ਸਿੰਘ ਮੰਡੌਲੀ, ਗੁਲਜਾਰ ਸਿੰਘ ਸਲੇਮਪੁਰ, ਹਰਵਿੰਦਰ ਸਿੰਘ ਗਿੱਲ, ਬੇਅੰਤ ਸਿੰਘ ਮਹਿਮਾਸਿਰਜਾ, ਪ੍ਰੋ: ਸਰਤਾਜ ਸਿੰਘ, ਬਲਦੇਵ ਸਿੰਘ ਮੀਆਂਪੁਰ, ਗੁਰਦੀਪ ਸਿੰਘ, ਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਪਵਨ ਕੁਮਾਰ ਸੋਗਲਪੁਰ, ਗੁਰਦੇਵ ਸਿੰਘ ਵਰਪਾਲ, ਅੰਮ੍ਰਿਤਪਾਲ ਸਿੰਘ ਅਤੇ ਕਿਰਪਾਲ ਸਿੰਘ ਸਿਓ ਨੇ ਵੀ ਸੰਬੋਧਨ ਕੀਤਾ।

# ਗੌਰਮਿੰਟ ਟੀਚਰਜ਼ ਯੂਨੀਅਨ ਦੀ ਮੀਟਿੰਗ 'ਚ ਮੁਲਾਜ਼ਮ ਮਸਲਿਆਂ 'ਤੇ ਅਹਿਮ ਵਿਚਾਰਾਂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਇਕਾਈ ਹੁਸ਼ਿਆਰਪੁਰ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਪ੍ਰਿੰ: ਅਮਨਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਹਰਿਆਣਾ ਵਿਖੇ ਸੰਪੰਨ ਹੋਈ, ਜਿਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸਘੰਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਤੇ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਉਚੇਚੇ ਤੌਰ 'ਤੇ ਸ਼ਾਮਿਲ ਹੋਏ।

ਸਭ ਤੋਂ ਪਹਿਲਾਂ ਸੇਵਾ ਮੁਕਤ ਡੀ.ਪੀ.ਈ. ਪਰਮਜੀਤ ਸਿੰਘ ਗਿੱਲ ਦੇ ਬੇਟੇ ਸੁੱਖਰਾਜ ਗਿੱਲ, ਸ ਅ ਸਕੂਲ ਸੀਕਰੀ ਦੀ ਅਧਿਆਪਕਾ ਮਨਜੀਤ ਕੌਰ, ਭੂੰਗਾ ਸਕੂਲ ਦੇ ਸਾਇੰਸ ਅਧਿਆਪਕ ਰਮਾਕਾਂਤ ਦੇ ਵੱਡੇ ਬੇਟੇ ਅਤੇ ਪਿੰਡ ਡੱਫਰ ਦੇ ਸਾਇੰਸ ਅਧਿਆਪਕ ਅਮੀਰ ਸਿੰਘ ਸਹੋਤਾ ਦੀ ਪਤਨੀ ਰਜਵੰਤ ਕੌਰ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੋਨ ਧਾਰ ਕੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਤੀ ਲਈ ਅਰਦਾਸ ਕੀਤੀ ਗਈ। ਮੀਟਿੰਗ ਦੌਰਾਨ ਸੂਬੇ ਦੇ ਵੱਖ ਵੱਖ ਵਿਭਾਗਾਂ 'ਚ ਸੇਵਾਵਾਂ ਨਿਭਾਅ ਰਹੇ ਮੁਲਾਜਮਾਂ ਦੇ ਮਸਲਿਆਂ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਮਿਤੀ 10 ਅਗਸਤ ਨੂੰ ਹੋ ਰਹੀ ਪੈਨਸ਼ਨ ਅਧਿਕਾਰ ਰੈਲੀ 'ਚ ਪੰਜਾਬ ਤੋਂ ਮੁਲਾਜਮਾਂ ਦੀ ਸ਼ਮੂਲੀਅਤ ਵਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵਲੋਂ ਸੂਬੇ ਦੇ ਲੱਖਾਂ ਮੁਲਾਜਮਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਨ ਸਬੰਧੀ ਜਾਰੀ ਕੀਤਾ ਨੋਟੀਫਿਕੇਸ਼ਨ ਮਹਿਜ ਅਖਬਾਰੀ ਖਬਰਾਂ ਤੇ ਸਰਕਾਰੀ ਇਸ਼ਤਿਹਾਰਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ, ਕਿਉਂਕਿ ਪੰਜਾਬ ਸਰਕਾਰ ਕਰੀਬ ਨੋਟੀਫਿਕੇਸ਼ਨ ਦੇ 10 ਮਹੀਨੇ ਬੀਤ ਜਾਣ ਪਿੱਛੋਂ ਪੈਨਸ਼ਨ ਬਹਾਲੀ ਲਈ ਕੋਈ ਬਣਦੀ ਕਾਰਵਾਈ ਨਹੀਂ ਕਰ ਸਕੀ। ਆਗੂ ਨੇ ਕਿਹਾ ਕਿ ਆਪ ਸਰਕਾਰ ਦੀ ਅਜਿਹੀ ਡੰਗ ਟਪਾਉਣ ਵਾਲੀ ਨੀਤੀ ਦੇ ਚੱਲਦਿਆਂ ਪੰਜਾਬ ਦੇ ਲੱਖਾਂ ਮੁਲਾਜਮਾਂ ਦੇ ਮਨਾਂ ਵਿੱਚ ਡਾਅਢੀ ਨਿਰਾਸ਼ਾ ਹੈ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਤੋਂ ਮਿਤੀ 10 ਅਗਸਤ ਨੂੰ ਵੱਡੀ ਗਿਣਤੀ ਵਿੱਚ ਦਿੱਲੀ ਦੀ ਪੈਨਸ਼ਨ ਅਧਿਕਾਰ ਰੈਲੀ 'ਚ ਹਾਜਰ ਹੋ ਕੇ ਦਿੱਲੀ ਦੇ ਲੋਕਾਂ ਨੂੰ ਪੰਜਾਬ ਦੀ ਆਪ ਸਰਕਾਰ ਵਲੋਂ ਪੈਨਸ਼ਨ ਬਹਾਲੀ ਵਾਸਤੇ ਕੀਤੀ ਜਾ ਰਹੀ ਢਿੱਲ ਮੱਠ ਦੀ ਨੀਤੀ ਤੋਂ ਵੀ ਜਾਣੂ ਕਰਾਉਣਗੇ। ਇਸ ਮੌਕੇ ਜੀ ਟੀ ਯੂ ਦੇ ਪ੍ਰਿੰ: ਹਰਜੀਤ ਸਿੰਘ, ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਰਮੇਸ਼ ਲਾਲ, ਨਵਜੋਤ ਸਿੰਘ, ਜੀ ਟੀ ਯੂ ਆਗੂ ਲੈਕ: ਹਰਵਿੰਦਰ ਸਿੰਘ, ਅਨੁਪਮ ਰਤਨ, ਯਸ਼ਪਾਲ, ਰਾਜੀਵ ਜਰਿਆਲ, ਛਿੰਦਰਪਾਲ, ਸੁਸ਼ੀਲ ਪਠਾਨੀਆ, ਬਲਜਿੰਦਰ ਸਿੰਘ ਆਦਿ ਵੀ ਹਾਜਰ ਸਨ।

# ਸਿੱਖਿਆ ਮੰਤਰੀ ਦੇ ਦੌਰੇ ਉਪਰੰਤ ਸਰਕਾਰੀ ਸਕੂਲ ਢੇਰ ਦਾ ਪ੍ਰਿੰਸੀਪਲ ਮੁਅੱਤਲ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਦੇ ਸਰਕਾਰੀ ਸਕੂਲਾਂ ਦੇ ਦੌਰੇ ਉਪਰੰਤ ਡਿਊਟੀ ਵਿਚ ਲਾਪਰਵਾਹੀ ਵਰਤਣ ਦੇ ਦੋਸ਼ ਅਧੀਨ ਪ੍ਰਿੰਸੀਪਲ ਕੁਲਦੀਪ ਸਿੰਘ ਸਰਕਾਰੀ ਕੰਨਿਆ ਸੀਨੀ.ਸੈਕੰ.ਸਕੂਲ ਢੇਰ ਨੂੰ ਮੁਅੱਤਲ ਕਰ ਦਿੱਤਾ ਹੈ। ਬੈਂਸ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡ ਢੇਰ ਵਿੱਚ ਸਰਕਾਰੀ ਸੀਨੀ.ਸੈਕੰ.ਸਕੂਲ ਲੜਕੀਆਂ ਪਹੁੰਚੇ, ਉਨ੍ਹਾਂ ਦੇ ਅਚਨਚੇਤ ਦੌਰੇ ਉਪਰੰਤ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਹੁਕਮ ਜਾਰੀ ਕੀਤੇ ਗਏ ਜਿਸ ਵਿੱਚ ਢੇਰ ਸਕੂਲ ਦੇ ਪ੍ਰਿੰਸੀਪਲ ਕੁਲਦੀਪ ਸਿੰਘ ਨੂੰ ਡਿਊਟੀ ਪ੍ਰਤੀ ਲਾਪਰਵਾਹੀ ਵਰਤਣ ਕਾਰਨ ਮੁਅੱਤਲ ਕਰ ਦਿੱਤਾ ਗਿਆ। ਮੁਅੱਤਲੀ ਦੌਰਾਨ ਉਸ ਦਾ ਹੈਡ ਕੁਆਰਟਰ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਜਲੰਧਰ ਹੋਵੇਗਾ। ਸਿੱਖਿਆ ਮੰਤਰੀ ਵੱਲੋਂ ਨਿਰੰਤਰ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਆਧੁਨਿਕ ਸਹੂਲਤਾਂ ਲਈ 1-1 ਕਰੋੜ ਰੁਪਏ ਦੇ ਵਿਸ਼ੇਸ਼ ਫੰਡ ਜਾਰੀ ਕੀਤੇ ਗਏ ਤਾਂ ਜੋ ਮੁਕਾਬਲੇਬਾਜ਼ੀ ਦੇ ਦੌਰ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਇਸ ਲਈ ਸਕੂਲਾਂ ਵਿੱਚ ਸਿੱਖਿਆ ਨੂੰ ਸਰਲ ਢੰਗ ਤੇ ਆਧੁਨਿਕ ਤਕਨੋਲੋਜੀ ਨਾਲ ਲੈਸ ਕੀਤਾ ਜਾ ਰਿਹਾ ਹੈ, ਜਿਸ ਨਾਲ ਸਰਕਾਰੀ ਸਕੂਲ ਮਾਡਲ ਤੇ ਕਾਨਵੈਂਟ ਸਕੂਲਾਂ ਦੀ ਤਰ੍ਹਾਂ ਹੋਰ ਤਰੱਕੀ ਦੀਆਂ ਬੁਲੰਦੀਆਂ ਛੂਹ ਰਹੇ ਹਨ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਵੱਧ ਰਿਹਾ ਹੈ। ਬੈਂਸ ਨੇ ਕਿਹਾ ਕਿ ਪੰਜਾਬ ਦੇ ਹਜ਼ਾਰਾ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੱਖਾਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਪ੍ਰਿੰਸੀਪਲ ਵਿਦੇਸ਼ਾਂ ਵਿਚ ਸਿਖਲਾਈ ਪ੍ਰਾਪਤ ਕਰ ਰਹੇ ਹਨ। ਹੈਡਮਾਸਟਰ ਦੇਸ਼ ਦੇ ਵੱਡੇ ਸੰਸਥਾਨਾਂ ਵਿੱਚ ਸਿਖਲਾਈ ਲੈ ਰਹੇ ਹਨ। ਵਿਦਿਆਰਥੀ ਈਸਰੋ ਵਿੱਚ ਜਾ ਕੇ ਚੰਦਰਯਾਨ-3 ਦੀ ਲਾਚਿੰਗ ਦੇ ਗਵਾਹ ਬਣ ਰਹੇ ਹਨ। ਆਧੁਨਿਕ ਤਕਨੋਲੋਜੀ ਸਰਕਾਰੀ ਸਕੂਲਾਂ ਵਿੱਚ ਪਹੁੰਚ ਗਈ ਹੈ। ਕਿਤਾਬਾਂ ਤੇ ਵਰਦੀਆਂ ਸਮੇਂ ਸਿਰ ਉਪਲੱਬਧ ਹੋ ਰਹੀਆਂ ਹਨ, ਕੱਚੇ ਅਧਿਆਪਕ ਪੱਕੇ ਕੀਤੇ ਜਾ ਰਹੇ ਹਨ, ਸਕੂਲਾਂ ਵਿਚ ਹੋਰ ਗਤੀਵਿਧੀਆ ਜਾਰੀ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਦਾ ਮਾਹੌਲ ਬਦਲ ਰਿਹਾ ਹੈ। ਸਾਡੇ ਵਿਦਿਆਰਥੀ ਭਵਿੱਖ ਦੇ ਰਾਸ਼ਟਰ ਨਿਰਮਾਤਾ ਹਨ, ਉਨ੍ਹਾਂ ਨੂੰ ਢੁਕਵਾ ਮਾਹੌਲ ਉਪਲੱਬਧ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਵਾਅਦਾ ਹੈ ਕਿ ਦਿੱਲੀ ਦੀ ਤਰਾਂ ਆਮ ਆਦਮੀ ਪਾਰਟੀ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਦੀ ਸਰਕਾਰ ਨੇ ਜੋ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਹੈ ਉਸੇ ਤਰ੍ਹਾਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੀ ਦੇਸ਼ ਵਿੱਚ ਵੱਡੇ ਮੁਕਾਮਾਂ 'ਤੇ ਪਹੁੰਚਣਗੇ। ਉਨ੍ਹਾਂ ਨੇ ਕਿਹਾ ਕਿ ਅਧਿਆਪਕਾ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕਰਨਾ ਚਾਹੀਦਾ ਹੈ, ਕਿਉਕਿ ਮਾਪਿਆਂ ਦਾ ਅਧਿਆਪਕਾਂ 'ਤੇ ਭਰੋਸਾ ਹਮੇਸ਼ਾ ਬਰਕਰਾਰ ਰਹਿਣਾ ਚਾਹੀਦਾ ਹੈ।

# ਬਰਸਟ ਨੇ ਚਨਾਰਥਲ ਵਿਖੇ ਲਗਾਏ ਬੂਟੇ



**ਸ਼ਾਹਕੋਟ (ਗਿਆਨ ਸੈਦਪੁਰੀ)**-ਸ਼ਹੀਦ ਭਗਤ ਸਿੰਘ ਹਰਿਆਵਲੀ ਲਹਿਰ ਤਹਿਤ ਚਨਾਰਥਲ ਵਿਖੇ ਹਰਚੰਦ ਸਿੰਘ ਬਰਸਟ ਵੱਲੋਂ ਬੂਟੇ ਲਗਾਏ ਗਏ। ਚਨਾਰਥਲ ਮਾਰਕੀਟ ਕਮੇਟੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਹਰਚੰਦ ਸਿੰਘ ਬਰਸਟ ਸੂਬਾ ਜਰਨਲ ਸਕੱਤਰ ਆਪ ਪੰਜਾਬ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋ ਸ਼ਹੀਦ ਭਗਤ ਸਿੰਘ ਹਰਿਆਵਲੀ ਲਹਿਰ ਨੂੰ ਉਤਸ਼ਾਹਿਤ ਕਰਦੇ ਹੋਏ ਬੂਟੇ ਲਗਾਏ ਗਏ। ਬਰਸਟ ਵੱਲੋ ਕਿਹਾ ਗਿਆ ਕਿ ਪੰਜਾਬ ਸਰਕਾਰ ਦੁਆਰਾ ਚਲਾਈ ਗਈ ਇਸ ਮੁਹਿੰਮ ਤਹਿਤ ਪਹਿਲਾ ਸਮਾਣਾ, ਪਟਿਆਲਾ, ਬੰਗਾ ਤੇ ਹੁਣ ਫਤਿਹਗੜ੍ਹ ਸਾਹਿਬ ਵਿਖੇ ਹਰਿਆਵਲੀ ਲਹਿਰ ਤਹਿਤ ਵੱਧ ਤੋ ਵੱਧ ਬੂਟੇ ਲਗਾਏ ਜਾ ਰਹੇ ਹਨ। ਮੁੱਖ ਮੰਤਰੀ ਵੱਲੋ 1.25 ਲੱਖ ਬੂਟੇ ਲਗਾਉਣ ਦੀ ਟਿੱਚਾ ਮਿੱਥਿਆ ਗਿਆ ਹੈ ਤੇ 50,000 ਬੂਟੇ ਮੰਡੀ ਬੋਰਡ ਵੱਲੋ ਲਗਾਏ ਜਾਣਗੇ ਤਾਂ ਜੋ ਵਾਤਾਵਰਣ ਨੂੰ ਸ਼ੁੱਧ ਤੇ ਸਵੱਛ ਰੱਖਿਆ ਜਾਵੇ, ਕਿਉਂਕਿ ਵਾਤਾਵਰਣ ਦੀ ਸੰਭਾਲ ਕਰਨਾ ਤੇ ਚੰਗਾ ਬਣਾਉਣਾ ਸਾਡੀ ਆਪਣੀ ਜ਼ੁੰਮੇਵਾਰੀ ਹੈ ਜੇਕਰ ਹਰਿਆਲੀ ਹੋਵੇਗੀ ਤਾ ਵਾਤਾਵਰਣ ਵਿੱਚ ਆਕਸੀਜਨ ਦੀ ਕਮੀ ਵੀ ਨਹੀਂ ਹੋਵੇਗੀ। ਉਨਾਂ ਅਪੀਲ ਕੀਤੀ ਕਿ ਵੱਧ ਤੋ ਵੱਧ ਪਲਾਂਟੇਸ਼ਨ ਕੀਤੀ ਜਾਵੇ ਅਤੇ ਉਹਨਾਂ ਦੀ ਸੰਭਾਲ ਵੀ ਕੀਤੀ ਜਾਵੇ ਤੇ ਘੱਟੋ ਘੱਟ 5 ਬੂਟੇ ਹਰੇਕ ਆੜਤੀ ਅਤੇ ਹੋਰ ਅਧਿਕਾਰੀ ਵੱਲੋ ਲਗਾਏ ਜਾਣ। ਇਸ ਮੌਕੇ ਲਖਵੀਰ ਸਿੰਘ ਰਾਏ ਵਿਧਾਇਕ, ਗੁਰਜੀਤ ਸਿੰਘ ਇੰਨਜੀਨੀਅਰ ਇਨ ਚੀਫ, ਰਸ਼ਪਿੰਦਰ ਸਿੰਘ ਰਾਜਾ ਚੇਅਰਮੈਨ ਮਾਰਕੀਟ ਕਮੇਟੀ ਚਨਾਰਥਲ, ਗੁਰਵਿੰਦਰ ਸਿੰਘ ਢਿੱਲੋ ਚੇਅਰਮੈਨ,ਡੀ ਐਮ ਓ ਮਨਦੀਪ ਸਿੰਘ, ਸੈਕਟਰੀ ਕੰਵਲਪ੍ਰੀਤ, ਹਰਿੰਦਰ ਸਿੰਘ ਧਬਲਾਨ, ਗੁਰਸਤਿੰਦਰ ਸਿੰਘ ਜੱਲਾ, ਠੇਕੇਦਾਰ ਅਵਤਾਰ ਸਿੰਘ, ਦਵਿੰਦਰ ਸਿੰਘ ਜਿੰਦੂ, ਚਰਨਜੀਤ ਟਿਵਾਣਾ, ਹਰਮੇਸ ਛੰਨਾ, ਅਵਤਾਰ ਟਿਵਾਣਾ, ਪਰਮਜੀਤ ਸਿੰਘ ਰੁੜਕੀ, ਹਰਮਨਦੀਪ ਸਿੰਘ ਰੁੜਕੀ, ਰੋਹੀ ਰਾਮ, ਰਣਜੀਤ ਸਿੰਘ, ਗੁਰਦੀਪ ਸਿੰਘ, ਪਰਮਿੰਦਰ ਸਿੰਘ ਬਾਲਪੁਰ, ਮਲਕੀਤ ਸਿੰਘ ਪੰਡਰਾਲੀ, ਪਰਮਿੰਦਰ ਸਿੰਘ ਬੰਟੀ ਨਲੀਨਾ, ਬਲਜਿੰਦਰ ਸਿੰਘ ਖਰੇ, ਸਕੱਤਰ ਕੰਵਲਪ੍ਰੀਤ ਸਿੰਘ, ਕੁਲਦੀਪ ਸਿੰਘ ਘੁੰਮਣ, ਸਰਬਦੀਪ ਕੁਮਾਰ, ਰਾਜ ਕੁਮਾਰ, ਮਹਿੰਦਰ ਸਿੰਘ, ਕੁਲਵੀਰ ਕੌਰ, ਹੋਰ ਅਧਿਕਾਰੀ, ਸਰਪੰਚ ਅਤੇ ਵਲੰਟੀਅਰ ਮੌਜੂਦ ਰਹੇ।

# ਮਨੀਪੁਰ ਅੱਤਿਆਚਾਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਪੰਜਾਬ ਬੰਦ ਦਾ ਸਮਰਥਨ




**ਜਲੰਧਰ ( ਇਕਬਾਲ ਸਿੰਘ ਉੱਭੀ )** ਸਥਾਨਕ ਪ੍ਰੈਸ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਮਨੀਪੁਰ ਅੱਤਿਆਚਾਰ ਵਿਰੋਧੀ ਐਕਸ਼ਨ ਕਮੇਟੀ ਦੇ ਲਾਰੈਂਸ ਚੌਧਰੀ, ਠੇਕੇਦਾਰ ਭਗਵਾਨ ਦਾਸ ਸਿੱਧੂ, ਵਿਕਾਸ ਹੰਸ ਅਨਿਲ ਹੰਸ, ਰਾਜ ਕੁਮਾਰ ਰਾਜੂ, ਰਜਿੰਦਰ ਰਾਣਾ, ਅਜੇ ਖੋਸਲਾ, ਨਿਹੰਗ ਬਾਬਾ ਗੁਰਦੇਵ ਸਿੰਘ, ਪੀਸੀਐਮ ਪ੍ਰਧਾਨ ਹਮੀਦ ਮਸੀਹ , ਯੂਪੀਏ ਪ੍ਰਧਾਨ ਪਾਸਟਰ ਅਸ਼ਵਨੀ ਕੁਮਾਰ , ਮਾਸਟਰ ਮਹਿੰਦਰ ਹੀਰ ਆਦਿ ਨੇ ਕਿਹਾ ਕਿ ਪੰਜਾਬ ਦੀਆਂ ਸਮੂਹ ਸਿੰਘ, ਨਿਹੰਗ ਸਿੰਘ,ਮੁਸਲਿਮ, ਦਲਿਤ, ਓ.ਬੀ.ਸੀ., ਈਸਾਈ, ਕਿਸਾਨ, ਵਪਾਰੀ ਵਰਗ, ਮਜ਼ਦੂਰ, ਮੁਲਾਜਮ ਆਦਿ ਜਥੇਬੰਦੀਆਂ ਦੀ ਅਗਵਾਈ ਹੇਠ ਸਮੂਹਕ ਤੌਰ 'ਤੇ 9 ਅਗਸਤ ਦਿਨ ਬੁੱਧਵਾਰ ਨੂੰ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨੀਪੁਰ ਅੱਤਿਆਚਾਰ ਵਿਰੁੱਧ ਮੁਕੰਮਲ ਬੰਦ ਹੋਵੇਗਾ। ਇਸ ਮੌਕੇ ਸ਼ਹਿਰ ਵਿੱਚ ਐਂਬੂਲੈਂਸ, ਦਾਹ ਸੰਸਕਾਰ, ਆਰਮੀ ਗੱਡੀਆਂ, ਹਸਪਤਾਲਾਂ ਅਤੇ ਦਵਾਈਆਂ ਦੀਆਂ ਦੁਕਾਨਾ ਨੂੰ ਛੋਟ ਹੋਵੇਗੀ । ਇਸ ਮੌਕੇ ਬਲਬੀਰ ਸਿੰਘ ਪੰਜਗਰਾਈ, ਡਾਕਟਰ ਅਜੇ ਮੱਲ, ਦਾਨਿਸ਼ ਕੁਰੈਸ਼ੀ, ਧਿਆਨ ਚੰਦ, ਵਕੀਲ ਰਮਨਦੀਪ , ਸੋਮਾ ਗਿੱਲ, ਹਰਚੰਦ ਸਿੰਘ ਜਖਵਾਲੀ, ਬੰਬਾ ਮਸੀਹ ਗਿੱਲ, ਸਲੀਮ ਮਸੀਹ, ਜਰਨੈਲ ਸਿੰਘ ਪ੍ਰਿਤਪਾਲ ਸਿੰਘ, ਮਨਜਿੰਦਰ ਸਿੰਘ ਅਮਨ ਨਾਹਰ , ਸੁਖਦੇਵ ਆਦਿ ਸ਼ਾਮਿਲ ਸਨ ।

# ਅਸ਼ੀਰਵਾਦ ਸਕੀਮ ਤਹਿਤ ਪਿਛਲੇ 10 ਸਾਲਾਂ ਤੋਂ ਪੈਂਡਿੰਗ ਕੇਸਾਂ ਲਈ ਰਾਸ਼ੀ ਜਾਰੀ : ਡਾ. ਬਲਜੀਤ ਕੌਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**—ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ, ਡਾ.ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਅਧੀਨ ਪਿਛਲੇ 10 ਸਾਲਾਂ ਤੋਂ ਪੈਂਡਿੰਗ 372 ਕੇਸਾ ਲਈ 75.48 ਲੱਖ ਰੁਪਏ ਦੀ ਰਾਸ਼ੀ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਅਸ਼ੀਰਵਾਦ ਸਕੀਮ ਦੇ ਸਾਲ 2011-12 ਤੋਂ ਸਾਲ 2012-13 ਅਤੇ ਸਾਲ 2015-16 ਤੋਂ ਸਾਲ 2020-21 ਦੇ 17 ਜ਼ਿਲ੍ਹਿਆਂ ਦੇ 307 ਕੇਸਾਂ ਲਈ 62.13 ਲੱਖ ਰੁਪਏ ਖਰਚਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਹੀ ਪੱਛੜੀਆਂ ਸ਼੍ਰੇਣੀਆਂ ਅਸ਼ੀਰਵਾਦ ਸਕੀਮ ਦੇ 14 ਜ਼ਿਲ੍ਹਿਆਂ ਦੇ 65 ਕੇਸਾਂ ਲਈ 13.35 ਲੱਖ ਰੁਪਏ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਪਿਛਲੀਆਂ ਸਰਕਾਰਾਂ ਵੱਲੋਂ ਇਹ ਰਾਸ਼ੀ ਲਾਭਪਾਤਰੀਆਂ ਨੂੰ ਸਮੇਂ ਸਿਰ ਮੁਹੱਈਆ ਨਹੀ ਕਰਵਾਈ ਗਈ। ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਵਾਰ ਦੀ ਸਾਰੇ ਸਾਧਨਾ ਤੋ ਸਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ, ਅਜਿਹੇ ਪਰਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ। ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਵਾਰ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

# 4 ਹਫਤੇ ਦਾ ਡੇਅਰੀ ਸਿਖਲਾਈ ਕੋਰਸ 14 ਤੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਡਿਪਟੀ ਡਾਇਰੈਕਟਰ ਡੇਅਰੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ,ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ ਵਲੋਂ 4 ਹਫਤੇ ਡੇਅਰੀ ਸਿਖਲਾਈ ਪ੍ਰੋਗਰਾਮ 14 ਅਗਸਤ 2023 ਤੋਂ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਕੋਰਸ ਵਿੱਚ ਡੇਅਰੀ ਫਾਰਮਰਜ਼ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ ਵੱਖ-ਵੱਖ ਵਿਸ਼ਾ ਮਾਹਿਰਾਂ ਵਲੋਂ ਪਸ਼ੂਆਂ ਦੀ ਸਾਂਭ-ਸੰਭਾਲ ਤੋਂ ਲੈ ਕੇ ਵੱਖ-ਵੱਖ ਬਿਮਾਰੀਆਂ ਦੁੱਧ ਤੋਂ ਦੁੱਧ ਪਦਾਰਥ ਬਣਾਉਣ ਦੀ ਪ੍ਰੈਕਟੀਕਲ ਸਿਖਲਾਈ ਦਿੱਤੀ ਜਾਵੇਗੀ। ਇਸ ਸਿਖਲਾਈ ਦੌਰਾਨ ਮਾਡਲ ਕੈਟਲ ਸ਼ੈਡਾਂ ਦੀ ਉਸਾਰੀ ਦੁੱਧ ਚੁਆਈ ਮਸ਼ੀਨਾਂ ਅਤੇ ਡੇਅਰੀ ਦੇ ਧੰਦੇ ਦਾ ਮੁਕੰਮਲ ਮਸ਼ੀਨੀਕਰਨ ਲਈ ਲੋੜੀਂਦੀਆਂ ਤਕਨੀਕਾਂ ਅਤੇ ਸਬਸਿਡੀਆਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਂਣ ਵਾਲਾ ਸਿਖਿਆਰਥੀ ਪੇਂਡੂ ਖੇਤਰ ਨਾਲ ਸੰਬੰਧ ਰੱਖਦਾ ਹੋਵੇ, ਘੱਟ ਤੋਂ ਘੱਟ ਦਸਵੀਂ ਜਮਾਤ ਪਾਸ ਹੋਵੇ ਅਤੇ ਉਸ ਦੀ ਉਮਰ 18 ਤੋਂ 50 ਸਾਲ ਹੋਵੇ ਅਤੇ ਉਸ ਨੇ ਘੱਟੋ-ਘੱਟ 5 ਪਸ਼ੂ ਰੱਖੇ ਹੋਣੇ ਚਾਹੀਦੇ ਹਨ। ਇਸ ਸਿਖਲਾਈ ਕੋਰਸ ਦੀ ਫੀਸ 5000/- ਰੁਪਏ ਜਨਰਲ ਸ਼੍ਰੇਣੀ ਲਈ ਅਤੇ 4000/- ਰੁਪਏ ਅਨੁਸੂਚਿਤ ਜਾਤੀ ਦੇ ਸਿਖਿਆਰਥੀਆ ਲਈ ਹੋਵੇਗੀ।

ਡਿਪਟੀ ਡਾਇਰੈਕਟਰ ਡੇਅਰੀ ਨੇ ਦੱਸਿਆ ਕਿ ਸਿਖਲਾਈ ਲੈਣ ਦੇ ਚਾਹਵਾਨ ਆਪਣੇ ਦਸਤਾਵੇਜ਼ ਜਿਵੇਂ ਕਿ ਪੜ੍ਹਾਈ ਦਾ ਸਰਟੀਫਿਕੇਟ, ਆਧਾਰ ਕਾਰਡ, ਵੋਟਰ ਕਾਰਡ, ਜਾਤੀ ਦਾ ਸਰਟੀਫਿਕੇਟ ਅਤੇ 2 ਪਾਸਪੋਰਟ ਸਾਈਜ਼ ਫੋਟੋਆਂ ਨਾਲ ਲੈ ਕੇ ਮਿਤੀ 08/08/2023 ਤੱਕ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਮਿਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ ਦਫਤਰੀ ਕੰਮਕਾਜ਼ ਦੇ ਸਮੇਂ ਦੌਰਾਨ ਸੰਪਰਕ ਕਰ ਸਕਦੇ ਹਨ। ਸਿਖਲਾਈ ਪ੍ਰਾਪਤ ਕਰਨ ਉਪਰੰਤ ਸਿਖਿਆਰਥੀ 2 ਤੋਂ 10 ਦੁਧਾਰੂ ਪਸ਼ੂਆਂ ਦਾ ਕਰਜ਼ਾ ਲੈ ਸਕਣਗੇ ਅਤੇ ਸਰਕਾਰ ਵਲੋਂ ਜਨਰਲ ਜਾਤੀ ਲਈ 25 ਫੀਸਦੀ ਅਤੇ ਅਨੁਸੂਚਿਤ ਜਾਤੀ ਲਈ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਟੈਲੀਫੋਨ ਨੰਬਰ 01882-220025 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚੋਣ ਕਮਿਸ਼ਨ ਵੱਲੋਂ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਆਨਲਾਈਨ ਕੁਇਜ਼ ਮੁਕਾਬਲਾ 15 ਨੂੰ

**ਕਪੂਰਥਲਾ (ਰਾਵਿੰਦਰ ਸਿੰਘ)** ਚੋਣ ਕਮਿਸ਼ਨ ਵਲੋਂ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਆਨਲਾਈਨ ਕੁਇਜ਼ ਮੁਕਾਬਲਾ 15 ਅਗਸਤ ਨੂੰ ਦੁਪਹਿਰ 12 ਵਜੇ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਭਾਰਤ ਦੀ ਆਜ਼ਾਦੀ, ਭਾਰਤ ਦੇ ਸੰਵਿਧਾਨ ਅਤੇ ਭਾਰਤ ਦੇ ਚੋਣ ਕਮਿਸ਼ਨ ਨਾਲ ਸਬੰਧਿਤ ਸਵਾਲ ਪੁੱਛੇ ਜਾਣਗੇ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੈਪਟਨ ਕਰਨੈਲ ਸਿੰਘ ਨੇ ਇਸ ਸੰਬਧੀ ਦੱਸਿਆ ਕਿ ਆਨਲਾਈਨ ਕੁਇਜ਼ ਮੁਕਾਬਲੇ ਦੌਰਾਨ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲਿਆਂ ਨੂੰ ਕ੍ਰਮਵਾਰ 1500, 1200 ਅਤੇ 1000 ਰੁਪਏ ਦੇ ਇਨਾਮ ਅਤੇ ਪ੍ਰਮਾਣ ਪੱਤਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿਚ ਕੁੱਲ 50 ਸਵਾਲਾਂ ਦੇ ਲਈ 30 ਮਿੰਟ ਦਾ ਸਮਾਂ ਹੋਵੇਗਾ ਅਤੇ ਮਿੱਥੇ ਸਮੇਂ 'ਤੇ ਕੁਇਜ਼ ਖਤਮ ਹੋਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਚੋਣ ਅਫ਼ਸਰ ਪੰਜਾਬ ਦੇ ਫੇਸਬੁੱਕ ਅਤੇ ਟਵਿੱਟਰ ਦੇ ਪੇਜ 'ਤੇ ਲਿੰਕ ਸਾਂਝਾ ਕਰ ਦਿੱਤਾ ਜਾਵੇਗਾ, ਜੇਕਰ ਇੱਕ ਤੋਂ ਵੱਧ ਪ੍ਰਤੀਯੋਗੀਆਂ ਦੇ ਬਰਾਬਰ ਨੰਬਰ ਆਉਂਦੇ ਹਨ ਤਾਂ ਜੇਤੂਆਂ ਦੀ ਚੋਣ ਲਾਟਰੀ ਰਾਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੁਇਜ਼ ਨਿਰਧਾਰਿਤ ਸਮੇਂ ਦੇ ਅੰਦਰ ਹੀ ਪੂਰਾ ਕਰਨਾ ਹੋਵੇਗਾ ਅਤੇ ਇਸ ਸਬੰਧੀ ਵਧੇਰੇ ਜਾਣਕਾਰੀ ਲਈ 98723-16194'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁੱਖ ਮੰਤਰੀ ਨੇ ਕਾਮਰੇਡ ਸੁਰਜੀਤ ਦੀ ਢੁਕਵੀਂ ਯਾਦਗਾਰ ਬਣਾਉਣ ਦਾ ਦਿੱਤਾ ਭਰੋਸਾ



**ਨਵਾਂਸ਼ਹਿਰ (ਮਨੋਜ ਲਾਡੀ)**-: ਸੀਪੀਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਫ਼ਤਰ 'ਚ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸੀਪੀਆਈ (ਐਮ) ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਗੁਰਦਰਸ਼ਨ ਸਿੰਘ ਖਾਸਪੁਰ ਵੀ ਉਨ੍ਹਾਂ ਦੇ ਨਾਲ ਸਨ। ਇਸ ਦੌਰਾਨ ਕਾਮਰੇਡ ਸੇਖੋਂ ਨੇ ਮੁੱਖ ਮੰਤਰੀ ਕੋਲ ਮੰਗ ਉਠਾਈ ਕਿ ਹੁਸ਼ਿਆਰਪੁਰ ਦੀਆਂ ਪੁਰਾਣੀਆਂ ਜ਼ਿਲ੍ਹਾ ਕਚਹਿਰੀਆਂ ਵਿੱਚ ਆਜ਼ਾਦੀ ਘੁਲਾਟੀਏ ਅਤੇ ਕੌਮਾਂਤਰੀ ਪੱਧਰ ਦੇ ਕਮਿਊਨਿਸਟ ਆਗੂ ਤੇ ਸੀਪੀਆਈ (ਐਮ) ਦੇ ਲੰਬਾ ਸਮਾਂ ਜਨਰਲ ਸਕੱਤਰ ਰਹੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਯਾਦਗਾਰ ਸਥਾਪਿਤ ਕਰਕੇ ਉਨ੍ਹਾਂ ਦਾ ਬੁੱਤ ਲਗਾਇਆ ਜਾਵੇ। ਦੱਸਣਾ ਬਣਦਾ ਹੈ ਕਿ 23 ਮਾਰਚ 1932 ਨੂੰ ਕਾਮਰੇਡ ਸੁਰਜੀਤ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਪਹਿਲੀ ਬਰਸੀ ਮੌਕੇ ਹੁਸ਼ਿਆਰਪੁਰ ਦੀਆਂ ਜ਼ਿਲ੍ਹਾ ਕਚਹਿਰੀਆਂ ਵਿੱਚ ਯੂਨੀਅਨ ਜੈਕ ਉਤਾਰ ਕੇ ਤਿਰੰਗਾ ਚੜ੍ਹਾਇਆ ਸੀ। ਉਸ ਸਮੇਂ ਇਹ ਸੱਦਾ ਕਾਂਗਰਸ ਵੱਲੋਂ ਦਿੱਤਾ ਗਿਆ ਸੀ, ਹਾਲਾਂਕਿ ਬਾਅਦ ਵਿੱਚ ਕਾਂਗਰਸ ਨੇ ਇਹ ਸੱਦਾ ਵਾਪਸ ਲੈ ਲਿਆ ਸੀ, ਪਰ ਇਸ ਦੇ ਬਾਵਜੂਦ ਕਾਮਰੇਡ ਸੁਰਜੀਤ ਨੇ 16 ਵਰ੍ਹਿਆਂ ਦੀ ਉਮਰ ਵਿੱਚ ਇਹ ਕਾਰਨਾਮਾ ਕਰ ਦਿਖਾਇਆ। ਕਾਮਰੇਡ ਸੁਰਜੀਤ ਨੂੰ ਇਸ ਮਾਮਲੇ ਵਿੱਚ ਤਿੰਨ ਸਾਲ ਦੀ ਸਜ਼ਾ ਹੋਈ ਸੀ।

# ਜੈਵਲਿਨ ਥਰੋਅ 'ਚ ਸੇਂਟ ਸੋਲਜਰ ਦਾ ਵਿਦਿਆਰਥੀ ਚਮਕਿਆ

**ਜਲੰਧਰ, ( ਇਕਬਾਲ ਸਿੰਘ ਉੱਭੀ )** - ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਮੇਨ ਕੈਂਪਸ, ਜਲੰਧਰ-ਅੰਮ੍ਰਿਤਸਰ ਬਾਈਪਾਸ ਬ੍ਰਾਂਚ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਜੈਵਲਿਨ ਦਿਵਸ 'ਤੇ ਪੰਜਾਬ ਐਥਲੈਟਿਕਸ ਐਸੋਸੀਏਸ਼ਨ ਵੱਲੋਂ ਕਰਵਾਏ ਜੈਵਲਿਨ ਮੁਕਾਬਲੇ 'ਚ ਤਗਮੇ ਜਿੱਤ ਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਸ੍ਰੀਮਤੀ ਰੀਨਾ ਅਗਨੀਹੋਤਰੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਸ ਮੁਕਾਬਲੇ ਵਿਚ ਪੰਜਾਬ ਭਰ ਤੋਂ 200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਸ ਵਿਚ ਸੰਸਥਾ ਦੇ ਨੌਵੀਂ ਜਮਾਤ ਦੇ ਵਿਦਿਆਰਥੀ ਆਰੀਅਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ 14 ਸਾਲ ਵਿਚ ਚਾਂਦੀ ਦਾ ਤਗਮਾ ਜਿੱਤਿਆ ਹੈ। ਆਰੀਅਨ ਨੇ ਆਪਣੀ ਸਫਲਤਾ ਦਾ ਸਿਹਰਾ ਸਹੀ ਮਾਰਗਦਰਸ਼ਨ ਨੂੰ ਦਿੰਦੇ ਹੋਏ ਕਿਹਾ ਕਿ ਉਹ ਜੈਵਲਿਨ ਥਰੋਅ 'ਚ ਆਪਣਾ ਭਵਿੱਖ ਬਣਾਉਣਾ ਚਾਹੁੰਦਾ ਹੈ ਅਤੇ ਅੰਤਰਰਾਸ਼ਟਰੀ 'ਚ ਸੋਨ ਤਮਗਾ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕਰਨਾ ਚਾਹੁੰਦਾ ਹੈ। ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕੋਚ ਕਰਨਵੀਰ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਸਖ਼ਤ ਮਿਹਨਤ ਕਰਨ ਅਤੇ ਅੱਗੇ ਆਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਵਿੱਖ ਬਣਾਉਣ ਲਈ ਹਰ ਸੰਭਵ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ।




# ਪੈਨਸ਼ਨਰਾਂ ਵੱਲੋਂ ਮਨੀਪੁਰ ਤੇ ਹਰਿਆਣੇ ਦੇ ਫਿਰਕੂ ਦੰਗਿਆਂ ਵਿਰੁੱਧ ਫਿਰਕੂ-ਫਾਸ਼ੀਵਾਦ ਨੂੰ ਹਰਾਉਣ ਦਾ ਸੱਦਾ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਹੀਨਾਵਾਰ ਮੀਟਿੰਗ ਸੋਮ ਲਾਲ ਦੀ ਪ੍ਰਧਾਨਗੀ ਹੇਠ ਨਵਾਂ ਸ਼ਹਿਰ ਵਿਖੇ ਹੋਈ। ਜ਼ਿਲ੍ਹਾ ਜਨਰਲ ਸਕੱਤਰ ਜੀਤ ਲਾਲ ਗੋਹਲੜੋਂ ਨੇ ਹੜ੍ਹਾਂ ਵਿੱਚ ਮਾਰੇ ਗਏ, ਮਨੀਪੁਰ ਅਤੇ ਨੂੰਹ ਦੇ ਫਿਰਕੂ ਦੰਗਿਆਂ ਵਿੱਚ ਮਾਰੇ ਗਏ ਬੇਦੋਸ਼ੇ ਨਾਗਰਿਕਾਂ ਅਤੇ ਪੈਨਸ਼ਨਰ ਪਿਆਰਾ ਲਾਲ ਦੇ ਸਦੀਵੀ ਵਿਛੋੜੇ 'ਤੇ ਸ਼ੋਕ ਮਤਾ ਪੇਸ਼ ਕੀਤਾ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮੇਂ ਕਰਨੈਲ ਸਿੰਘ ਰਾਹੋਂ, ਕੁਲਦੀਪ ਸਿੰਘ ਦੌੜਕਾ, ਪ੍ਰਿੰ ਇਕਬਾਲ ਸਿੰਘ, ਸਰਵਣ ਰਾਮ, ਰਾਮ ਪਾਲ, ਸੁੱਚਾ ਰਾਮ ਬੀਪੀਈਓ, ਰੇਸ਼ਮ ਲਾਲ, ਜੋਗਾ ਸਿੰਘ, ਰਾਮ ਲਾਲ, ਈਸ਼ਵਰ ਚੰਦਰ, ਹਰਭਜਨ ਸਿੰਘ ਭਾਵੜਾ, ਸੋਖੀ ਰਾਮ, ਹਰਮੇਸ਼ ਲਾਲ ਅਤੇ ਅਸ਼ੋਕ ਕੁਮਾਰ ਵਿੱਤ ਸਕੱਤਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨੀਪੁਰ ਵਿੱਚ ਵਾਪਰੀਆਂ ਮੰਦਭਾਗੀ ਘਟਨਾਵਾਂ ਦੀ ਨਿਖੇਧੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਮੰਦਭਾਗੀਆਂ ਘਟਨਾਵਾਂ ਦੀ ਰੋਕਥਾਮ ਲਈ ਸੂਬਾ ਅਤੇ ਕੇਂਦਰ ਸਰਕਾਰ ਨੇ ਵੀ ਕੋਈ ਉਪਰਾਲਾ ਨਹੀਂ ਕੀਤਾ।

ਪੈਨਸ਼ਨਰ ਆਗੂਆਂ ਨੇ ਇਨ੍ਹਾਂ ਘਟਨਾਵਾਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਫਿਰਕੂ-ਫਾਸ਼ੀਵਾਦ ਨੂੰ ਹਰਾਉਣ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਡਾ. ਸੁਸ਼ੀਲ ਕੁਮਾਰ, ਨਿਰਮਲ ਦਾਸ, ਤਰਸੇਮ ਸਿੰਘ, ਧਰਮ ਪਾਲ, ਕੇਵਲ ਰਾਮ, ਭਾਗ ਸਿੰਘ, ਸੁਰਜੀਤ ਸਿੰਘ, ਹਰਮੇਸ਼ ਲਾਲ, ਕੁਲਦੀਪ ਸਿੰਘ, ਪਿਆਰਾ ਸਿੰਘ, ਅਮਰਜੀਤ ਸਿੰਘ, ਅਵਤਾਰ ਸਿੰਘ, ਦੇਸ ਰਾਜ ਬੱਜੋਂ, ਸਰੂਪ ਲਾਲ, ਹਰਬੰਸ ਸਿੰਘ, ਨਿਰੰਜਣ ਲਾਲ, ਲਖਵੀਰ ਸਿੰਘ, ਮਹਿੰਗਾ ਰਾਮ, ਰਾਵਲ ਰਾਮ, ਜੁਗਿੰਦਰ ਪਾਲ, ਕੇਵਲ ਰਾਮ, ਤੇਜ ਪਾਲ, ਸੁਰਜੀਤ ਰਾਮ ਆਦਿ ਹਾਜ਼ਰ ਸਨ।

# ਕੈਨੇਡਾ ਪੁਲਸ ਦੀ ਮੁੱਕੇਬਾਜ਼ ਅਮਨਪ੍ਰੀਤ ਕੌਰ ਕੰਦੋਲਾ ਨੇ ਜਿੱਤਿਆ ਚਾਂਦੀ ਦਾ ਤਗਮਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**-ਵਿਨੀਪੈਗ ਵਿਖੇ ਚਲਾ ਰਹੀਆਂ ਵਿਸ਼ਵ ਪੁਲਿਸ ਖੇਡਾਂ 'ਚ ਕੈਨੇਡਾ ਦੀ ਮੁਕਬਾਜੀ ਟੀਮ 'ਚ ਸ਼ਾਮਿਲ ਪੰਜਾਬਣ ਅਮਨਪ੍ਰੀਤ ਕੌਰ ਕੰਦੋਲਾ ਨੇ 70 ਕਿਲੋ ਭਾਰ ਵਰਗ 'ਚ ਚਾਂਦੀ ਦਾ ਤਗਮਾ ਜਿੱਤ ਕੇ ਭਾਈਚਾਰੇ ਦਾ ਮਾਣ ਵਧਾਇਆ ਹੈ । ਅਮਨਪ੍ਰੀਤ ਕੌਰ ਕੰਦੋਲਾ ਨੇ 2022 ਵਿਚ ਬਰੈਪਟਨ ਦੀ ਪੀਲ ਪੁਲਿਸ ਵਿੱਚ ਬਤੌਰ ਸਿਪਾਹੀ ਸੇਵਾਵਾਂ ਨਿਭਾਉਣੀ , ਸ਼ੁਰੂ ਕੀਤੀ ਹਨ ਤੇ ਉਸ ਪਿਤਾ ਪਿਆਰਾ ਸਿੰਘ ਕੰਦੋਲਾ ਦਾ ਜੱਦੀ ਪਿੰਡ ਕੰਦੋਲਾ ਕਲਾਂ ਨੇੜੇ ਨੂਰਮਹਿਲ ਜ਼ਿਲ੍ਹਾ ਜਲੰਧਰ ਹੈ ਤੇ ਮਾਤਾ ਸੁਖਵਿੰਦਰ ਕੌਰ ਕੰਦੋਲਾਂ ਦਾ ਪਿੰਡ ਜ਼ਿਲ੍ਹਾ ਜਲੰਧਰ 'ਚ ਸੁੰਨੜ ਕਲਾ ਹੈ ।ਅਮਨਪੀਤ ਕੌਰ ਦਾ ਜਨਮ ਬਰੈਂਪਟਨ ਵਿਚ ਹੀ ਹੋਇਆ ਹੈ ਤੇ ਉਸ ਨੇ ਮੁੱਕੇਬਾਜੀ ਦੀ ਸੁਰੂਆਤ 2017 ਵਿਚ ਕੀਤੀ ਸੀ ।ਉਸ ਦੀਆਂ ਦੀਆਂ ਦੋ ਭੈਣਾਂ ਹਨ ਤੇ ਵੱਡੀ ਪਰਮਪ੍ਰੀਤ ਕੌਰ ਕੰਦੋਲਾ ਤੇ ਛੋਟੀ ਬਬਨੀਤ ਕੌਰ ਕੰਦੋਲਾ ਹਨ । ਅਮਨਪ੍ਰੀਤ ਕੌਰ ਕੰਦੋਲਾ ਇਸ ਵੇਲੇਲ ਬਰੈਂਪਟਨ ਬਾਕਸਿੰਗ ਸੈਂਟਰ ਵਿਖੇ ਕੋਚ ਜੀਤ ਕੋਲੋਂ ਸਿਖਲਾਈ ਲੈ ਰਹੀ ਹੈ ।



# ਹੈਲਪਿੰਗ ਐਂਡ ਹੈਂਡ ਹਸਪਤਾਲ 'ਚ ਡਾਇਲਿਸਿਸ ਯੂਨਿਟ ਸ਼ੁਰੂ



**ਆਦਮਪੁਰ (ਪਰਮਜੀਤ ਸਿੰਘ )**:— ਇਥੇ ਆਰ ਐਸ ਗਾਂਧੀ ਮੈਮੋਰੀਅਲ ਹੈਲਪਿੰਗ ਐਂਡ ਹੈਂਡ (ਗਾਂਧੀ ਹਸਪਤਾਲ ) ਵਿਖੇ ਡਾਇਲਿਸਿਸ ਸੈਂਟਰ ਦੇ ਨਵੇਂ ਯੂਨਿਟ ਦਾ ਰਸਮੀ ਉਦਘਾਟਨ ਬੀਬੀ ਸ਼ਰੀਫਾਂ ਉਦੇਸੀਆਂ ਵਾਲੇ, ਸੁਆਮੀ ਰਾਮ ਭਾਰਤੀ ਅਤੇ ਪਵਨ ਕੁਮਾਰ ਟੀਨੂੰ ਸਾਬਕਾ ਵਿਧਾਇਕ ਆਦਮਪੁਰ ਵਲੋਂ ਕੀਤਾ ਗਿਆ! ਟੀਨੂੰ ਨੇ ਦੱਸਿਆ ਕਿ ਇਲਾਕੇ ਵਿੱਚ ਨਜਦੀਕ ਕੋਈ ਹੋਰ ਹਸਪਤਾਲ ਨਾ ਹੋਣ ਕਰਕੇ ਇਲਾਕੇ ਦੇ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਹੋ ਰਹੀ ਸੀ ! ਇਸ ਡਾਇਲਿਸਿਸ ਸੈਂਟਰ ਵਿਚ ਬਹੁਤ ਘੱਟ ਰੇਟ 'ਤੇ ਮਰੀਜਾਂ ਦਾ ਇਲਾਜ ਕੀਤਾ ਜਾਵੇਗਾ। ਹਸਪਤਾਲ ਦੇ ਮਾਲਕ ਡਾਕਟਰ ਸੰਜੀਵ ਗਾਂਧੀ ਨੇ ਦੱਸਿਆ ਕਿ ਉਦਘਾਟਨ ਸਮੇਂ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਨ੍ਹਾਂ ਕਿਹਾ ਕਿ ਇਸ ਸੈਂਟਰ ਨਾਲ ਆਦਮਪੁਰ ਦੇ ਇਸ ਆਸ-ਪਾਸ ਪਿੰਡਾਂ ਨੂੰ ਇਸ ਸੈਂਟਰ ਦੀ ਬਹੁਤ ਸਹੂਲਤ ਮਿਲੇਗੀ ਅਤੇ ਡਾਇਲਿਸਿਸ ਕਰਵਾਉਣ ਲਈ ਬਹੁਤ ਦੂਰ ਦੂਰ ਨਹੀਂ ਜਾਣਾ ਪਵੇਗਾ! ਇਸ ਸਮੇਂ ਡਾਕਟਰ ਜਸਦੀਪ ਸਿੰਘ ਬੇਦੀ ,ਡਾ. ਤਰੁਣ ਗੁਪਤਾ, ਡਾ. ਪ੍ਰਿੰਤਪਾਲ ਸਿੰਘ, ਡਾ. ਰਜਿੰਦਰ ਡਾ. ਪਵਨ, ਡਾ. ਮੀਨਾਕਸ਼ੀ , ਗੁਰਦਿਆਲ ਸਿੰਘ ਨਿੱਝਰ, ਚਰਨਜੀਤ ਸੇਗੀ, ਦਲਵੀਰ ਸਿੰਘ ਖੋਜਕੀਪੁਰ, ਧਰਮਪਾਲ ਲੇਸੜੀਵਾਲ, ਤੀਰਥ ਰਾਮ, ਜਗਦੀਸ਼ ਪਸਰੀਚਾ, ਸਤਪਾਲ ਬਜਾਜ, ਆਕਾਸ਼ਦੀਪ ਪਾਲ, ਗੁਰਚਰਨ ਰਾਏ ਸ਼ਿੰਗਾਰੀ, ਸਤਵਿੰਦਰ ਅਰੋੜਾ, ਕੁਲਵਿੰਦਰ ਟੋਨੀ ਦਲਜੀਤ ਬੱਟੀ, ਸੁਰਿੰਦਰ ਸਿੰਘ ਸ਼ਿੰਦਾ ਨਿਜਾਮੁਦੀਨ ਪੁਰ , ਜਸਵਿੰਦਰ ਸਿੰਘ ਸਰਪੰਚ ਆਦਿ ਹਾਜ਼ਰ ਸਨ।

# ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਬੰਦ ਦਾ ਸਮਰਥਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ 100 ਵਲੋਂ ਕਿਹਾ ਗਿਆ ਕਿ ਮਨੀਪੁਰ ਵਿੱਚ ਲੰਬੇ ਸਮੇਂ ਤੋਂ ਆਦੀਵਾਸੀਆ ਉੱਪਰ ਜੁਲਮ 'ਤੇ ਤਸ਼ੱਦਦ ਹੋ ਰਿਹਾ ਹੈ, ਮਨੀਪੁਰ ਨਾਲ ਸੰਬਧਤ ਜੋ ਵੀਡੀਓ ਸ਼ੋਸਲ ਮੀਡੀਆ ਤੇ ਵਾਇਰਲ ਹੋਈ ਸੀ ਉਸ ਨੇ ਦੇਸ਼ ਵਿਦੇਸ਼ ਵਾਸੀਆਂ ਦੇ ਰੌਂਗਟੇ ਖੜ੍ਹੇ ਕਰ ਦਿੱਤੇ ਹਨ। ਆਦੀਵਾਸੀਆਂ ਔਰਤਾਂ ਨਾਲ ਜੋ ਗੈਰਮਨੁਖੀ ਸਲੂਕ ਤੇ ਵੱਡੀ ਭੀੜ ਦੀ ਹਾਜਰੀ ਛੋਟੀ ਬੱਚੀ ਨਾਲ ਗੈਂਗਰੇਪ ਤੇ ਕੀਤੀ ਹੱਤਿਆ ਨੂੰ 2 ਮਹੀਨਿਆਂ ਤੱਕ ਦੋਸ਼ੀਆਂ ਦੇ ਖਿਲਾਫ ਭਾਜਪਾ ਦੀ ਸਰਕਾਰ ਵਲੋਂ ਕਾਰਵਾਈ ਨਾ ਕਰਨ ਦੇ ਵਿਰੋਧ ਵਿੱਚ ਦੇਸ਼ ਵਿਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ।ਜਿਸ ਦੇ ਸੰਬਧ ਵਿੱਚ ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਡਾ. ਤਜਿੰਦਰ ਸਿੰਘ ਢਿੱਲੋਂ ਡਾ. ਅਵਤਾਰ ਬਾਲੀ ਨਵਾਂਸ਼ਹਿਰ ਸੂਬਾ ਜਨਰਲ ਸਕੱਤਰ ਡਾ. ਮਾਘ ਸਿੰਘ ਖਜਾਨਚੀ ਡਾ. ਮਹਿੰਦਰ ਸਿੰਘ ਮੋਗਾ ਚੇਅਰਮੈਨ ਡਾ. ਮਹਿੰਦਰ ਸਿੰਘ ਸੋਹਲ ਅਜਨਾਲਾ ਸਾਰੀ ਸੂਬਾ ਟੀਮ ਵਲੋਂ 9 ਅਗਸਤ ਨੂੰ ਬੰਦ ਦੀ ਕਾਲ ਦਾ ਸਮਰਥਨ ਕਰਦੇ ਹਾਂ। ਇਸ ਮੌਕੇ 'ਤੇ ਡਾ. ਹਰਭਜਨ ਸਿੰਘ ਮੱਲ , ਡਾ. ਸ਼ਾਮ ਲਾਲ, ਡਾ. ਅਮਰਜੀਤ ਸਿੰਘ, ਡਾ. ਰਾਮ ਦਾਸ, ਡਾ. ਹਰਮੇਲ ਸਿੰਘ, ਡਾ. ਮਨਪ੍ਰੀਤ ਸਿੰਘ ਤੇ ਹੋਰ ਡਾਕਟਰ ਸਾਥੀ ਹਾਜ਼ਰ ਸਨ।

# ਪੰਜ ਗਰਾਈਆਂ ਵਿਖੇ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਦੇ ਨਿਰਦੇਸ਼ਾਂ ਅਧੀਨ ਹਰਦੀਪ ਕੌਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ ਅਤੇ ਦਇਆ ਰਾਣੀ ਸੀ ਡੀ ਪੀ ਓ ਦੀ ਅਗਵਾਈ ਵਿੱਚ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਸ਼ਰਮੀਲਾ ਰਾਣੀ ਸੁਪਰਵਾਈਜ਼ਰ ਵੱਲੋਂ ਜਾਗਰੂਕਤਾ ਸੈਮੀਨਾਰ ਲਗਾਇਆ। ਇਸ ਮੌਕੇ ਵੱਡੀ ਗਿਣਤੀ ਵਿਚ ਪਿੰਡ ਦੀਆਂ ਔਰਤਾਂ ਅਤੇ ਬੱਚਿਆਂ ਆਦਿ ਨੇ ਹਿੱਸਾ ਲਿਆ। ਇਸ ਮੌਕੇ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਨੇ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਦੱਸਿਆ ਉਨ੍ਹਾਂ ਕਿਹਾ ਕਿ ਬੱਚੇ ਲਈ ਮਾਂ ਦਾ ਪਹਿਲਾ ਦੁੱਧ ਅੰਮ੍ਰਿਤ ਦੇ ਬਰਾਬਰ ਹੁੰਦਾ ਹੈ। ਜੋ ਬੱਚੇ ਨੂੰ ਸਾਰੀ ਉਮਰ ਛੂਤ ਦੇ ਰੋਗਾਂ ਤੋਂ ਬਚਾ ਕੇ ਰੱਖਦਾ ਹੈ ਅਤੇ ਮਾਂ ਦੇ ਦੁੱਧ ਵਿੱਚ ਸਾਰੇ ਖੁਰਾਕੀ ਤੱਤ ਭਰਪੂਰ ਮਾਤਰਾ ਵਿੱਚ ਮੌਜੂਦ ਹੁੰਦੇ ਹਨ। ਬੱਚੇ ਨੂੰ ਛੇ ਮਹੀਨੇ ਸਿਰਫ਼ ਮਾਂ ਦਾ ਦੁੱਧ ਹੀ ਦੇਣਾ ਚਾਹੀਦਾ ਹੈ। ਇਸ ਮੌਕੇ ਏ ਐਨ ਐਮ ਨਿਰਮਲ ਕੌਰ ਨੇ ਔਰਤਾਂ ਨੂੰ ਸਹੀ ਤਰੀਕੇ ਨਾਲ ਮਾਂ ਦਾ ਦੁੱਧ ਪਿਲਾਉਣ ਸਬੰਧੀ ਜਾਣਕਾਰੀ ਦਿੱਤੀ। ਆਸ਼ਾ ਵਰਕਰ ਕੁਲਵਿੰਦਰ ਕੌਰ ਨੇ ਦੱਸਿਆ ਕਿ ਗਰਭਵਤੀ ਹੋਣ ਤੇ ਤਿੰਨ ਮਹੀਨਿਆਂ ਦੇ ਅੰਦਰ ਰਜਿਸਟ੍ਰੇਸ਼ਨ ਕਰਾਉਣਾ ਯਕੀਨੀ ਬਣਾਓ। ਆਂਗਣਵਾੜੀ ਵਰਕਰ ਪਰਮਿੰਦਰ ਕੌਰ ਮਾਂ ਦੇ ਦੁੱਧ ਨੂੰ ਪੂਰਨ ਅੰਨ ਕਿਹਾ ਕਿਉਂਕਿ ਮਾਂ ਦੇ ਦੁੱਧ ਵਿੱਚ ਪ੍ਰੋਟੀਨ, ਆਇਰਨ, ਜ਼ਿੰਕ, ਮਿਨਰਲ, ਵਿਟਾਮਿਨ, ਫੈਟ ਆਦਿ ਪੂਰਨ ਮਾਤਰਾ ਵਿਚ ਮਿਲਦੇ ਹਨ। ਇਸ ਲਈ ਮਾਂ ਦੇ ਦੁੱਧ ਨੂੰ ਪੂਰਨ ਅੰਨ ਕਹਿੰਦੇ ਹਨ। ਮਾਂ ਦਾ ਦੁੱਧ ਪੀਣ ਵਾਲੇ ਬੱਚੇ ਜਿਆਦਾ ਬੁੱਧੀਮਾਨ ਹੁੰਦੇ ਹਨ। ਛੇ ਮਹੀਨੇ ਤੱਕ ਬੱਚੇ ਨੂੰ ਮਾਂ ਦਾ ਦੁੱਧ ਹੀ ਦੇਣਾ ਚਾਹੀਦਾ ਹੈ। ਜਿਹੜੇ ਬੱਚੇ ਮਾਂ ਦਾ ਦੁੱਧ ਪੀਂਦੇ ਹਨ ਉਹ ਬਹੁਤ ਘੱਟ ਬਿਮਾਰ ਹੁੰਦੇ ਹਨ ਕਿਉਂਕਿ ਮਾਂ ਦਾ ਦੁੱਧ ਬੱਚੇ ਲਈ ਐਂਟੀਬਾਡੀਜ਼ ਹੁੰਦਾ ਹੈ। ਇਸ ਮੌਕੇ ਪੋਸਣ ਪੰਚਾਇਤ ਕਮੇਟੀ ਦਾ ਵੀ ਗਠਨ ਕੀਤਾ ਗਿਆ। ਜਿਸ ਵਿੱਚ ਪ੍ਰਧਾਨ ਸਰਪੰਚ ਚਰਨਜੀਤ ਕੌਰ ਅਤੇ ਪੰਚ ਕੁਲਵਿੰਦਰ ਸਿੰਘ, ਸਰਕਾਰੀ ਐਲੀਮੈਂਟਰੀ ਸਕੂਲ ਧੁੱਗਾ ਦੇ ਹੈਡ ਟੀਚਰ ਅੰਜੂ ਬਾਲਾ, ਏ ਐਨ ਐਮ ਨਿਰਮਲ ਕੌਰ, ਸ਼ਰਮਿੰਦਾ ਰਾਣੀ ਸੁਪਰਵਾਈਜ਼ਰ, ਸੁਰਜੀਤ ਕੌਰ ਮਹਿਲਾ ਮੰਡਲ, ਆਂਗਣਵਾੜੀ ਵਰਕਰ ਕੁਲਵਿੰਦਰ ਕੌਰ, ਆਂਗਣਵਾੜੀ ਵਰਕਰ ਪਰਵਿੰਦਰ ਕੌਰ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਇਸ ਮੌਕੇ ਪੋਸ਼ਣ ਪੰਚਾਇਤ ਨੇ ਪੋਸ਼ਣ ਅਭਿਆਨ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਦੇਣ ਲਈ ਵਿਸ਼ਵਾਸ ਦਿੱਤਾ। ਇਸ ਮੌਕੇ ਪਿੰਡ ਦੀਆਂ ਹੋਰ ਬਹੁਤ ਸਾਰੀਆਂ ਸਖ਼ਸ਼ੀਅਤਾਂ ਹਾਜ਼ਰ ਸਨ।

# ਕੰਪਿਊਟਰ ਅਧਿਆਪਕਾਂ ਵੱਲੋਂ ਸੰਗਰੂਰ 'ਚ ਕਰੋ ਜਾਂ ਮਰੋ ਰੈਲੀ 20 ਨੂੰ



**ਜਲੰਧਰ ( ਰਾਜੇਸ਼ ਥਾਪਾ)**—ਪੰਜਾਬ ਭਰ ਦੇ ਕੰਪਿਊਟਰ ਅਧਿਆਪਕ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਦੀ ਅਗਵਾਈ ਅਤੇ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਝੰਡੇ ਹੇਠ ਸੰਗਰੂਰ ਵਿਖੇ ਸਰਕਾਰ ਦੀ ਕੰਪਿਊਟਰ ਅਧਿਆਪਕਾਂ ਪ੍ਰਤੀ ਟਾਲ ਮਟੋਲ ਦੀ ਨੀਤੀ ਅਤੇ 18 ਸਾਲਾਂ ਤੋਂ ਲਟਕਦੀਆਂ ਮੰਗਾਂ ਖਾਤਰ 20 ਅਗਸਤ ਨੂੰ ਸੂਬਾ ਪੱਧਰੀ ਕਰੋ ਜਾਂ ਮਰੋ ਰੈਲੀ ਕੀਤੀ ਜਾਵੇਗੀ । ਆਗੂਆਂ ਨੇ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜਮਾਂ ਨੂੰ 6ਵਾਂ ਤਨਖਾਹ ਕਮਿਸ਼ਨ ਮਿਲ ਚੁੱਕਾ ਹੈ, ਪਰ ਕੰਪਿਊਟਰ ਅਧਿਆਪਕ ਨੂੰ ਜਾਣ-ਬੁੱਝ ਕੇ ਵਾਂਝਾ ਰੱਖਿਆ ਗਿਆ ਹੈ । ਜ਼ਿਕਰਯੋਗ ਹੈ ਕਿ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ 22 ਸਤੰਬਰ 2022 ਨੂੰ "ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਤੇ ਤੋਹਫਾ ਦੇਣ" ਦਾ ਐਲਾਨ ਕੀਤਾ ਗਿਆ ਸੀ । ਬੀਤੇ ਸਾਲ ਸਿੱਖਿਆ ਮੰਤਰੀ ਨੇ ਕੰਪਿਊਟਰ ਅਧਿਆਪਕਾਂ ਨੂੰ 6ਵਾਂ ਤਨਖਾਹ ਕਮਿਸ਼ਨ ਅਤੇ ਸਿਵਲ ਸਰਵਿਸ ਦੇ ਨਿਯਮ ਅਤੇ ਹੋਰ ਵਿਭਾਗੀ ਮਸਲੇ ਦੀਵਾਲੀ 'ਤੇ ਹੱਲ ਕਰਨ ਦਾ ਐਲਾਨ ਅਖਬਾਰਾਂ ਅਤੇ ਆਮ ਆਦਮੀ ਪਾਰਟੀ ਦੇ ਵੱਖ ਮੰਚਾਂ ਕੀਤਾ ਸੀ ਜੋ ਕਿ ਇੱਕ ਸਾਲ ਬੀਤ ਜਾਣ ਉਪਰੰਤ ਵੀ ਵਫਾ ਨਹੀ ਹੋਇਆ ਹੈ । ਜੱਥੇਬੰਦੀ ਨੂੰ ਪੰਜਾਬ ਸਰਕਾਰ ਨਾਲ ਇਹ ਵੀ ਗਿਲਾ ਹੈ ਕਿ 90 ਦੇ ਕਰੀਬ ਕੰਪਿਊਟਰ ਅਧਿਆਪਕਾਂ ਦੀ ਮੌਤ ਹੋ ਚੁੱਕੀ ਜਿਹਨਾਂ ਦੇ ਆਸ਼ਰਿਤਾਂ ਦੀ ਪੰਜਾਬ ਸਰਕਾਰ ਨੇ ਕਿਸੇ ਤਰ੍ਹਾਂ ਦੀ ਵਿੱਤੀ ਸਹਾਇਤਾ ਸਰਕਾਰ ਨਹੀਂ ਕੀਤੀ ਹੈ ਨਾ ਹੀ ਉਹਨਾਂ ਦੇ ਆਸ਼ਰਿਤਾਂ ਨੂੰ ਮੌਤ ਉਪਰੰਤ ਨੌਕਰੀ ਦਿੱਤੀ ਗਈ ਜਿਸ ਕਾਰਣ ਉਹਨਾਂ ਦੇ ਪਰਵਾਰਾਂ ਸੜਕਾਂ 'ਤੇ ਰੁੱਲਣ ਮਜਬੂਰ ਹਨ ।ਜਿਸ ਕਾਰਨ ਸਮੂਹ ਕੰਪਿਊਟਰ ਅਧਿਆਪਕ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਤੋਂ ਨਿਰਾਸ਼ ਹੋ ਕੇ ਸੰਗਰੂਰ ਵਿਖੇ 20 ਅਗਸਤ ਨੂੰ ਪੰਜਾਬ ਸਰਕਾਰ ਦੇ ਚੋਣ ਮਨੋਰਥ ਵਾਅਦਿਆਂ ਨੂੰ ਆਮ ਲੋਕਾਂ ਨਾਲ ਸਾਂਝਾ ਕੀਤਾ ਜਾਵੇਗਾ। ਰੈਲੀ ਦੌਰਾਨ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਪਰਮਿੰਦਰ ਸਿੰਘ ਘੁਮਾਣ ਅਤੇ ਹਰਪ੍ਰੀਤ ਸਿੰਘ ਜਨਰਲ ਸਕੱਤਰ, ਅਨਿਲ ਐਰੀ ਮੀਤ ਪ੍ਰਧਾਨ, ਏਕਮਉਕਾਰ ਸਿੰਘ ਮੀਤ ਪ੍ਰਧਾਨ, ਸਿਕੰਦਰ ਸਿੰਘ ਮੀਤ ਪ੍ਰਧਾਨ, , ਪਰਮਵੀਰ ਸਿੰਘ ਪੰਮੀ ਮੀਤ ਪ੍ਰਧਾਨ, ਅਮਰਦੀਪ ਸਿੰਘ ਤੇ ਪ੍ਰਦੀਪ ਮਲੂਕਾ ਕਾਨੂਨੀ ਸਲਾਹਕਾਰ, ਗੁਰਦੀਪ ਸਿੰਘ ਬੈਂਸ ਜੁਇੰਟ ਸਕੱਤਰ , ਗੁਰਪ੍ਰੀਤ ਸਿੰਘ ਟੌਹੜਾ ਪ੍ਰਮੁੱਖ ਸਲਾਹਕਾਰ, ਹਰਜੀਤ ਸਿੰਘ ਵਿੱਤ ਸਕੱਤਰ,ਪਰਮਜੀਤ ਸਿੰਘ ਵਿੱਤ ਸਕੱਤਰ ,ਹਰਮਿੰਦਰ ਸਿੰਘ ਸੰਧੂ ਪ੍ਰੈਸ ਸਕੱਤਰ, ਹਰਜਿੰਦਰ ਮਹਿਸਮਪੁਰ ਪ੍ਰੈਸ ਸਕੱਤਰ, ਕੁਨਾਲ ਕਪੂਰ,ਜਗਤਾਰ ਸਿੰਘ, ਅਮਰਜੀਤ ਸਿੰਘ, ਅਮਨਜੋਤੀ, ਰਾਜਵਿੰਦਰ ਲਾਖਾ, ਮੈਡਮ ਰਾਖੀ ਮੰਨਨ, ਮੈਡਮ ਰਾਜਵੰਤ ਕੌਰ, ਅਮਰਜੀਤ ਸਿੰਘ ਕਪੂਰਥਲਾ, ਰੋਬਿਨ ਮਲੇਰਕੋਟਲਾ,ਪ੍ਰਦੀਪ ਕੁਮਾਰ ਬਰਨਾਲਾ, ਰਮਨ ਕੁਮਾਰ ਕਪੂਰਥਲਾ ,ਹਰਜਿੰਦਰ ਸਿੰਘ ਨਵਾਂ ਸ਼ਹਿਰ ਆਗੂ ਸ਼ਾਮਿਲ ਰਹਿਣਗੇ ।

# 'ਤੀਆਂ ਦਾ ਤਿਉਹਾਰ' ਮਨਾਇਆ



**ਫਿਲੌਰ (ਨਿਰਮਲ)**-ਸ.ਸ.ਸ.ਸ. ਪ੍ਰਤਾਬਪੁਰਾ (ਫਿਲੌਰ) ਵਿਖੇ ਪ੍ਰਿੰਸੀਪਲ ਆਤਮਾ ਰਾਮ ਦੀ ਅਗਵਾਈ ਹੇਠ "ਤੀਆਂ ਦਾ ਤਿਉਹਾਰ" ਮਨਾਇਆ ਗਿਆ। ਇਸ ਵਿੱਚ ਵਿਦਿਆਰਥਣਾਂ ਵੱਲੋਂ ਵੱਖ- ਵੱਖ ਸੱਭਿਆਚਾਰਕ ਗੀਤਾਂ 'ਤੇ ਪੇਸ਼ਕਾਰੀ ਕੀਤੀ ਗਈ। ਕੁਝ ਵਿਦਿਆਰਥਣਾਂ ਦੁਆਰਾ ਸੱਭਿਆਚਾਰਕ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆ ਗਈਆਂ। ਮੁੱਖ ਮਹਿਮਾਨ ਕੰਵਲਜੋਤ ਕੌਰ ਨੇ ਤੀਆਂ ਦੀ ਮਹੱਤਤਾ ਬਾਰੇ ਬੱਚਿਆ ਨਾਲ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹਰੀਸ਼ ਕੁਮਾਰ, ਰਾਜ ਕੁਮਾਰ, ਕਮਲਜੀਤ ਸਿੰਘ, ਪ੍ਰੇਮ ਪਾਲ, ਬਹਾਦਰ ਸਿੰਘ, ਹਰਜਿੰਦਰ ਪਾਲ, ਹਰਭਜਨ ਸਿੰਘ, ਸਤਿੰਦਰ ਬੀਰ ਕੌਰ, ਕਾਂਤੀ ਰਾਣੀ, ਮੋਨਿਕਾ, ਜਸਪਾਲ ਕੌਰ, ਮਨਜੀਤ ਕੌਰ,ਜਸਪ੍ਰੀਤ ਕੌਰ,ਮਿਸ ਅਨੂ, ਮਮਤਾ ਰਾਣੀ ਅਤੇ ਜਿੰਦਰ ਸਿੰਘ ਸੇਵਾਦਾਰ ਹਾਜ਼ਰ ਸਨ।

# ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਯਾਦ ਪੱਤਰ ਲਿਖ ਕੇ ਕੀਤੀ ਮੰਗ



**ਸੰਗਰੂਰ (ਪੱਤਰ ਪ੍ਰੇਰਕ)**
ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕਤਰ ਸੁਰਿੰਦਰ ਕੁਮਾਰ ਪੁਆਰੀ ਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਂਅ ਈਮੇਲ ਅਤੇ ਇੱਕ ਯਾਦ ਪੱਤਰ ਭੇਜ ਕੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਕਿ ਕੇਂਦਰ ਸਰਕਾਰ ਵੱਲੋਂ 3 ਅਕਤੂਬਰ 2022 ਨੂੰ ਜਾਰੀ ਕੀਤੇ ਗਏ ਪੱਤਰ ਅਨੁਸਾਰ 1 ਜੁਲਾਈ 2022 ਤੋਂ 34 ਫ਼ੀਸਦੀ ਤੋਂ 38 ਫ਼ੀਸਦੀ ਤੇ 3 ਅਪ੍ਰੈਲ 2023 ਦੇ ਪੱਤਰ ਰਾਹੀਂ 1 ਜਨਵਰੀ 2023 ਤੋਂ 38 ਫੀਸਦੀ ਤੋਂ 42 ਫ਼ੀਸਦੀ ਡੀ ਏ ਦੀਆਂ ਕਿਸ਼ਤਾਂ ਆਪਣੇ ਅਧੀਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਦੇ ਦਿੱਤੀਆਂ ਗਈਆਂ ਸਨ। ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਦੇ ਸਮੂਹ ਮੁਲਾਜ਼ਮ ਤੇ ਪੈਨਸ਼ਨਰ ਇਸ ਸਮੇਂ ਕੇਂਦਰ ਸਰਕਾਰ ਤੇ ਬਹੁਤ ਸਾਰੇ ਰਾਜਾਂ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲੋਂ 8% ਡੀ ਏ ਘੱਟ ਪ੍ਰਾਪਤ ਕਰ ਰਹੇ ਹਨ, ਜਿਸ ਕਾਰਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਦਿਨੋ ਦਿਨ ਪੰਜਾਬ ਸਰਕਾਰ ਦੇ ਇਸ ਵਤੀਰੇ ਦੇ ਖਿਲਾਫ਼ ਸੰਘਰਸ਼ਾਂ ਦੀ ਰੂਪ ਰੇਖਾ ਤਿੱਖੀ ਵੀ ਹੋ ਰਹੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਇਹ ਮੰਗ ਵੀ ਕੀਤੀ ਹੈ ਕਿ ਪੰਜਾਬ ਦੇ ਸਮੂਹ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਕੇਂਦਰੀ ਪੈਟਰਨ ਅਨੁਸਾਰ 28 ਫੀਸਦੀ ਤੋਂ 34 ਫੀਸਦੀ ਡੀ ਏ ਦਾ ਪਿਛਲਾ ਰਹਿੰਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ ਤੇ ਕੇਂਦਰੀ ਪੈਟਰਨ ਅਨੁਸਾਰ 34 ਫੀਸਦੀ ਤੋਂ 42 ਫੀਸਦੀ ਡੀ ਏ ਦੇਣ ਸਬੰਧੀ ਪੱਤਰ ਤੁਰੰਤ ਜਾਰੀ ਕੀਤੇ ਜਾਣ, ਕਿਉਂਕਿ ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਸਰਪ੍ਰਸਤ ਚਰਨ ਸਿੰਘ ਸਰਾਭਾ, ਚੇਅਰਮੈਨ ਰਣਬੀਰ ਸਿੰਘ ਢਿੱਲੋਂ, ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਗੁਰਮੇਲ ਸਿੰਘ ਮੈਲਡੇ, ਗੁਰਜੀਤ ਸਿੰਘ ਘੋੜੇਵਾਹ, ਪ੍ਰੈਸ ਸਕੱਤਰ ਪ੍ਰਭਜੀਤ ਸਿੰਘ ਉੱਪਲ ਅਤੇ ਟਹਿਲ ਸਿੰਘ ਸਰਾਭਾ ਵੀ ਹਾਜ਼ਰ ਸਨ।

# ਪੱਤਰਕਾਰ ਦੇ ਘਰੋਂ 2 ਲੱਖ ਨਕਦੀ ਤੇ ਸੋਨੇ ਦੀ ਅੰਗੂਠੀ ਚੋਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੀ ਗੁਰੋਂ ਕਾਲੋਨੀ ਦੇ ਵਸਨੀਕ ਸੀਨੀਅਰ ਪੱਤਰਕਾਰ ਮਨੋਜ ਕੁਮਾਰ ਦੇ ਘਰ ਨੂੰ ਚੋਰਾਂ ਨੇ ਨਿਸ਼ਾਨਾ ਬਣਾਉਂਦਿਆਂ 2 ਲੱਖ ਰੁਪਏ ਨਕਦ ਤੇ ਇੱਕ ਸੋਨੇ ਦੀ ਅੰਗੂਠੀ ਉਡਾ ਕੇ ਲੈ ਗਏ। ਪੱਤਰਕਾਰ ਮਨੋਜ ਕੁਮਾਰ ਨੇ ਦੱਸਿਆ ਕਿ ਉਹ ਦੋ ਦਿਨ ਪਹਿਲਾਂ ਪਰਿਵਾਰ ਸਮੇਤ ਸਹੁਰੇ ਘਰ ਗਿਆ ਹੋਇਆ ਸੀ ਤੇ ਪਿੱਛੋਂ ਆਪਣੀ ਕੋਠੀ ਨੂੰ ਤਾਲ਼ਾ ਲਗਾ ਗਿਆ। ਸੋਮਵਾਰ ਸਵੇਰੇ 8 ਵਜੇ ਜਦੋਂ ਘਰ ਵਾਪਸ ਆਇਆ ਤਾਂ ਮੇਨ ਗੇਟ ਦਾ ਤਾਲ਼ਾ ਖੋਲ੍ਹਣ ਉਪਰੰਤ ਅੰਦਰ ਦੇਖਿਆ ਕਿ ਕੋਠੀ ਦਾ ਦਰਵਾਜ਼ਾ ਖੁੱਲ੍ਹਾ ਸੀ ਤੇ ਉਸ ਦਾ ਤਾਲ਼ਾ ਤੋੜਿਆ ਹੋਇਆ ਸੀ। ਘਰ ਅੰਦਰ ਚੋਰਾਂ ਨੇ ਉਸ ਦੀ ਮਾਤਾ ਤੇ ਉਸ ਦੇ ਕਮਰੇ ਵਿੱਚ ਪਈਆਂ ਅਲਮਾਰੀਆਂ ਦੀ ਪੂਰੀ ਤਰ੍ਹਾਂ ਫਰੋਲਾ-ਫਰਾਲੀ ਕੀਤੀ ਹੋਈ ਸੀ। ਚੋਰ ਇਨ੍ਹਾਂ ਅਲਮਾਰੀਆਂ 'ਚੋਂ 2 ਲੱਖ ਰੁਪਏ ਨਕਦ ਤੇ ਇੱਕ ਸੋਨੇ ਦੀ ਅੰਗੂਠੀ ਚੋਰੀ ਕਰਕੇ ਲੈ ਗਏ। ਚੋਰਾਂ ਨੇ ਉਸ ਦੇ ਕਮਰੇ ਵਿੱਚ ਪਈ ਗੋਲਕ ਨੂੰ ਭੰਨ ਕੇ ਉਸ ਵਿੱਚ ਪਈ ਰਾਸ਼ੀ ਵੀ ਉਡਾ ਲਈ। ਪੱਤਰਕਾਰ ਮਨੋਜ ਕੁਮਾਰ ਨੇ ਦੱਸਿਆ ਕਿ ਚੋਰਾਂ ਨੇ ਉਸ ਦੇ ਘਰ 'ਚੋਂ 2 ਲੱਖ ਰੁਪਏ ਨਕਦ ਤੇ ਸੋਨੇ ਦੀ ਅੰਗੂਠੀ ਤਾਂ ਚੋਰੀ ਕਰ ਲਏ, ਪਰ ਨਾਲ ਹੀ ਉਸ ਦੀ ਅਲਮਾਰੀ ਵਿੱਚ ਪਿਆ 1.50 ਲੱਖ ਰੁਪਏ ਚੋਰਾਂ ਦੀਆਂ ਨਜ਼ਰਾਂ ਤੋਂ ਬਚ ਗਿਆ। ਘਟਨਾ ਸੰਬੰਧੀ ਮਾਛੀਵਾੜਾ ਥਾਣਾ ਨੂੰ ਸੂਚਿਤ ਕੀਤਾ ਗਿਆ ਤੇ ਮੌਕੇ 'ਤੇ ਪੁੱਜ ਕੇ ਡੀ ਐੱਸ ਪੀ ਮਨਦੀਪ ਕੌਰ ਨੇ ਘਟਨਾ ਦਾ ਜਾਇਜ਼ਾ ਲਿਆ। ਪੁਲਸ ਵੱਲੋਂ ਗੁਰੋਂ ਕਾਲੋਨੀ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਪੱਤਰਕਾਰ ਮਨੋਜ ਕੁਮਾਰ ਦੀ ਸ਼ਿਕਾਇਤ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



ਜਾਣਕਾਰੀ ਦਿੰਦੇ ਪੱਤਰਕਾਰ ਮਨੋਜ ਕੁਮਾਰ।

# ਆਜ਼ਾਦੀ ਦਿਵਸ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਪੰਜਾਬ ਸਰਕਾਰ : ਕੋਕਰੀ



**ਮੋਗਾ (ਅਮਰਜੀਤ ਬੱਬਰੀ)**
ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਡਿੰਪਲ ਰੁਹੇਲਾ, ਕੰਵਲਜੀਤ ਸਿੰਘ ਰੋਪੜ, ਦਰਸੀ ਕਾਂਤ ਰਾਜਪੁਰਾ, ਜਸਵੀਰ ਕੌਰ ਮਾਹੀ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਿਸ ਤਰ੍ਹਾਂ ਭਾਰਤ ਲੰਬੀ ਗੁਲਾਮੀ ਤੋਂ ਬਾਅਦ 15 ਅਗਸਤ 1947 ਨੂੰ ਆਜ਼ਾਦ ਹੋਇਆ, ਉਸ ਤਰ੍ਹਾਂ ਜਨਵਰੀ 2004 ਤੋਂ ਬਾਅਦ ਭਰਤੀ ਹੋਏ ਸਮੂਹ ਮੁਲਾਜ਼ਮਾਂ ਉੱਤੇ ਆਜ਼ਾਦੀ ਦਿਵਸ ਮੌਕੇ ਪੁਰਾਣੀ ਪੈਨਸ਼ਨ ਲਾਗੂ ਕਰਕੇ ਐੱਨ.ਪੀ.ਐੱਸ. ਤੋਂ ਆਜ਼ਾਦੀ ਦਿੱਤੀ ਜਾਵੇ।

ਇਸ ਸਮੇਂ ਆਗੂਆਂ ਨੇ ਦੱਸਿਆ ਕਿ ਮੋਰਚੇ ਦੇ ਸੂਬਾਈ ਸਮੂਹਕ ਵਫਦ ਵੱਲੋਂ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨਾਲ ਪੰਜਾਬ ਸਕੱਤਰ ਚੰਡੀਗੜ੍ਹ ਵਿਖੇ 25 ਜੁਲਾਈ ਨੂੰ ਪੈਨਲ ਮੀਟਿੰਗ ਕੀਤੀ ਗਈ, ਜਿਸ ਵਿੱਚ 1 ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਆਗੂਆਂ ਵੱਲੋਂ ਤੱਥਾਂ ਤੇ ਦਸਤਾਵੇਜ਼ਾਂ 'ਤੇ ਅਧਾਰਤ ਗੱਲ ਕੀਤੀ ਗਈ। ਆਗੂਆਂ ਵੱਲੋਂ ਜ਼ੋਰ ਦੇ ਕੇ ਕਿਹਾ ਗਿਆ ਕਿ ਜਦੋਂ ਵੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੰਦੀ ਹੈ ਤਾਂ ਪੰਜਾਬ ਦੇ ਮੁਲਾਜ਼ਮਾਂ ਦਾ ਜੀ ਪੀ ਐੱਫ ਲਗਪਗ 180 ਕਰੋੜ ਰੁਪਏ ਮਹੀਨਾ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਆਵੇਗਾ ਤੇ ਪੰਜਾਬ ਸਰਕਾਰ ਦਾ ਐੱਨ ਪੀ ਐੱਸ ਦਾ ਸ਼ੇਅਰ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਹੀ ਰਹੇਗਾ, ਜਿਸ ਨਾਲ ਸਾਨੂੰ ਲਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ, ਜਿਸ ਨਾਲ ਪੰਜਾਬ ਸਰਕਾਰ ਦੇ ਆਰਥਿਕ ਬਜਟ ਨੂੰ ਵੱਡਾ ਬਲ ਮਿਲੇਗਾ। ਮੋਰਚੇ ਵੱਲੋਂ ਰੱਖੇ ਗਏ ਤੱਥਾਂ ਭਰਭੂਰ ਪੱਤਰਾਂ ਅਤੇ ਵੇਰਵਾ ਉਤੇ ਵਿੱਤ ਮੰਤਰੀ ਵੱਲੋਂ ਹਾਂ-ਪੱਖੀ ਹੁੰਗਾਰਾ ਭਰਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ 100% ਲਾਗੂ ਕਰਨੀ ਹੈ। ਆਗੂਆਂ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਹਾਲੇ ਤੱਕ ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਦੇ ਜੀ ਪੀ ਐੱਫ ਖਾਤੇ ਖੋਲ੍ਹਣ ਦੀ ਕੋਈ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ ਤੇ ਮੁਲਾਜ਼ਮਾਂ ਦਾ ਐੱਨ ਪੀ ਐੱਸ ਪਹਿਲਾਂ ਦੀ ਤਰ੍ਹਾਂ ਹੀ ਕੱਟਿਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਦੇ ਮੁਲਾਜ਼ਮ ਨਿਰਾਸ਼ਾ 'ਚ ਚੱਲ ਰਹੇ ਹਨ। ਆਗੂਆਂ ਨੇ ਵਿੱਤ ਮੰਤਰੀ ਪੰਜਾਬ ਤੇ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਮੁਲਾਜ਼ਮਾਂ ਦੇ ਜੀ ਪੀ ਐੱਫ ਖਾਤੇ ਖੋਲ੍ਹ ਕੇ ਕਟੌਤੀ ਕਰਨੀ ਸ਼ੁਰੂ ਕੀਤੀ ਜਾਵੇ ਤੇ ਐੱਨ ਪੀ ਐੱਸ ਦੀ ਕਟੌਤੀ ਬਿਲਕੁਲ ਬੰਦ ਕਰ ਦਿੱਤੀ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ 1972 ਦੇ ਪੈਨਸ਼ਨ ਰੂਲਾਂ ਅਨੁਸਾਰ ਇੰਨ ਬਿੰਨ ਲਾਗੂ ਕਰਨ ਦੀ ਪ੍ਰਕਿਰਿਆ ਜਲਦੀ ਪੂਰੀ ਨਾ ਕੀਤੀ ਤਾਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਇਸ ਲਈ ਲਗਾਤਾਰ ਤਿੱਖਾ ਸੰਘਰਸ਼ ਕਰੇਗਾ। ਇਸ ਤੋਂ ਇਲਾਵਾ ਮੋਰਚੇ ਵੱਲੋਂ 15 ਅਗਸਤ ਨੂੰ ਵੱਖ ਵੱਖ ਸਥਾਨਾਂ 'ਤੇ ਰਾਸ਼ਟਰੀ ਝੰਡਾ ਲਹਿਰਾਉਣ ਸਮੇਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ।

## ਕਾਤਰਾਂ

### ਛੱਪੜ 'ਚੋਂ ਮਿਲੀ ਲਾਪਤਾ ਬਜ਼ੁਰਗ ਦੀ ਲਾਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਰੀਬ ਦੋ ਦਿਨ ਪਹਿਲਾਂ ਲਾਪਤਾ ਹੋਏ 95 ਸਾਲਾ ਬਜ਼ੁਰਗ ਦੀ ਲਾਸ਼ ਪਿੰਡ ਭੈਣੀ ਖੁਰਦ ਦੇ ਛੱਪੜ 'ਚੋਂ ਮਿਲਣ ਦਾ ਸਮਾਚਾਰ ਹੈ। ਮ੍ਰਿਤਕ ਦੀ ਪਹਿਚਾਣ ਪਿੰਡ ਭੈਣੀ ਕਲਾਂ ਦੇ ਸੰਤ ਸਿੰਘ (95) ਵਜੋਂ ਹੋਈ ਹੈ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਬਡਾਲੀ ਆਲਾ ਸਿੰਘ ਦੇ ਸਹਾਇਕ ਥਾਣੇਦਾਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਕਰਮਜੀਤ ਸਿੰਘ ਵਾਸੀ ਪਿੰਡ ਭੈਣੀ ਕਲਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਪਿਤਾ ਸੰਤ ਸਿੰਘ ਦੀ ਉਮਰ 95 ਸਾਲ ਦੇ ਕਰੀਬ ਸੀ, ਜਿਨ੍ਹਾਂ ਦੀ ਅੱਖਾਂ ਦੀ ਨਜ਼ਰ ਕਾਫੀ ਕਮਜ਼ੋਰ ਸੀ, ਜੋ ਬੀਤੀ 5 ਅਗਸਤ ਦੀ ਰਾਤ ਨੂੰ ਕਰੀਬ 10 ਵਜੇ ਘਰੋਂ ਬਾਹਰ ਨਿਕਲੇ ਤੇ ਲਾਪਤਾ ਹੋ ਗਏ, ਜਿਨ੍ਹਾਂ ਦੀ ਭਾਲ ਕਰਦੇ ਹੋਏ ਅੱਜ ਉਹ ਤੇ ਉਸ ਦਾ ਭਰਾ ਅਵਤਾਰ ਸਿੰਘ ਪਿੰਡ ਵਾਸੀਆਂ ਨਾਲ ਜਦੋਂ ਪਿੰਡ ਭੈਣੀ ਖੁਰਦ ਦੇ ਛੱਪੜ ਕੋਲ ਪਹੁੰਚੇ ਤਾਂ ਛੱਪੜ ਦੇ ਪਾਣੀ 'ਚ ਉਸ ਦੇ ਪਿਤਾ ਸੰਤ ਸਿੰਘ ਦੀ ਲਾਸ਼ ਤੈਰਦੀ ਹੋਈ ਮਿਲੀ, ਜਿਸ ਨੂੰ ਬਾਹਰ ਕੱਢ ਕੇ ਹਸਪਤਾਲ ਪਹੁੰਚਾਉਣ 'ਤੇ ਡਾਕਟਰਾਂ ਵੱਲੋਂ ਉਨ੍ਹਾ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਸਹਾਇਕ ਥਾਣੇਦਾਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਵਾਰਿਸਾਂ ਦੇ ਬਿਆਨਾਂ 'ਤੇ ਮਾਮਲੇ 'ਚ ਅ/ਧ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਕਰਕੇ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

### ਐੱਚ ਬੀ, ਬਲੱਡ ਸ਼ੂਗਰ, ਬਲੱਡ ਗਰੁੱਪ ਚੈੱਕਅੱਪ ਕੈਂਪ

**ਜਲਾਲਾਬਾਦ (ਜੀਤ ਕੁਮਾਰ)**-ਸਮਾਜ ਸੇਵੀ ਸੰਸਥਾ ਸ਼੍ਰੀਮਤੀ ਸੁਵਰਸ਼ਾ ਮੁਟਨੇਜਾ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਸਥਾਨਕ ਸ਼੍ਰੀ ਕ੍ਰਿਸ਼ਨਾ ਮੰਦਰ ਵਿਖੇ ਐੱਚ. ਬੀ., ਬਲੱਡ ਸ਼ੂਗਰ, ਬਲੱਡ ਗਰੁੱਪ ਦਾ ਮੁਫਤ ਕੈਂਪ ਪ੍ਰਧਾਨ ਰਾਜੇਸ਼ ਛਾਬੜਾ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ, ਜਿਸ ਵਿੱਚ ਰਮਨ ਕੁਮਾਰ ਬਿੱਟੂ ਨੇ ਕੈਂਪ 'ਚ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਮੌਕੇ ਪ੍ਰਧਾਨ ਰਾਜੇਸ਼ ਛਾਬੜਾ, ਜਸ ਰਾਜ ਭਠੇਜਾ, ਡਾ. ਤਿਲਕ ਰਾਜ ਕੁਮਾਰ, ਬ੍ਰਿਜ ਬਜਾਜ, ਮਦਨ ਲਾਲ ਗੂੰਬਰ, ਰਮੇਸ਼ ਵਧਵਾ, ਸੁਭਾਸ਼ ਕੁਮਾਰ, ਪਵਨ ਸ਼ੁਕਲਾ ਪੁਜਾਰੀ ਸ਼੍ਰੀ ਕ੍ਰਿਸ਼ਨਾ ਮੰਦਰ, ਰਾਜ ਸਿਡਾਨਾ, ਪ੍ਰਤੀਕ ਮੁਟਨੇਜਾ ਆਦਿ ਹਾਜ਼ਰ ਸਨ।

### 'ਫਸਟ ਚੁਆਇਸ' ਦੀ ਵਿਦਿਆਰਥਣ ਨੇ ਪ੍ਰਾਪਤ ਕੀਤੇ 6.5 ਬੈਂਡ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਲਾਕੇ ਦੀ ਨਾਮਵਰ ਸੰਸਥਾ ਫਸਟ ਚੁਆਇਸ ਇਮੀਗ੍ਰੇਸ਼ਨ ਤੇ ਆਈਲਟਸ ਇੰਸਟੀਚਿਊਟ ਮਹਿਲ ਕਲਾਂ (ਬਰਨਾਲਾ) ਦੀ ਵਿਦਿਆਰਥਣ ਰੋਹਿਨੀ ਵਾਸੀ ਮਹਿਲ ਕਲਾਂ ਨੇ ਸਿਰਫ ਕੁਝ ਮਹੀਨੇ ਦੀ ਕੋਚਿੰਗ ਲੈਣ ਤੋਂ ਬਾਅਦ 6.5 ਬੈਂਡ ਸਕੋਰ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ। ਇਸ ਮੌਕੇ ਵਿਦਿਆਰਥਣ ਰੋਹਿਨੀ ਨੇ ਬੜੇ ਹੀ ਖੁਸ਼ੀ ਭਰੇ ਲਹਿਜੇ ਵਿੱਚ ਕਿਹਾ ਕਿ ਮੇਰੇ ਵਧੀਆ ਸਕੋਰ ਪ੍ਰਾਪਤ ਕਰਨ ਵਿੱਚ ਇਸ ਸੰਸਥਾ ਦੇ ਮਿਹਨਤੀ ਸਟਾਫ਼ ਦਾ ਬੜਾ ਵੱਡਾ ਹੱਥ ਹੈ। ਸੰਸਥਾ ਦੇ ਡਾਇਰੈਕਟਰ ਜਗਜੀਤ ਸਿੰਘ ਮਾਹਲ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਕੋਚਿੰਗ ਤੇ ਆਪਣੀ ਫਾਈਲ ਪ੍ਰੋਸੈਸਿੰਗ ਹਮੇਸ਼ਾ ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਹੀ ਕਰਵਾਉਣੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਟਾਫ ਮੈਂਬਰ ਮੈਡਮ ਲਵਲੀਨ ਕੌਸ਼ਿਕ, ਲਵਪ੍ਰੀਤ ਕੌਰ, ਪਰਦੀਪ ਕੌਰ, ਹਰਪ੍ਰੀਤ ਕੌਰ ਮੂੰਮ, ਜਸਨਪ੍ਰੀਤ ਕੌਰ, ਹਰਪ੍ਰੀਤ ਕੌਰ ਕਲਾਲ ਮਾਜਰਾ, ਪਵਨਪ੍ਰੀਤ ਸਿੰਘ, ਸੁਖਪ੍ਰੀਤ ਕੌਰ ਤੇ ਰਾਣੀ ਕੌਰ ਆਦਿ ਹਾਜ਼ਰ ਸਨ।

### ਰੋਜ਼ਗਾਰ ਮੇਲਾ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਡਲ ਕੈਰੀਅਰ ਸੈਂਟਰ/ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 10 ਅਗਸਤ (ਵੀਰਵਾਰ) ਨੂੰ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ।ਇਹ ਜਾਣਕਾਰੀ ਗੁਰਜੰਟ ਸਿੰਘ ਪਲੇਸਮੈਂਟ ਅਫਸਰ ਮਾਡਲ ਕੈਰੀਅਰ ਸੈਂਟਰ/ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨੇ ਦਿੱਤੀ।ਉਨ੍ਹਾ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਅਨਿਲ ਬਾਗੀ ਹੈਲਥ ਕੇਅਰ ਪ੍ਰਾਇਵੇਟ ਲਿਮਟਡ ਹਸਪਤਾਲ ਵੱਲੋਂ ਇਲੈਕਟ੍ਰੀਸ਼ੀਅਨ, ਆਪ੍ਰੇਸ਼ਨ ਥਿਏਟਰ ਟੈਕਨੀਸ਼ੀਅਨ ਤੇ ਫਰੰਟ ਆਫ਼ਿਸ ਐਗਜ਼ੀਕਿਊਟਿਵ ਲਈ ਇੰਟਰਵਿਊ ਕੀਤੀ ਜਾਵੇਗੀ ਤੇ ਕੈਂਪ ਵਿੱਚ ਆਈਟੀਆਈ ਇਲੈਕਟ੍ਰੀਸ਼ੀਅਨ/ਡਿਪਲੋਮਾ, ਬੀਐੱਸਸੀ (ਓਟੀ)/ਗ੍ਰੈਜੂਏਸ਼ਨ ਪਾਸ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ ਤੇ ਇੰਟਰਵਿਊ ਲਈ ਉਮਰ ਘੱਟੋ-ਘੱਟ 18 ਸਾਲ ਹੋਣੀ ਜ਼ਰੂਰੀ ਹੈ।

# ਨਸ਼ਿਆਂ ਦੇ ਵਿਰੋਧ 'ਚ ਭਾਕਿਯੂ (ਏਕਤਾ) ਡਕੌਂਦਾ ਵੱਲੋਂ ਗੁੜੱਦੀ 'ਚ ਰੈਲੀ



**ਮਾਨਸਾ/ਬੁਢਲਾਡਾ (ਪਮਾਰ/ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ "ਕਿਸਾਨੀ ਬਚਾਓ, ਜਵਾਨੀ ਬਚਾਓ" ਮੁਹਿੰਮ ਤਹਿਤ ਬੁਢਲਾਡਾ ਬਲਾਕ ਦੇ ਪਿੰਡ ਗੜੱਦੀ 'ਚ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਸੱਤਪਾਲ ਸਿੰਘ ਵਰ੍ਹੇ ਨੇ ਕਿਹਾ ਕਿ ਆਜ਼ਾਦੀ ਤੋਂ ਲੈ ਕੇ ਸੱਤਾਧਾਰੀ ਸਰਕਾਰਾਂ ਵੱਲੋਂ ਲੋਕਾਂ ਨੂੰ ਗੁਲਾਮ ਬਣਾਉਣ ਦੀ ਪ੍ਰਥਾ ਚੱਲ ਰਹੀ ਹੈ। ਲੋਕਾਂ ਨੂੰ ਬਦਲਾਓ ਦੇ ਵਾਅਦੇ ਕਰਕੇ ਲੁਭਾਇਆ ਜਾ ਰਿਹਾ ਹੈ, ਪਰ ਸੱਤਾ 'ਚ ਆਉਣ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਹੋਣੀ 'ਤੇ ਹੀ ਛੱਡ ਦਿੱਤਾ ਜਾਂਦਾ ਰਿਹਾ ਹੈ। ਭਗਵੰਤ ਮਾਨ ਸਰਕਾਰ ਵੱਲੋਂ ਵੀ ਨਸ਼ੇ ਨੂੰ ਠੱਲ੍ਹ ਪਾਉਣ ਤੇ ਰੋਜ਼ਗਾਰ ਦੇਣ ਦਾ ਵਾਅਦਾ ਕਰਕੇ ਲੋਕਾਂ ਨਾਲ ਧੋਖਾ ਕਮਾਇਆ ਗਿਆ ਹੈ, ਕਿਉਂਕਿ ਇੱਕ ਪਾਸੇ ਲੋਕ ਆਪਣੀਆਂ ਫਸਲਾਂ ਤੇ ਨਸਲਾਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ, ਪਰ ਮਾਨ ਸਰਕਾਰ ਵੱਲੋਂ ਕੋਈ ਵੀ ਕਾਰਵਾਈ ਨਾ ਕਰਕੇ ਨਸ਼ੇ ਦੇ ਸੌਦਾਗਰਾਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਹਿਤੈਸ਼ੀ ਸਰਕਾਰ ਵੱਲੋਂ ਅੱਜ ਖੇਤੀਬਾੜੀ, ਸਿੱਖਿਆ, ਸਿਹਤ ਤੇ ਰੁਜ਼ਗਾਰ ਨੂੰ ਕਾਰਪੋਰੇਟਾਂ ਹਵਾਲੇ ਕਰਕੇ ਸੂਬੇ ਨੂੰ ਖਤਰਨਾਕ ਸਥਿਤੀ ਵੱਲ ਧੱਕਿਆ ਜਾ ਰਿਹਾ ਹੈ, ਜਿਸ ਦੀ ਤਾਜ਼ਾ ਉਦਾਹਰਨ ਖੇਤੀ ਨੀਤੀ ਦੇ ਅਧਿਕਾਰ ਇੱਕ ਸਾਮਰਾਜੀ ਮੁਲਕ ਅਮਰੀਕਾ ਦੀ ਇੱਕ ਕੰਪਨੀ "ਬੋਸਟਨ ਕਨਸਲਟੈਂਟ ਕੰਪਨੀ" (ਬੀਸੀਸੀ) ਨੂੰ ਦੇਣ ਤੋਂ ਸਾਬਿਤ ਹੋ ਜਾਂਦਾ ਹੈ। ਉਨ੍ਹਾ ਇਕੱਤਰ ਹੋਏ ਲੋਕਾਂ ਨੂੰ ਧਰਮਾਂ, ਜਾਤਾਂ ਤੇ ਰੰਗ-ਰੂਪ ਤੋਂ ਉੱਪਰ ਉੱਠ ਕੇ ਸਮਾਜਿਕ ਮੁੱਦਿਆਂ ਉੱਤੇ ਇਕੱਠੇ ਹੋਣ ਦਾ ਹੋਕਾ ਦਿੱਤਾ। ਇਸ ਮੌਕੇ ਮੱਖਣ ਸਿੰਘ ਭੈਣੀ ਬਾਘਾ, ਲਖਵੀਰ ਸਿੰਘ ਅਕਲੀਆ, ਬਲਵਿੰਦਰ ਸ਼ਰਮਾ, ਕੁਲਵਿੰਦਰ ਸਿੰਘ, ਜਗਸੀਰ ਸਿੰਘ, ਦਵਿੰਦਰ ਸਿੰਘ, ਬਰਖਾ ਸਿੰਘ, ਮੇਜਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਲੋਕ ਸੇਵਾ ਸੁਸਾਇਟੀ ਦੀਆਂ ਮਹਿਲਾਵਾਂ ਨੇ ਤੀਜ ਦਾ ਤਿਉਹਾਰ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਜਗਰਾਓਂ ਦੀਆਂ ਮਹਿਲਾਵਾਂ ਵੱਲੋਂ ਸਾਉਣ ਮਹੀਨੇ ਦੀਆਂ ਤੀਆਂ ਤੀਜ ਦਾ ਤਿਉਹਾਰ ਮਨਾਇਆ ਗਿਆ। ਐੱਲ ਐੱਸ ਐੱਸ ਲੇਡੀਜ਼ ਮੈਂਬਰ ਮਧੂ ਗਰਗ, ਏਕਤਾ ਅਰੋੜਾ, ਆਰਤੀ ਅਰੋੜਾ, ਡਾ: ਅੰਜੂ ਗੋਇਲ, ਰੋਜ਼ੀ ਗੋਇਲ, ਪ੍ਰਵੀਨ ਗੁਪਤਾ, ਕਿਰਨ ਕੱਕੜ, ਊਸ਼ਾ ਗੁਪਤਾ, ਰਿਤੂ ਗੋਇਲ, ਸਮਿੰਦਰ ਕੌਰ ਢਿੱਲੋਂ, ਇੰਦਰਪ੍ਰੀਤ ਕੌਰ ਭੰਡਾਰੀ, ਨੀਨਾ ਮਿੱਤਲ, ਬਿੰਦੀਆ ਕਪੂਰ ਤੇ ਰੇਖਾ ਟੰਡਨ ਦੀ ਅਗਵਾਈ ਹੇਠ ਮਹਿਲਾਵਾਂ ਨੇ ਤੀਆਂ ਮਨਾਉਂਦਿਆਂ ਜਿੱਥੇ ਨੱਚ ਨੱਚ ਧਰਤੀ ਹਿਲਾਈ, ਉੱਥੇ ਵੱਖ ਵੱਖ ਮੁਕਾਬਲਿਆਂ 'ਚ ਭਾਗ ਲੈਂਦਿਆਂ ਕਈ ਟਾਈਟਲ ਇਨਾਮਾਂ 'ਤੇ ਕਬਜ਼ਾ ਵੀ ਕੀਤਾ। ਪੰਜਾਬੀ ਪਹਿਰਾਵੇ ਵਿੱਚ ਸਜ ਧਜ ਕੇ ਆਈਆਂ ਮਹਿਲਾਵਾਂ ਨੇ ਪੰਜਾਬੀ ਵਿਰਸੇ ਨਾਲ ਸਬੰਧਤ ਕਈ ਸੱਭਿਆਚਾਰਕ ਆਈਟਮ ਪੇਸ਼ ਕਰਕੇ ਆਪਣੀ ਕਲਾ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ। ਸਥਾਨਕ ਪਹਿਲਵਾਨ ਢਾਬਾ ਵਿਖੇ ਤੀਆਂ ਦੇ ਕਰਵਾਏ ਸਮਾਗਮ ਵਿੱਚ ਹੋਏ ਵੱਖ ਵੱਖ ਮੁਕਾਬਲਿਆਂ 'ਚੋਂ ਰੀਤੂ ਸ਼ਰਮਾ ਨੇ ਬੈੱਸਟ ਪੰਜਾਬੀ ਮੁਟਿਆਰ, ਫ਼ੈਸ਼ਨ ਕਵੀਨ ਤੇ ਆਤਮ ਵਿਸ਼ਵਾਸ ਰਾਣੀ ਦਾ ਖ਼ਿਤਾਬ ਪੂਜਾ ਜੈਨ, ਹਾਸਿਆਂ ਦੀ ਮਲਿਕਾ ਤੇ ਸੈਲਫੀ ਕਵੀਨ ਦਾ ਖ਼ਿਤਾਬ ਊਸ਼ਾ ਗੁਪਤਾ, ਸ਼ਾਹੀ ਮਜਾਜਣ ਦਾ ਖ਼ਿਤਾਬ ਅੰਜੂ ਗੋਇਲ, ਰੰਗਾਂ ਦੀ ਰਾਣੀ ਦਾ ਖ਼ਿਤਾਬ ਪਰਵੀਨ ਗੁਪਤਾ, ਐੱਲ ਐੱਸ ਐੱਸ ਪਰਿਵਾਰ ਦੀ ਰਾਣੀ ਦਾ ਖ਼ਿਤਾਬ ਹਿਨਾ ਗੋਇਲ, ਬੋਲੀਆਂ ਦੀ ਰਾਣੀ ਦਾ ਖ਼ਿਤਾਬ ਮਧੂ ਗਰਗ ਤੇ ਗਿੱਧਿਆਂ ਦੀ ਰਾਣੀ ਦਾ ਖ਼ਿਤਾਬ ਅੰਜੂ ਗੋਇਲ ਨੇ ਆਪਣੇ ਨਾਮ ਕੀਤਾ। ਇਸ ਮੌਕੇ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਤ ਕਰਦਿਆਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ, ਕੈਸ਼ੀਅਰ ਸੁਨੀਲ ਬਜਾਜ ਤੇ ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ ਨੇ ਮਹਿਲਾਵਾਂ ਨੂੰ ਤੀਆਂ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸਾਡੇ ਅਨਮੋਲ ਸੱਭਿਆਚਾਰ ਨਾਲ ਜੁੜੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੁਸਾਇਟੀ ਜਿੱਥੇ ਸਮਾਜ ਭਲਾਈ ਦੇ ਕੰਮਾਂ ਨਿਰਵਿਘਨ ਕਰ ਰਹੀ ਹੈ, ਉੱਥੇ ਸੁਸਾਇਟੀ ਦੇ ਪਰਿਵਾਰਾਂ ਦੇ ਮਨੋਰੰਜਨ ਲਈ ਸਮੇਂ ਸਮੇਂ ਸਮਾਗਮ ਕਰਵਾਉਂਦੀ ਰਹਿੰਦੀ ਹੈ। ਇਸ ਮੌਕੇ ਸੁਸਾਇਟੀ ਦੇ ਸਮੂਹ ਮੈਂਬਰ ਪਰਿਵਾਰ ਸਮੇਤ ਹਾਜ਼ਰ ਸਨ।

# ਟੱਚ ਸਕਾਈ ਇੰਸਟੀਚਿਊਟ ਦੇ ਵਿਦਿਆਰਥੀ ਨੂੰ ਓਵਰਆਲ 7.5 ਬੈਂਡ ਪ੍ਰਾਪਤ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੰਨੀ ਪ੍ਰਮੰਨੀ ਆਈਲੈਟਸ ਅਤੇ ਪੀ.ਟੀ.ਈ ਕੋਚਿੰਗ ਸੰਸਥਾ ਟੱਚ ਸਕਾਈ ਇੰਸਟੀਚਿਊਟ ਆਫ਼ ਇੰਗਲਿਸ਼ ਜੋ ਕਿ ਮੁੱਦਕੀ ਰੋਡ 'ਤੇ ਹੈ, ਨੇ ਇਸ ਵਾਰ ਵੀ ਬਹੁਤ ਸ਼ਾਨਦਾਰ ਨਤੀਜੇ ਦਿੱਤੇ, ਜਿਨ੍ਹਾਂ ਵਿਚ ਇਕ ਰਿਜ਼ਲਟ ਰਮਨੀਤ ਕੌਰ ਸਪੁੱਤਰੀ ਜਸਬੀਰ ਸਿੰਘ ਵਾਸੀ ਆਲਮਵਾਲਾ ਕਲਾਂ ਦਾ ਰਿਹਾ। ਵਿਦਿਆਰਥੀ ਨੇ ਓਵਰਆਲ ਬੈਂਡ ਸਕੋਰ 7.5, ਲਿਸਨਿੰਗ 'ਚੋਂ 8.5, ਰਾਈਡਿੰਗ 'ਚੋਂ 8.0, ਸਪੀਕਿੰਗ ਅਤੇ ਰਾਈਟਿੰਗ 'ਚੋਂ 6.5 ਬੈਂਡ ਪ੍ਰਾਪਤ ਕੀਤੇ। ਸੈਂਟਰ ਹੈਡ ਪੰਕਜ ਗੁਪਤਾ ਅਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਬੱਚੇ ਨੂੰ ਸਹੀ ਗਾਈਡ ਕੀਤਾ। ਵਿਦਿਆਰਥੀ ਨੇ ਸੈਂਟਰ 'ਚ ਮੌਜੂਦ ਸਟਾਫ਼ ਮੈਂਬਰਾਂ ਦੀ ਪ੍ਰਸ਼ੰਸਾ ਕਰਦੇ ਹੋਏ ਧੰਨਵਾਦ ਕੀਤਾ।



# ਸੀਨੀਅਰ ਸਿਟੀਜਨ ਵੈੱਲਫੇਅਰ ਸੁਸਾਇਟੀ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਜਲਾਲਾਬਾਦ ਦੀ ਮੀਟਿੰਗ ਪ੍ਰਧਾਨ ਕਵਿੰਦਰ ਭਠੇਜਾ ਦੀ ਪ੍ਰਧਾਨਗੀ ਹੇਠ ਸਥਾਨਕ ਆਰੀਆ ਸਮਾਜ ਮੰਦਰ ਵਿਖੇ ਹੋਈ, ਜਿਸ ਵਿੱਚ ਪ੍ਰਧਾਨ ਕਵਿੰਦਰ ਭਠੇਜਾ, ਡਾ. ਤਿਲਕ ਰਾਜ ਕੁਮਾਰ ਸਰਪ੍ਰਸਤ, ਦੇਵ ਰਾਜ ਸ਼ਰਮਾ ਜਨਰਲ ਸਕੱਤਰ, ਖਜ਼ਾਨਚੀ ਜਸ ਰਾਜ ਭਠੇਜਾ, ਖਰੈਤੀ ਲਾਲ ਮੋਂਗਾ, ਗਿਆਨ ਸਿੰਘ ਨਿੱਝਰ, ਉਮ ਪ੍ਰਕਾਸ਼ ਮੱਕੜ, ਜਸ ਰਾਜ ਕਾਠਪਾਲ, ਜੈ ਗੋਪਾਲ ਵਰਮਾ, ਹਰੀ ਚੰਦ ਧੋਪਲੀ, ਮਾ. ਹਰਕ੍ਰਿਸ਼ਨ ਮੁਟਨੇਜਾ, ਪ੍ਰੇਮ ਪ੍ਰਕਾਸ਼, ਰਮੇਸ਼ ਕੁਮਾਰ ਵਧਵਾ ਐਕਟਿੰਗ ਚੇਅਰਮੈਨ, ਸਤਨਾਮ ਮਹਿਰਮ, ਰਾਜ ਕੁਮਾਰ ਕੁਮਾਰ, ਸ਼ਗਨ ਲਾਲ ਡੂਮੜਾ, ਕ੍ਰਿਸ਼ਨ ਲਾਲ ਗਗਨੇਜਾ ਆਦਿ ਹਾਜ਼ਰ ਸਨ।

ਇਸ ਮੌਕੇ ਸਭ ਤੋਂ ਪਹਿਲਾਂ ਓਮ ਪ੍ਰਕਾਸ਼ ਮੱਕੜ, ਰਾਜੇਸ਼ ਛਾਬੜਾ ਤੇ ਕ੍ਰਿਸ਼ਨ ਲਾਲ ਗਗਨੇਜਾ ਦਾ ਜਨਮ ਦਿਨ ਇਸੇ ਮਹੀਨੇ ਹੋਣ ਕਾਰਨ ਕੇਕ ਕੱਟ ਕੇ ਮਨਾਇਆ ਗਿਆ ਤੇ ਇਨ੍ਹਾਂ ਸਿਟੀਜਨ ਸਾਥੀਆਂ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਗਈ। ਇਸ ਦੇ ਬਾਅਦ ਸੀਨੀਅਰ ਸਿਟੀਜਨ ਵੈੱਲਫੇਅਰ ਸੁਸਾਇਟੀ ਵੱਲੋਂ ਮਾਨਵਤਾ ਭਲਾਈ ਦੇ ਕੰਮਾਂ 'ਤੇ ਵਿਚਾਰ ਚਰਚਾ ਕੀਤੀ ਗਈ।

# ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਨੇ ਕਰਾਟੇ ਚੈਂਪੀਅਨਸ਼ਿਪ 'ਚ ਜਿੱਤੇ ਮੈਡਲ

**ਬਰੇਟਾ (ਰੀਤਵਾਲ)**-ਬੀਤੀ ਦਿਨੀਂ ਹਰਿਦੁਆਰ 'ਚ ਰਾਸ਼ਟਰੀ ਪੱਧਰ 'ਤੇ ਕਰਾਟੇ ਚੈਂਪੀਅਨਸ਼ਿਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਬਾਜ਼ੀ ਮਾਰੀ, ਜਿਸ ਵਿੱਚ ਜਗਦੀਪ ਸਿੰਘ, ਬਖ਼ਸ਼ਪ੍ਰੀਤ ਸਿੰਘ ਤੇ ਹਰਮਨ ਸਿੰਘ (ਗੋਲਡ ਮੈਡਲ), ਜਗਦੀਪ ਸਿੰਘ (ਸਿਲਵਰ ਮੈਡਲ) ਤੇ ਲਵਪ੍ਰੀਤ ਸਿੰਘ (ਬਰੋਨਜ਼ ਮੈਡਲ) ਜਿੱਤੇ। ਇਸ ਸੰਦਰਭ ਵਿੱਚ ਸਕੂਲ ਮੈਨੇਜਮੈਂਟ ਮੈਂਬਰ ਸ਼ੈਰਿਕ ਗਰਗ, ਮੋਨਿਕ ਗਰਗ (ਐੱਮ. ਡੀ) ਪ੍ਰਿੰਸੀਪਲ ਵਿਜੈ ਕੁਮਾਰ ਤੇ ਸਮੂਹ ਸਟਾਫ਼ ਨੇ ਬੱਚਿਆਂ ਤੇ ਉਨ੍ਹਾਂ ਦੇ ਕੋਚ ਅਕਾਸ਼ਦੀਪ ਸਿੰਘ ਦਾ ਰੇਲਵੇ ਸਟੇਸ਼ਨ ਅਤੇ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਗੱਲਬਾਤ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਵਿਜੈ ਕੁਮਾਰ ਨੇ ਦੱਸਿਆ ਕਿ ਬੱਚਿਆਂ ਦਾ ਇਹ ਪ੍ਰਦਰਸ਼ਨ ਸਕੂਲ ਹੀ ਨਹੀਂ, ਬਲਕਿ ਪੂਰੇ ਬਰੇਟਾ ਸ਼ਹਿਰ ਲਈ ਮਾਨ ਦੀ ਗੱਲ ਹੈ। ਇਸ ਮੌਕੇ ਉਨਾ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਕੂਲ ਸਟਾਫ਼ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜੇਕਰ ਬੱਚਿਆਂ ਨੂੰ ਖੇਡਾਂ ਲਈ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ ਤਾਂ ਸਕੂਲ ਉਨ੍ਹਾਂ ਦੇ ਨਾਲ ਜੁੜੇਗਾ।



# ਰਜਿੰਦਰ ਗੋਇਲ ਲਹਿਰਾਗਾਗਾ ਨਿਵਾਸੀ ਸਭਾ ਦੇ ਮੁੜ ਪ੍ਰਧਾਨ ਬਣੇ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਲਹਿਰਾ ਭਵਨ ਵਿਖੇ ਲਹਿਰਾਗਾਗਾ ਨਿਵਾਸੀ ਸਭਾ ਵੱਲੋਂ ਅਗਲੇ ਸਮੇਂ ਲਈ ਨਵੀਂ ਚੋਣ ਤੇ ਸਨਮਾਨ ਸਮਾਰੋਹ ਸਰਪ੍ਰਸਤ ਪ੍ਰੋ: ਸ਼ਾਮ ਲਾਲ ਸਿੰਗਲਾ, ਪ੍ਰਧਾਨ ਰਜਿੰਦਰ ਗੋਇਲ, ਜਨਰਲ ਸਕੱਤਰ ਰਵਿੰਦਰ ਨਾਥ ਸਿੰਗਲਾ, ਵਿੱਤ ਸਕੱਤਰ ਨਰਾਤਾ ਰਾਮ ਸਿੰਗਲਾ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਮੌਕੇ ਸ੍ਰੀ ਰਵਿੰਦਰਨਾਥ ਨੇ ਪਿਛਲੇ ਸਮੇਂ ਸਭਾ ਵੱਲੋਂ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੱਤੀ, ਉਪਰੰਤ ਨਰਾਤਾ ਰਾਮ ਕੈਸ਼ੀਅਰ ਵੱਲੋਂ ਪਿਛਲਾ ਲੇਖਾ-ਜੋਖਾ ਪੇਸ਼ ਕੀਤਾ ਗਿਆ। ਉਪਰੰਤ ਲਹਿਰਾਗਾਗਾ ਨਿਵਾਸੀ ਸਭਾ ਦੀ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਸ੍ਰੀ ਰਜਿੰਦਰ ਗੋਇਲ, ਜੋ ਸਭਾ ਦੇ ਪਹਿਲਾਂ ਹੀ ਪ੍ਰਧਾਨ ਚਲੇ ਆ ਰਹੇ ਹਨ, ਨੂੰ ਮੁੜ ਸਰਬਸੰਮਤੀ ਨਾਲ 3 ਸਾਲਾਂ ਲਈ ਪ੍ਰਧਾਨ ਚੁਣ ਲਿਆ ਗਿਆ ਤੇ ਬਾਕੀ ਕਾਰਜਕਾਰਨੀ ਬਣਾਉਣ ਦੇ ਅਧਿਕਾਰ ਵੀ ਸ੍ਰੀ ਰਜਿੰਦਰ ਗੋਇਲ ਨੂੰ ਦਿੱਤੇ ਗਏ। ਇਸ ਮੌਕੇ ਸੋਹਨ ਲਾਲ ਸੋਨੂੰ, ਓਮ ਪ੍ਰਕਾਸ਼ ਚੋਟੀਆਂ ਵਾਲੇ, ਰਾਜ ਕੁਮਾਰ ਸ਼ਰਮਾ, ਪ੍ਰਸ਼ੋਤਮ ਲਾਲ ਸਿੰਗਲਾ, ਕੇਵਲ ਸ਼ਰਮਾ, ਡੀ. ਆਰ. ਗੋਇਲ, ਕਮਲੇਸ਼ ਗੋਇਲ, ਅਮਰ ਨਾਥ ਸਿੰਗਲਾ, ਜਵਾਹਰ ਲਾਲ ਲੋਟੀਆ, ਕ੍ਰਿਸ਼ਨ ਲਾਲ ਗਰਗ, ਸਤੀਸ਼ ਭੋਲਾ, ਗੁਰਦਾਸ ਬਾਂਸਲ, ਕੌਸ਼ਲ ਕੁਮਾਰ ਗਰਗ, ਮਾਸਟਰ ਸੁਭਾਸ਼ ਚੰਦਰ, ਵਿਸ਼ਾਲ ਗਰਗ, ਇਨੂੰ ਸਿੰਗਲਾ ਆਦਿ ਮੈਂਬਰ ਹਾਜ਼ਰ ਸਨ।

# ਡਾ. ਲਛਮਣ ਭਗਤੂਆਣਾ ਅੱਜ ਸੰਭਾਲਣਗੇ ਚੇਅਰਮੈਨੀ ਦਾ ਅਹੁਦਾ



**ਜੈਤੋ (ਸਤੀਸ਼ ਕੁਮਾਰ ਭੀਰੀ)**-ਡਾਕਟਰ ਲਛਮਣ ਭਗਤੂਆਣਾ ਮਾਰਕੀਟ ਕਮੇਟੀ ਦਾ ਚੇਅਰਮੈਨ ਅਹੁਦਾ ਸੰਭਾਲਣ ਜਾ ਰਹੇ ਹਨ। ਇਸ ਮੌਕੇ ਨੌਜਵਾਨ ਐੱਮ ਐੱਲ ਏ ਅਮੋਲਕ ਸਿੰਘ ਦੀ ਯੋਗ ਰਹਿਨੁਮਾਈ ਅਧੀਨ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਰੱਖਿਆ ਗਿਆ ਹੈ। ਧਰਮਜੀਤ ਸਿੰਘ ਰਾਮੇਆਣਾ ਇੰਚਾਰਜ ਲੋਕ ਸਭਾ ਹਲਕਾ ਫ਼ਰੀਦਕੋਟ, ਗੋਬਿੰਦਰ ਸਿੰਘ ਵਾਲੀਆ ਮੀਤ ਪ੍ਰਧਾਨ ਯੂਥ ਵਿੰਗ ਫ਼ਰੀਦਕੋਟ, ਗੁਰਭੇਜ ਸਿੰਘ ਬਰਾੜ ਜੁਆਇੰਟ ਸਕੱਤਰ ਕਿਸਾਨ ਵਿੰਗ ਪੰਜਾਬ, ਹਰਸਿਮਰਨ ਸਿੰਘ ਮਲਹੋਤਰਾ ਪ੍ਰਧਾਨ ਟਰੱਕ ਯੂਨੀਅਨ ਜੈਤੋ ਨੇ ਸੰਯੁਕਤ ਰੂਪ ਵਿੱਚ ਕਿਹਾ ਕਿ ਇਲਾਕੇ ਦੇ ਕੰਮਾਂ ਵਿੱਚ ਕੋਈ ਖੜਤ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸੁਖਰੀਤ ਰੋਮਾਣਾ ਜੁਆਇੰਟ ਸਕੱਤਰ ਯੂਥ, ਧਰਮਿੰਦਰ ਸਿੰਘ ਤੋਤਾ ਸ਼ਹਿਰੀ ਯੂਥ ਪ੍ਰਧਾਨ ਆਮ ਆਦਮੀ ਪਾਰਟੀ ਸਮੇਤ ਅਨੇਕਾਂ ਆਗੂ ਅਤੇ ਵਰਕਰ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਚੰਡੀਗੜ੍ਹ ਮਾਰਚ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਰੇ ਜ਼ੋਨਾਂ ਦੇ ਜ਼ੋਨ ਆਗੂਆਂ ਦੀ ਮੀਟਿੰਗ ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਸਬੰਧੀ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਵੰਤ ਸਿੰਘ ਲੋਹੁਕਾ ਤੇ ਆਈ ਟੀ ਸੈੱਲ ਇੰਚਾਰਜ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਹੜ੍ਹਾਂ ਦੇ ਮੁਆਵਜ਼ੇ ਤੇ ਕੇਂਦਰ ਸਰਕਾਰ ਵੱਲੋਂ ਪੈਕੇਜ ਨਾ ਦੇਣ ਅਤੇ ਹੋਰ ਮੰਗਾਂ ਨੂੰ ਲੈ ਕੇ 22 ਅਗਸਤ ਨੂੰ ਚੰਡੀਗੜ੍ਹ ਵੱਲ ਟਰੈਕਟਰਾਂ ਟਰਾਲੀਆਂ ਨਾਲ ਕੂਚ ਦਾ ਫੈਸਲਾ ਕੀਤਾ ਗਿਆ।ਕੇਂਦਰ ਸਰਕਾਰ ਪੂਰੇ ਉੱਤਰ ਭਾਰਤ ਵਿੱਚ ਹੜ੍ਹਾਂ ਨਾਲ਼ ਹੋਏ ਨੁਕਸਾਨ ਦਾ 50 ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਦੇਵੇ, ਘੱਗਰ ਦਰਿਆ ਦਾ ਪੱਕਾ ਹੱਲ ਕਰੇ, ਹੜ੍ਹਾਂ ਕਾਰਨ ਬਰਬਾਦ ਫਸਲਾਂ ਦਾ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਪਸ਼ੂਆਂ ਦੇ ਨੁਕਸਾਨ ਦਾ 1 ਲੱਖ ਰੁਪਏ ਮੁਆਵਜ਼ਾ, ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਹੜ੍ਹਾਂ ਕਾਰਨ ਰੇਤ ਭਰ ਗਈ ਹੈ, ਉਨ੍ਹਾਂ ਕਿਸਾਨਾਂ ਨੂੰ ਮਾਈਨਿੰਗ ਦਾ ਹੱਕ ਦਿੱਤਾ ਜਾਵੇ, ਬੋਰਾਂ ਦਾ ਮੁਆਵਜ਼ਾ, ਰੁੜ੍ਹ ਗਏ ਖ਼ੇਤਾਂ ਦਾ ਸਪੈਸ਼ਲ ਪੈਕੇਜ, 1 ਸਾਲ ਲਈ ਸਾਰੇ ਕਰਜ਼ੇ ਸਮੇਤ ਵਿਆਜ ਮੁਆਫ਼ ਕੀਤਾ ਜਾਵੇ, 23 ਫਸਲਾਂ ਦੀ ਐੱਮਐੱਸਪੀ ਗਾਰੰਟੀ ਕਨੂੰਨ ਬਣਾਉਣ, ਮਨਰੇਗਾ ਸਕੀਮ ਤੁਰੰਤ ਚਾਲੂ ਕਰਨ ਤੇ ਸਾਲ ਭਰ ਕੰਮ ਦੇਣ ਆਦਿ ਮੁੱਖ ਮੰਗਾਂ ਹਨ। ਇਸ ਮੌਕੇ ਧਰਮ ਸਿੰਘ ਸਿੱਧੂ, ਗੁਰਮੇਲ ਸਿੰਘ ਫੱਤੇਵਾਲਾ, ਸੁਰਜੀਤ ਸਿੰਘ ਫੌਜੀ, ਨਰਿੰਦਰਪਾਲ ਸਿੰਘ ਜਤਾਲਾ, ਅਮਨਦੀਪ ਸਿੰਘ ਕੱਚਰਭੰਨ, ਵੀਰ ਸਿੰਘ ਨਿਜ਼ਾਮਦੀਨ ਵਾਲਾ, ਗੁਰਜੰਟ ਸਿੰਘ ਲਹਿਰਾ ਰੋਹੀ, ਗੁਰਬਖਸ਼ ਸਿੰਘ ਪੰਜਗਰਾਈਂ, ਗੁਰਦਿਆਲ ਸਿੰਘ ਟਿੱਬੀ ਕਲਾਂ, ਮੰਗਲ ਸਿੰਘ ਸਵਾਈਕੇ, ਚਰਨਜੀਤ ਸਿੰਘ, ਬੂਟਾ ਸਿੰਘ ਕਰੀਂ ਕਲਾਂ, ਗੁਰਨਾਮ ਸਿੰਘ ਅਲੀਕੇ, ਰੰਗਾਂ ਸਿੰਘ ਭੁੱਲਰ, ਬਚਿੱਤਰ ਸਿੰਘ ਦੂਲੇਵਾਲਾ, ਹਰਦੀਪ ਸਿੰਘ, ਹਰਨੇਕ ਸਿੰਘ ਕਮਾਲਾ ਬੋਦਲਾਂ, ਮੰਗਲ ਸਿੰਘ ਗੁੰਦੜਢੰਡੀ, ਮਨਜੋਤ ਸਿੰਘ ਜ਼ੀਰਾ, ਫੁੰਮਣ ਸਿੰਘ, ਕੇਵਲ ਸਿੰਘ, ਅਵਤਾਰ ਸਿੰਘ ਫਿਰੋਜ਼ਪੁਰ, ਮੇਜ਼ਰ ਸਿੰਘ ਗਜ਼ਨੀ ਵਾਲਾ, ਮੱਖਣ ਸਿੰਘ ਵਾੜਾ, ਗੁਲਜ਼ਾਰ ਸਿੰਘ ਗੋਗੋਆਣੀ, ਜੋਗਾ ਸਿੰਘ, ਮੱਸਾ ਸਿੰਘ, ਅਵਤਾਰ ਸਿੰਘ ਬੱਗੇਵਾਲਾ ਆਦਿ ਆਗੂ ਹਾਜ਼ਰ ਸਨ।

# ਬੱਚੀਆਂ ਦੇ ਸਿਰਾਂ 'ਤੇ ਚੁੰਨੀਆਂ ਦੇ ਕੇ ਤੀਆਂ ਮਨਾਈਆਂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**
ਕਈ ਵਿਅਕਤੀ ਅਜਿਹੇ ਹੁੰਦੇ ਹਨ, ਜੋ ਆਪਣੇ ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਵੀ ਉਨ੍ਹਾਂ ਦੀ ਯਾਦ ਨੂੰ ਸਮਰਪਤ ਆਪਣੇ ਦਸਾਂ-ਨਹੁਆਂ ਦੀ ਕਿਰਤ ਕਮਾਈ 'ਚੋਂ ਦਸਵੰਧ ਕੱਢ ਕੇ ਸਾਲਾਨਾ ਸਮਾਗਮਾਂ ਰਾਹੀਂ ਆਪਣੇ ਬਜ਼ੁਰਗਾਂ ਦੀ ਯਾਦ ਨੂੰ ਤਾਜ਼ਾ ਕਰਦੇ ਹਨ। ਅਜਿਹੀ ਸ਼ਖ਼ਸੀਅਤ ਦੇ ਮਾਲਕ ਤੇ ਰੱਬ ਦੀ ਰਜ਼ਾ 'ਚ ਰਹਿਣ ਵਾਲੇ ਹਨ ਭਾਈ ਬਲਵਿੰਦਰ ਸਿੰਘ, ਜੋ ਲੰਮੇ ਤੋਂ ਗੁਰਦੁਆਰਾ ਸਮਾਧਾਂ ਪਿੰਡ ਲੋਹਗੜ੍ਹ ਵਿੱਚ ਨਿਸ਼ਕਾਮ ਸੇਵਾ ਨਿਭਾਅ ਰਹੇ ਹਨ, ਜਿਨ੍ਹਾਂ ਨੇ ਹਮੇਸ਼ਾ ਇਤਿਹਾਸਕ ਦਿਨ ਵਿੱਚ ਆਪਣੇ ਮਾਤਾ ਸਵ. ਗੁਰਦੇਵ ਕੌਰ ਤੇ ਪਿਤਾ ਸਵ: ਸੁਦਾਗਰ ਸਿੰਘ (ਕਿਸ਼ਨਪੁਰੀਆ) ਦੀ ਯਾਦ ਨੂੰ ਸਮਰਪਤ 35 ਛੋਟੀਆਂ ਲੜਕੀਆਂ ਦੇ ਸਿਰਾਂ 'ਤੇ ਚੁੰਨੀਆਂ ਦੇ ਕੇ ਸਾਵਣ ਦੇ ਮਹੀਨੇ ਦੀਆਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਤੋਂ ਪਹਿਲਾਂ ਭਾਈ ਬਲਵਿੰਦਰ ਸਿੰਘ ਨੇ ਆਪਣੇ ਮਾਤਾ-ਪਿਤਾ ਦੀ ਯਾਦ ਨੂੰ ਸਮਰਪਤ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਬੱਚਿਆਂ ਨੂੰ ਦਰਜਨਾਂ ਕਿਤਾਬਾਂ-ਕਾਪੀਆਂ ਦੀ ਸੇਵਾ ਕੀਤੀ ਤੇ ਆਪਣੇ-ਆਪ ਨੂੰ ਕਿਸਮਤ ਵਾਲਾ ਸਮਝਿਆ ਕਿ ਉਨ੍ਹਾਂ ਨੂੰ ਨੰਨ੍ਹੇ-ਮੁੰਨੇ ਬੱਚਿਆਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ।

# ਨਿਰੰਕਾਰੀ ਸੇਵਾ ਦਲ ਦੇ ਸਾਬਕਾ ਸੰਚਾਲਕ ਨੂੰ ਸ਼ਰਧਾਂਜਲੀਆਂ

■ ਬ੍ਰਹਮ ਗਿਆਨੀ ਗੁਰਸਿੱਖ ਜਿਉਂਦੇ ਜੀ ਮੁਕਤ ਹੁੰਦੇ ਹਨ : ਸੰਤ ਹਾਕਮ ਚੰਦ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬ੍ਰਾਹਮ ਗਿਆਨੀ ਗੁਰਸਿੱਖ ਜਿਉਂਦੇ ਜੀ ਮੁਕਤ ਹੁੰਦੇ ਹਨ। ਉਨ੍ਹਾਂ ਦੀ ਭੋਗ ਰਸਮ, ਅੰਤਿਮ ਅਰਦਾਸ, ਪ੍ਰੇਰਨਾ ਦਿਵਸ ਮੌਕੇ ਉਨ੍ਹਾਂ ਦੇ ਚੰਗੇ ਗੁਣਾਂ ਦਾ ਵਖਿਆਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵਰਗੇ ਚੰਗੇ ਗੁਣਾਂ ਨੂੰ ਅਪਣਾਉਣ ਲਈ ਪ੍ਰੇਰਨਾ ਦਿੱਤੀ ਜਾਂਦੀ ਹੈ। ਇਹ ਵਿਚਾਰ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਸੰਤ ਹਾਕਮ ਚੰਦ ਰਾਜਪੁਰਾ ਵਾਲਿਆਂ ਨੇ ਸਮਾਣਾ ਵਿਖੇ ਸੰਤ ਨਿਰੰਕਾਰੀ ਸੇਵਾ ਦਲ ਦੇ ਸਾਬਕਾ ਸੰਚਾਲਕ ਅਸ਼ੋਕ ਕੁਮਾਰ ਹਸੀਜਾ ਦੀ ਭੋਗ ਰਸਮ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਫਰਮਾਏ। ਉਨ੍ਹਾ ਕਿਹਾ ਕਿ ਦੁੱਖ ਤੇ ਸੁੱਖ ਜ਼ਿੰਦਗੀ ਦੇ ਦੋ ਪਹਿਲੂ ਹਨ। ਸੁੱਖ/ਖੁਸ਼ੀ ਵਿੱਚ ਸ਼ਰੀਕ ਹੋਣ 'ਤੇ ਖੁਸ਼ੀਆਂ 'ਚ ਵਾਧਾ ਹੁੰਦਾ ਹੈ ਤੇ ਦੁੱਖ 'ਚ ਸ਼ਰੀਕ ਹੋਣ 'ਤੇ ਦੁੱਖ ਘੱਟ ਜਾਂਦਾ ਹੈ। ਉਨ੍ਹਾ ਕਿਹਾ ਕਿ ਇਨਸਾਨ ਕਰਮਾਂ ਦੇ ਬੰਦਨ ਵਿੱਚ ਬੱਧਾ ਹੋਇਆ ਹੈ, ਜਨਮ ਮਰਨ ਦੇ ਚੱਕਰਾਂ ਵਿੱਚ ਪਿਆ ਹੋਇਆ ਹੈ, ਪ੍ਰੰਤੂ ਜੋ ਇਨਸਾਨ ਸਤਿਗੁਰੂ ਦੀ ਸ਼ਰਨ 'ਚ ਆ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਨਿਰੰਕਾਰ ਪ੍ਰਭੂ ਨੂੰ ਜਾਣ ਲੈਂਦੇ ਹਨ, ਸਤਿਗੁਰੂ ਉਨ੍ਹਾਂ ਨੂੰ ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ। ਫਿਰ ਉਹ ਜਨਮ ਮਰਨ ਦੇ ਚੱਕਰਾਂ ਵਿੱਚ ਨਹੀਂ ਪੈਂਦੇ। ਅੱਜ ਅਸ਼ੋਕ ਕੁਮਾਰ ਹਸੀਜਾ ਦੀ ਭੋਗ ਰਸਮ ਮੌਕੇ ਨਿਰੰਕਾਰੀ ਮਿਸ਼ਨ ਦੀਆਂ ਵੱਖ ਵੱਖ ਬਰਾਂਚਾਂ ਦੇ ਸੰਯੋਜਨ, ਮੁਖੀ, ਸੇਵਾਦਲ ਅਧਿਕਾਰੀ ਤੇ ਰਾਜਨੀਤਕ, ਧਾਰਮਿਕ, ਸਮਾਜਿਕ ਪਾਰਟੀਆਂ ਦੇ ਨੁਮਾਇੰਦੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ ਹੋਏ ਹਨ। ਇਸ ਮੌਕੇ ਚੀਕਾ ਬਰਾਂਚ ਦੇ ਮੁਖੀ ਭੈਣ ਰਾਜ ਰਾਣੀ, ਘੱਗਾ ਬਰਾਂਚ ਦੇ ਮੁਖੀ ਭੀਮ ਸੈਨ, ਨਿਰੰਕਾਰੀ ਪ੍ਰਚਾਰਕ ਸਥਾਨਕ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ, ਭੈਣ ਲਾਜ ਜੀ, ਖੇਤਰੀ ਸੰਚਾਲਕ ਪਟਿਆਲਾ ਮਨਮੋਹਨ ਸਿੰਘ, ਸਤਨਾਮ ਸਿੰਘ, ਬਹਾਵਲਪੁਰ ਮਹਾਂਸੰਘ ਦੇ ਕੌਮੀ ਪ੍ਰਧਾਨ ਗਿਆਨ ਚੰਦ ਕਟਾਰੀਆ, ਬਹਾਵਲਪੁਰ ਮਹਾਂਸੰਘ ਦੇ ਪ੍ਰਧਾਨ ਤੇ ਕੌਂਸਲਰ ਰਾਜ ਕੁਮਾਰ ਸਚਦੇਵਾ, ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜੀਵਨ ਗਰਗ, ਸਾਬਕਾ ਕੌਂਸਲਰ ਸੁਦਰਸ਼ਨ ਮਿੱਲ, ਰੋਸ਼ਨ ਸਿੰਘ ਪਟਿਆਲਾ, ਦਰਬਾਰਾ ਸਿੰਘ ਪਟਿਆਲਾ ਤੋਂ ਇਲਾਵਾ ਹੋਰ ਵੀ ਸ਼ਹਿਰ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਮਾਨਾ ਪੱਤੀ ਦੀਆਂ ਸੱਥਾਂ 'ਚ ਮਨਾਇਆ ਤੀਆਂ ਦਾ ਤਿਉਹਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਚੀਮਾ ਵਿਖੇ ਮਾਨਾ ਪੱਤੀ ਦੀਆਂ ਸੱਥਾਂ 'ਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਜਸਵੀਰ ਸਿੰਘ ਚੇਅਰਮੈਨ ਪੀਪੀਐੱਸ ਸਕੂਲ ਤੇ ਰਾਜੂ ਵਰਮਾ ਫਿਲਮੀ ਕਲਾਕਾਰ ਵਿਸ਼ੇਸ਼ ਤੌਰ 'ਤੇ ਪਰਿਵਾਰ ਸਮੇਤ ਪਹੁੰਚੇ। ਇਸ ਮੌਕੇ ਜਸਬੀਰ ਸਿੰਘ ਨੇ ਕਿਹਾ ਕਿ ਸਾਡੇ ਅਲੋਪ ਹੋ ਰਹੇ ਸੱਭਿਆਚਾਰ ਨੂੰ ਬਚਾਉਣਾ ਸਮੇਂ ਦੀ ਲੋੜ ਹੈ। ਇਸ ਮੌਕੇ ਰਾਜੂ ਵਰਮਾ ਨੇ ਕਿਹਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਸੱਭਿਆਚਾਰ ਬਾਰੇ ਜਾਣੂ ਕਰਵਾਉਣਾ ਬਹੁਤ ਵੱਡਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਤਾਂ ਹੀ ਪਤਾ ਲੱਗੂ ਜੇ ਅਸੀਂ ਪਿੰਡਾਂ ਵਿੱਚ ਇਸ ਤਰ੍ਹਾਂ ਦੇ ਸੱਭਿਆਚਾਰਕ ਮੇਲੇ ਤੇ ਤੀਆਂ ਵਰਗੇ ਤਿਉਹਾਰ ਮਨਾਵਾਂਗੇ। ਉਨ੍ਹਾ ਇਸ ਮੌਕੇ ਪ੍ਰਬੰਧਕਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਅਤੇ ਮੁਬਾਰਕਬਾਦ ਵੀ ਦਿੱਤੀ। ਇਸ ਮੌਕੇ ਇਕੱਠੀਆਂ ਹੋਈਆਂ ਕੁੜੀਆਂ ਨੇ ਗਿੱਧਾ ਤੇ ਬੋਲੀਆਂ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ। ਇਸ ਮੌਕੇ ਬਹਾਦਰ ਸਿੰਘ ਐੱਮ ਸੀ ਗੀਤੀ ਮਾਨ, ਚੇਅਰਮੈਨ ਮਾਰਕੀਟ ਕਮੇਟੀ ਜਸਵੀਰ ਸਿੰਘ ਹਾਂਡਾ, ਡਾਕਟਰ ਭੀਮ ਸਿੰਘ ਭੂਕਲ, ਮੰਗਾ ਸਿੰਘ, ਦਿਲਾਵਰ ਸਿੰਘ ਆਦਿ ਹਾਜ਼ਰ ਸਨ।

# ਖੇਤੀਬਾੜੀ ਮੰਤਰੀ ਨੇ ਲਾਲਬਾਈ 'ਚ ਅੱਖਾਂ ਦੇ ਕੈਂਪ ਦੀ ਕੀਤੀ ਪ੍ਰਧਾਨਗੀ

■ ਇਲਾਕੇ ਦਾ ਵਿਕਾਸ ਕਰਵਾਉਣਾ ਅਹਿਮ ਫਰਜ਼ : ਖੁੱਡੀਆਂ



**ਮਲੋਟ/ਮੁਕਤਸਰ (ਗੁਰਮੀਤ ਮੱਕੜ/ਸ਼ਮਿੰਦਰਪਾਲ, ਪੂਜਾ)**
ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਮਨੋਬਲ ਲੈ ਕੇ ਸੱਤਾ ਵਿੱਚ ਆਈ ਹੈ, ਜਿਸ ਕਾਰਨ ਪੰਜਾਬ ਸਰਕਾਰ ਵੱਲੋਂ ਲੋਕ ਸਮੱਸਿਆਵਾਂ ਨੂੰ ਪਹਿਲੇ ਸਾਲ ਵਿੱਚ ਹੀ ਹੱਲ ਕੀਤਾ ਜਾ ਰਿਹਾ ਹੈ ਤਾਂ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਿਹਤ ਵਿਭਾਗ ਵੱਲੋਂ ਮਹਾਂਸਾਧਵੀ ਸ਼੍ਰੀ ਸਵਰਨਸੁਧਾ ਜੈਨ ਚੈਰੀਟੇਬਲ ਹਸਪਤਾਲ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਲਾਲਬਾਈ ਵਿਖੇ ਲਗਾਏ ਗਏ ਅੱਖਾਂ ਦੇ ਮੁਫਤ ਅਪ੍ਰੇਸ਼ਨ ਕੈਂਪ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਦਾਨੀ ਸੱਜਣਾਂ ਦਾ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜੋ ਲੋੜਵੰਦਾਂ ਦੇ ਮੁਫਤ ਅੱਖਾਂ ਦੇ ਆਪ੍ਰੇਸ਼ਨ ਕਰਕੇ ਉਨ੍ਹਾਂ ਨੂੰ ਨਵੀਂ ਰੌਸ਼ਨੀ ਪ੍ਰਦਾਨ ਕਰ ਰਹੇ ਹਨ। ਆਪਣੇ ਇਸ ਦੌਰੇ ਦੌਰਾਨ ਸ੍ਰ. ਖੁੱਡੀਆਂ ਨੇ ਚੱਕ ਮਿੱਡੂ ਸਿੰਘ ਵਾਲਾ ਵਿਖੇ ਪੇਂਡੂ ਜਲ ਸਪਲਾਈ ਵਿਭਾਗ ਵੱਲੋਂ ਲੋਕਾਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ 7 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਵਾਟਰ ਸਟੋਰੇਜ ਟੈਂਕ ਦਾ ਨੀਂਹ ਪੱਥਰ ਵੀ ਰੱਖਿਆ ਤੇ ਪਿੰਡ ਵਾਸੀਆਂ ਦੀਆਂ ਸਾਂਝੀਆਂ ਸਮੱਸਿਆਵਾਂ ਜਿਵੇਂ ਕਿ ਸੜਕਾਂ-ਨਾਲੀਆਂ ਨੂੰ ਪੱਕਾ ਕਰਨ, ਬਿਜਲੀ ਨਾਲ ਸਬੰਧਤ, ਪਿੰਡਾਂ ਦੀਆਂ ਸੜਕਾਂ, ਗੰਦੇ ਪਾਣੀ ਦੀ ਨਿਕਾਸੀ ਸਬੰਧੀ ਜਾਣੂੰ ਕਰਵਾਇਆ ਤੇ ਮੰਤਰੀ ਨੇ ਵਿਸ਼ਵਾਸ ਦੁਆਇਆ ਕਿ ਪਿੰਡ ਵਾਸੀਆਂ ਨੂੰ ਪੇਸ਼ ਆ ਰਹੀਆਂ ਇਨ੍ਹਾਂ ਸਾਰੀਆਂ ਸਮੱਸਿਆ ਨੂੰ ਜਲਦ ਤੋਂ ਹੱਲ ਕੀਤਾ ਜਾਵੇਗਾ।

ਇਸ ਮੌਕੇ ਰਣਧੀਰ ਸਿੰਘ ਧੀਰਾ ਖੁੱਡੀਆਂ, ਗੁਰਬਾਜ਼ ਸਿੰਘ ਵਣਵਾਲਾ, ਕਸ਼ਮੀਰ ਸਿੰਘ ਸਹਿਣਾ ਖੇੜਾ, ਗੁਰਮਨ ਲਾਲ ਯੂਥ ਆਗੂ, ਕੌਰ ਸਿੰਘ, ਪਾਲ ਸਿੰਘ ਸਾਬਕਾ ਚੇਅਰਮੈਨ, ਜਸਵਿੰਦਰ ਸਿੰਘ ਸਰਪੰਚ ਭਾਗੂ ਤੇ ਗੁਰਬਾਜ ਸਿੰਘ ਪੀ ਏ ਹਾਜ਼ਰ ਸਨ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਪਿੰਡ-ਪਿੰਡ ਲਗਾਏ ਜਾ ਰਹੇ ਕੈਂਪ



**ਗੁਰਦਾਸਪੁਰ,\ (ਜਨਕ ਮਹਾਜਨ)**-ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਦੀ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਯੋਗ ਲਾਭਪਤਾਰੀਆਂ ਦੇ ਸਿਹਤ ਬੀਮਾਂ ਯੋਜਨਾ ਦੇ ਕਾਰਡ ਬਣਾ ਕੇ ਦਿੱਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸੂਬੇ ਦੇ ਸਸਤਾ ਅਨਾਜ ਕਾਰਡ ਧਾਰਕ ਪਰਿਵਾਰਾਂ, ਜੇ ਫਾਰਮ ਧਾਰਕ ਕਿਸਾਨ ਪਰਿਵਾਰਾਂ, ਛੋਟੇ ਵਪਾਰੀਆਂ, ਰਜਿਸਟਰਡ ਉਸਾਰੀ ਮਜ਼ਦੂਰਾਂ ਅਤੇ ਐਕਰੀਡੇਟਿਡ/ਯੈਲੋ ਕਾਰਡ ਧਾਰਕ ਪੱਤਰਕਾਰਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਸਾਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਲੋੜਵੰਦ ਪਰਿਵਾਰਾਂ ਲਈ ਬਹੁਤ ਵਧੀਆ ਹੈ ਅਤੇ ਲੋੜ ਪੈਣ 'ਤੇ ਕਾਰਡ ਧਾਰਕ ਪਰਿਵਾਰ ਸੂਬੇ ਦੇ 900 ਤੋਂ ਵੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਆਪਣਾ ਮੁਫ਼ਤ ਇਲਾਜ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਪਿੰਡ-ਪਿੰਡ ਜਾ ਕੇ ਯੋਗ ਲਾਭਪਤਾਰੀਆਂ ਦੇ ਕਾਰਡ ਬਣਾਏ ਜਾ ਰਹੇ ਹਨ।

ਉਨ੍ਹਾਂ ਸਮੂਹ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਜ਼ਰੂਰ ਬਣਾਉਣ।

# ਮੋਟੀਵੇਟਰ ਯੂਨੀਅਨ ਪੰਜਾਬ ਵੱਲੋਂ ਮੁੱਖ ਮੰਤਰੀ ਮਾਨ ਨੂੰ 15 ਤੱਕ ਦਾ ਅਲਟੀਮੇਟਮ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਬਿਨਾਂ ਕਿਸੇ ਮਹੀਨਾਵਾਰ ਪੱਕੀ ਤਨਖਾਹ ਦੇ ਜਲ ਸਪਲਾਈ ਵਿਭਾਗ ਵਿੱਚ ਕੰਮ ਕਰ ਰਹੇ ਮੋਟੀਵੇਟਰ ਵਰਕਰਾਂ ਦੀ ਜਲ ਸਪਲਾਈ ਵਿਭਾਗ ਦੇ ਮੁਖੀ ਮੁਹੰਮਦ ਇਸ਼ਫਾਕ ਨਾਲ ਮੀਟਿੰਗ ਹੋਈ ਜਿਸ ਵਿੱਚ ਵਿਭਾਗ ਮੁਖੀ ਨੂੰ ਤਜਵੀਜ਼ ਬਣਾ ਕੇ ਦਿੱਤੀ ਗਈ। ਵਿਭਾਗ ਮੁਖੀ ਵੱਲੋਂ ਬਣਦੀ ਕਾਰਵਾਈ ਕਰਕੇ ਸਰਕਾਰ ਤੱਕ ਪੁੱਜਦੀ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਰਵਿੰਦਰ ਅਲੀਸ਼ੇਰ ਅਤੇ ਰਣਜੀਤ ਸਿੰਘ ਨੇ ਦੱਸਿਆ ਕਿ ਵਿਭਾਗ ਨੂੰ ਦਿੱਤੀ ਤਜਵੀਜ਼ 'ਤੇ ਜੇਕਰ 15 ਅਗਸਤ ਤੋਂ ਪਹਿਲਾਂ-ਪਹਿਲਾਂ ਕੋਈ ਕਾਰਵਾਈ ਕਰਕੇ ਪੰਜਾਬ ਸਰਕਾਰ ਨੂੰ ਨਹੀਂ ਭੇਜੀ ਜਾਂਦੀ ਤਾਂ 15 ਅਗਸਤ ਨੂੰ ਰਾਜ ਪੱਧਰੀ ਸਮਾਗਮ ਵਿੱਚ ਪਟਿਆਲਾ ਵਿਖੇ ਮੁੱਖ ਮੰਤਰੀ ਪੰਜਾਬ ਦਾ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪੰਜਾਬ ਨੇ ਲੋਹੜੀ ਵਾਲੇ ਦਿਨ ਸਿੱਖਿਆ ਵਿਭਾਗ ਦੇ ਐਜੂਕੇਸ਼ਨ ਵਲੰਟੀਅਰਜ਼ ਅਤੇ ਮੋਟੀਵੇਟਰਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਸੀ। ਸਿੱਖਿਆ ਵਿਭਾਗ ਨੇ ਆਪਣੇ ਵਲੰਟੀਅਰਜ਼ ਨੂੰ ਪਿਛਲੇ ਦਿਨੀਂ ਪੱਕਾ ਕਰ ਦਿੱਤਾ ਸੀ ਪਰ ਜਲ ਸਪਲਾਈ ਵਿਭਾਗ ਦੇ ਮੁਖੀ ਵੱਲੋਂ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸਦੇ ਰੋਸ ਵਜੋਂ ਮੋਟੀਵੇਟਰ ਵਰਕਰਾਂ ਨੇ ਮੁੱਖ ਮੰਤਰੀ ਦੇ ਘਿਰਾਓ ਦਾ ਐਲਾਨ ਕੀਤਾ ਹੈ।

# ਤਰਸਿੱਕਾ-ਖੁਜਾਲਾ ਸੜਕ ਦਾ ਮੰਦੜਾ ਹਾਲ, ਵਾਪਰ ਸਕਦੈ ਭਿਆਨਕ ਹਾਦਸਾ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੀ ਸੜਕ ਤਰਸਿੱਕਾ ਤੋਂ ਖੁਜਾਲਾ ਜਿਸਦੀ ਹਾਲਤ ਇੰਨੀ ਮਾੜੀ ਹੈ ਕਿ ਬਦਕਿਸਮਤੀ ਨਾਲ ਜਿਹੜਾ ਇਸ ਸੜਕ 'ਤੇ ਚੱਲ ਪੈਂਦਾ ਹੈ ਉਸਨੂੰ ਇੱਕ ਵਾਰ ਤਾਂ ਨਾਨੀ ਚੇਤੇ ਆ ਜਾਂਦੀ ਹੈ ਕਿਉਂਕਿ ਇਸ ਵਿੱਚ ਪਏ ਹੋਏ ਟੋਏ ਰਾਹਗੀਰਾਂ ਦਾ ਇਸ ਤਰ੍ਹਾਂ ਸਵਾਗਤ ਕਰਦੇ ਹਨ ਜਿਵੇਂ ਮਾਂ ਆਪਣੇ ਬੱਚੇ ਨੂੰ ਝੂਟੇ ਦਿੰਦੀ ਹੈ ਭਾਵ ਕਿ ਇੱਕ ਵਾਰ ਟੋਇਆਂ ਦੇ ਚੱਕਰ ਵਿੱਚ ਪਿਆ ਬੰਦਾ ਵਾਰ-ਵਾਰ ਕਸਮਾਂ ਖਾਂਦਾ ਹੈ ਕਿ ਜੇ ਹੁਣ ਬਚ ਗਿਆ ਤਾਂ ਮੁੜ ਇਸ ਸੜਕ ਤੋਂ ਨਹੀਂ ਲੰਘਦਾ। ਤਰਸਿੱਕਾ ਬਲਾਕ ਜਿਸ ਵਿੱਚੋਂ ਹਮੇਸ਼ਾ ਚੋਣਾਂ ਵੇਲੇ ਲੋਕਾਂ ਨੂੰ ਕਈ ਸਬਜ਼ਬਾਗ ਵੇਖਣ ਨੂੰ ਮਿਲਦੇ ਰਹੇ ਪਰ ਵੋਟਾਂ ਤੋ ਬਾਅਦ ਫਿਰ ਕਿਸੇ ਨੇ ਬਹੁਤਾ ਧਿਆਨ ਇਸ ਬਲਾਕ ਦੇ ਲੋਕਾਂ ਵੱਲ ਨਹੀਂ ਦਿੱਤਾ। ਅੱਜ ਹਾਲਾਤ ਅਜਿਹੇ ਹਨ ਕਿ ਤਰਸਿੱਕਾ ਬਲਾਕ ਮੁਸੀਬਤਾਂ ਵਿੱਚ ਘਿਰਿਆ ਹੋਇਆ ਹੈ ਪਰ ਸਰਕਾਰ ਦੇ ਨੁਮਾਇੰਦੇ ਝੂਠੇ ਵਾਅਦੇ ਕਰਨ ਵਿੱਚ ਕੋਈ ਕਸਰ ਨਹੀ ਛੱਡਦੇ ਅਤੇ ਇਹ ਵਾਅਦੇ ਅੱਜ ਤੱਕ ਸੱਚ ਸਾਬਤ ਨਹੀ ਹੋਏ। ਬਲਾਕ ਤਰਸਿੱਕਾ ਦੀ ਅਹਿਮ ਸੜਕ ਖੁਜਾਲਾ ਤੋਂ ਤਰਸਿੱਕਾ ਜੋ ਅੰਮ੍ਰਿਤਸਰ-ਮਹਿਤਾ ਰੋਡ ਤੋਂ ਨਿਕਲਦੀ ਹੈ, ਨੂੰ ਚੌੜੀ ਕਰਕੇ ਅਕਾਲੀ ਸਰਕਾਰ ਵੇਲੇ ਬਣਾਇਆ ਗਿਆ ਸੀ। ਹੁਣ ਇਹ ਖੰਡਰ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਸੜਕ ਦੀ ਰਿਪੇਅਰ ਹੋਈ ਨੂੰ ਕਰੀਬ 7 ਸਾਲ ਹੋ ਗਏ ਹਨ। ਸਮੇਂ ਦੇ ਲਿਹਾਜ਼ ਨਾਲ ਇਹ ਸੜਕ ਆਪਣੀ ਮਿਆਦ ਹੰਢਾ ਚੁੱਕੀ ਹੈ। ਸੜਕ ਤੋਂ ਜਦ ਕੋਈ ਲੰਘਦਾ ਹੈ ਤਾਂ ਮਿੱਟੀ-ਘੱਟੇ ਨਾਲ ਲੱਥ-ਪੱਥ ਹੋ ਕੇ ਹੀ ਅੱਗੇ ਜਾਂਦਾ ਹੈ ਅਤੇ ਮੁਸੀਬਤਾਂ ਨਾਲ ਜੂਝਦਾ ਹੋਇਆ ਸੜਕ ਤੋਂ ਦੀ ਸਫ਼ਰ ਕਰਦਾ ਹੈ। ਇਸੇ ਤਰ੍ਹਾਂ ਤਰਸਿੱਕਾ ਦੇ ਦੁਕਾਨਦਾਰਾਂ ਨੇ ਰਲ ਕੇ ਇਸ ਸੜਕ ਵਿੱਚ ਮਿੱਟੀ ਅਤੇ ਰੋੜੇ ਪਾ ਕੇ ਸੜਕ ਵਿਚਲੇ ਟੋਏ ਪੂਰਨ ਦੀ ਕੋਸ਼ਿਸ਼ ਤਾਂ ਕੀਤੀ ਹੈ ਪਰ ਇਹ ਕੋਈ ਪੱਕਾ ਹੱਲ ਨਹੀਂ ਹੈ ਬਲਕਿ ਇਸ ਵਿੱਚ ਪਏ ਹੋਏ ਟੋਇਆਂ ਦੇ ਕਾਰਣ ਕਿਸੇ ਵੇਲੇ ਵੀ ਕੋਈ ਹਾਦਸਾ ਵਾਪਰ ਸਕਦਾ ਹੈ ਜਿਸ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਲਾਕੇ ਦੇ ਲੋਕਾਂ ਨੇ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਤੋਂ ਮੰਗ ਕੀਤੀ ਹੈ ਕਿ ਖੁਜਾਲਾ ਤੋਂ ਤਰਸਿੱਕਾ ਸੜਕ ਨੂੰ ਪਹਿਲ ਦੇ ਆਧਾਰ 'ਤੇ ਬਣਾਇਆ ਜਾਵੇ।

# ਸ਼ੈਰੀ ਕਲਸੀ ਨੇ ਰਵਿੰਦਰ ਸਿੰਘ ਦੇ ਪਰਿਵਾਰ ਨਾਲ ਦੁੱਖ ਵੰਡਾਇਆ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਆਮ ਆਦਮੀ ਪਾਰਟੀ ਦੇ ਸੀਨੀਅਰ ਵਰਕਰ ਰਵਿੰਦਰ ਸਿੰਘ ਪਿੰਡ ਮੂਲਿਆਂਵਾਲ ਦੇ ਮਾਤਾ ਸਰਦਾਰਨੀ ਸਵਰਨਜੀਤ ਕੌਰ ਦਾ ਪਿਛਲੇ ਦਿਨੀਂ ਅਚਾਨਕ ਸਵਰਗਵਾਸ ਹੋ ਗਿਆ ਸੀ। ਇਸ ਦੁੱਖ ਦੀ ਘੜੀ ਵਿੱਚ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਰਵਿੰਦਰ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਅਰਦਾਸ ਕੀਤੀ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਉਨ੍ਹਾਂ ਦੇ ਨਾਲ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਯੂਥ ਵਿੰਗ, ਰਾਜਬੀਰ ਸਿੰਘ ਰੰਧਾਵਾ ਚੇਅਰਮੈਨ, ਗੁਰਪ੍ਰੀਤ ਸਿੰਘ ਸਿੱਧੂ, ਸਤਨਾਮ ਸਿੰਘ ਕਿਰਤੀ ਪ੍ਰਧਾਨ ਮਾਝਾ ਜ਼ੋਨ ਤਰਕਸ਼ੀਲ ਸੁਸਾਇਟੀ ਭਾਰਤ, ਮਨਜੀਤ ਸਿੰਘ, ਮੇਜਰ ਸਿੰਘ ਸਰਪੰਚ ਮੂਲਿਆਂਵਾਲ, ਰਣਜੀਤ ਸਿੰਘ ਢਿੱਲੋਂ, ਲਖਵਿੰਦਰ ਸਿੰਘ ਚੌਂਧਰਪੁਰ, ਅਮਰਬੀਰ ਸਿੰਘ, ਹੈਪੀ ਸਰਪੰਚ ਸੁਚੇਤਗੜ੍ਹ ਸ਼ਾਮਲ ਸਨ। ਮਾਤਾ ਸਵਰਨਜੀਤ ਕੌਰ ਦੀ ਅੰਤਿਮ ਅਰਦਾਸ 10 ਅਗਸਤ ਨੂੰ ਉਨ੍ਹਾਂ ਦੇ ਗ੍ਰਹਿ ਨਿਵਾਸ ਪਿੰਡ ਮੂਲਿਆਂਵਾਲ ਵਿਖੇ ਹੋਵੇਗੀ।

# ਕੇਂਦਰ ਸਰਕਾਰ ਘੱਟ ਗਿਣਤੀ ਲੋਕਾਂ ਪ੍ਰਤੀ ਸੁਹਿਰਦ ਨਹੀਂ : ਭੰਗੂ, ਭੋਜਰਾਜ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਭਾਰਤੀ ਕਿਸਾਨ ਯੂਨੀਅਨ ਸ਼ੇਰੇ ਪੰਜਾਬ ਦੇ ਪ੍ਰਧਾਨ ਗੁਰਿੰਦਰ ਸਿੰਘ ਭੰਗੂ ਅਤੇ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਕੇਂਦਰ ਸਰਕਾਰ ਘੱਟ ਗਿਣਤੀ ਦੇ ਲੋਕਾਂ ਪ੍ਰਤੀ ਸੁਹਿਰਦ ਨਹੀਂ ਹੈ। ਉਨ੍ਹਾਂ ਨੇ ਮਨੀਪੁਰ ਅਤੇ ਹਰਿਆਣਾ ਵਿੱਚ ਘੱਟ ਗਿਣਤੀ ਦੀਆਂ ਔਰਤਾਂ ਨਾਲ ਹੋ ਰਹੇ ਜਬਰ ਜਿਨਾਹ ਅਤੇ ਹੋਰ ਅਨੇਕਾਂ ਲੋਕਾਂ ਉੱਤੇ ਹੋ ਰਹੇ ਜ਼ੁਲਮ ਦੀ ਸਖਤ ਸਬਦਾਂ ਵਿੱਚ ਨਿੰਦਾ ਕਰਦੇ ਹੋਏ ਮਨੀਪੁਰ/ਹਰਿਆਣਾ ਸੂਬੇ ਦੀ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਉਕਤ ਅਪਰਾਧਾਂ ਦੇ ਦੋਸ਼ੀਆਂ ਨੂੰ ਤੁਰੰਤ ਸਖਤ ਸਜ਼ਾਵਾਂ ਦਿੱਤੀਆਂ ਜਾਣ, ਨਹੀਂ ਤਾਂ ਫਿਰ ਸਰਕਾਰਾਂ ਨੂੰ ਲੋਕਾਂ ਦੇ ਵੱਡੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚੋਂ ਧੜਾ ਧੜ ਭਾਜਪਾ ਵਿੱਚ ਸ਼ਾਮਿਲ ਹੋ ਰਹੇ ਆਗੂਆਂ ਵੱਲੋਂ ਵੀ ਉਪਰੋਕਤ ਘੋਰ ਅਪਰਾਧਿਕ ਮਾਮਲਿਆਂ ਤੇ ਚੁੱਪ ਵੱਟੀ ਰੱਖਣਾ ਇਹ ਸੰਕੇਤ ਸਪੱਸ਼ਟ ਕਰ ਰਿਹਾ ਕਿ ਭਾਜਪਾ ਦੇ ਰਾਜ ਵਿੱਚ ਘੱਟ ਗਿਣਤੀਆਂ ਨਾ ਹੀ ਸੁਰੱਖਿਅਤ ਸਨ ਅਤੇ ਅਗਾਂਹ ਵੀ ਸੁਰੱਖਿਅਤ ਨਹੀਂ ਰਹਿਣਗੀਆਂ।

ਉਨ੍ਹਾਂ ਅੱਗੇ ਕਿਹਾ ਕਿ ਕਰੀਬ ਢਾਈ ਲੱਖ ਏਕੜ ਝੋਨਾ, ਬਾਸਮਤੀ ਅਤੇ ਕਮਾਦ ਦੀ ਹੜ੍ਹਾਂ ਨਾਲ ਫਸਲ ਬਿਲਕੁਲ ਤਬਾਹ ਹੋ ਚੁੱਕੀ ਹੈ ਅਤੇ ਕਰੀਬ ਸੱਤ ਲੱਖ ਏਕੜ ਫਸਲ ਪ੍ਰਭਾਵਿਤ ਹੋਈ ਹੈ ਤੇ 38 ਲੋਕਾਂ ਦਾ ਜਾਨੀ ਨੁਕਸਾਨ ਹੋਇਆ ਹੈ ਅਤੇ 1000 ਦੇ ਕਰੀਬ ਘਰ ਢਹਿ ਗਏ ਹਨ। ਜਿਥੇ ਇਸ ਔਖੇ ਵੇਲੇ ਕਿਸਾਨਾਂ ਦੀ ਮਾਲੀ ਸਹਾਇਤਾ ਕਰਨ ਵਿੱਚ ਪੰਜਾਬ ਸਰਕਾਰ ਫੇਲ੍ਹ ਸਾਬਤ ਹੋਈ ਹੈ, ਉਥੇ ਕੇਂਦਰ ਸਰਕਾਰ ਨੇ ਪੰਜਾਬ ਦਾ ਹੜ੍ਹ ਪੀੜਤਾਂ ਲਈ ਸਿਰਫ 218 ਕਰੋੜ ਦੀ ਨਿਗੂਣੀ ਜਿਹੀ ਰਾਸ਼ੀ ਜਾਰੀ ਕੇ ਆਪਣੀਆਂ ਕਿਸਾਨ ਵਿਰੋਧੀ ਨੀਤੀਆਂ ਜਾਰੀ ਰੱਖਣ ਦਾ ਸਬੂਤ ਦਿੱਤਾ ਹੈ।

# ਆਰ. ਡੀ. ਖੋਸਲਾ ਡੀਏਵੀ ਸਕੂਲ 'ਚ ਰਾਸ਼ਟਰੀ ਹੈਂਡਲੂਮ ਦਿਵਸ ਮਨਾਇਆ



**ਬਟਾਲਾ (ਡਾ. ਮਲਵਿੰਦਰ ਸਿੰਘ)**-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਰਾਸ਼ਟਰੀ ਹੈਂਡਲੂਮ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਹੈਰੀਟੇਜ ਕਲੱਬ ਦੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਫੈਂਸੀ ਡਰੈੱਸ, ਭਾਸ਼ਣ ਮੁਕਾਬਲੇ ਅਤੇ ਦਸਤਕਾਰੀ ਪ੍ਰਦਰਸ਼ਨੀ ਵਿੱਚ ਭਾਗ ਲਿਆ। ਉਨ੍ਹਾਂ ਨੇ ਆਪਣੇ ਪੋਸਟਰਾਂ ਅਤੇ ਭਾਸ਼ਣਾਂ ਰਾਹੀਂ ਸਾਰਿਆਂ ਨੂੰ ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਹੈਂਡਲੂਮ ਭਾਰਤੀ ਪੇਂਡੂ ਜੀਵਨ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਇਸ ਦਾ ਉਦੇਸ਼ ਦੇਸ਼ ਭਰ ਵਿੱਚ ਲੱਖਾਂ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਹੈ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਨਾ ਹੈ। ਰਾਸ਼ਟਰੀ ਵਿਕਾਸ ਵਿੱਚ ਇਸਦੀ ਮਹੱਤਵਪੂਰਨ ਭੂਮਿਕਾ ਹੈ, ਇਸ ਲਈ ਹੈਂਡਲੂਮ ਉਦਯੋਗ ਨੂੰ ਸਮਰਥਨ ਦੇਣ, ਉਤਸ਼ਾਹਿਤ ਕਰਨ ਅਤੇ ਜਾਗਰੂਕਤਾ ਲਿਆਉਣ ਲਈ ਹਰ ਸਾਲ 7 ਅਗਸਤ ਨੂੰ ਇਹ ਦਿਵਸ ਮਨਾਇਆ ਜਾਂਦਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਹੱਥਾਂ ਦੀਆਂ ਬਣਾਈਆਂ ਵਸਤੂਆਂ ਨੂੰ ਇਕੱਠਾ ਕਰਕੇ ਕਲਾ ਪ੍ਰਦਰਸ਼ਨੀ ਲਗਾਈ, ਜਿਸ ਵਿਚ ਆਈਟਮਾਂ ਦੀ ਵਿਭਿੰਨਤਾ ਨੇ ਸਭ ਦਾ ਮਨ ਮੋਹ ਲਿਆ। ਆਧੁਨਿਕ ਕਾਲ ਵਿੱਚ ਅਲੋਪ ਹੋ ਚੁੱਕੀਆਂ ਬਹੁਤ ਸਾਰੀਆਂ ਵਸਤੂਆਂ ਅਤੇ ਕਲਾਕ੍ਰਿਤੀਆਂ ਬਾਰੇ ਜਾਣਕਾਰੀ ਦਿੱਤੀ ਗਈ।

ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੈਂਡਲੂਮ ਦਿਵਸ ਮਨਾਉਣ ਦਾ ਮਕਸਦ ਲਘੂ ਉਦਯੋਗ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਲੋਕਾਂ ਵਿੱਚ ਜਾਗਰੂਕਤਾ ਦੇ ਨਾਲ-ਨਾਲ ਉਨ੍ਹਾਂ ਦੀ ਮਹੱਤਤਾ ਵੀ ਵਧੇ।

ਹੈਂਡਲੂਮ ਉਦਯੋਗ ਦੇ ਵਿਕਾਸ ਨਾਲ ਹੱਥ ਨਾਲ ਕੰਮ ਕਰਨ ਵਾਲੇ ਕਿਰਤੀਆਂ ਨੂੰ ਮਾਣ-ਸਨਮਾਨ ਮਿਲੇਗਾ। ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਉਹ ਸਰਕਾਰੀ ਸਕੀਮਾਂ ਦਾ ਲਾਭ ਵੀ ਪ੍ਰਾਪਤ ਕਰ ਸਕਣਗੇ ਜਿਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਸੁਧਰੇਗੀ।

# 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਤਹਿਤ ਕਰਵਾਇਆ ਵਿਸ਼ੇਸ਼ ਸੈਮੀਨਾਰ

**ਗੁਰਦਾਸਪੁਰ (ਜਨਕ ਮਹਾਜਨ)**-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਬਲਾਕ ਰਣਜੀਤ ਬਾਗ਼ ਡਾ. ਅਨੀਤਾ ਗੁਪਤਾ ਦੀ ਪ੍ਰਧਾਨਗੀ ਹੇਠ ਪਿੰਡ ਬਾਜੇਚੱਕ ਅਤੇ ਨਵਾਂ ਝਾਵਾਰ ਵਿਖੇ ਬੇਟੀ ਬਚਾਓ-ਬੇਟੀ ਪੜ੍ਹਾਓ ਮੁਹਿੰਮ ਤਹਿਤ ਇਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦੌਰਾਨ ਬਲਾਕ ਐਕਸਟੇਂਸ਼ਨ ਐਜੂਕੇਟਰ ਸੰਦੀਪ ਕੌਰ ਨੇ ਕਿਹਾ ਕਿ ਸਾਡੇ ਸਮਾਜ ਵਿਚ ਕੁੜੀਆਂ ਨੂੰ ਜਨਮ ਲੈਣ ਤੋ ਪਹਿਲਾਂ ਹੀ ਮਾਰਿਆ ਜਾ ਰਿਹਾ ਹੈ ਜਿਸ ਕਾਰਨ ਲਿੰਗ ਅਨੁਪਾਤ ਵਿਗੜ ਰਿਹਾ ਹੈ। ਅਜੋਕੇ ਵਿਗਿਆਨਕ ਯੁੱਗ ਵਿੱਚ ਅਲਟਰਾਸਾਊਂਡ, ਸੋਨੋਗ੍ਰਾਫੀ ਤਕਨੀਕ ਦਾ ਗਲਤ ਇਸਤੇਮਾਲ ਕੀਤਾ ਜਾ ਰਿਹਾ ਹੈ। ਕੁੱਖ ਵਿਚ ਹੀ ਬੱਚੇ ਦੇ ਲਿੰਗ ਦਾ ਪਤਾ ਕਰ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖ ਵਿੱਚ ਮਾਰ ਦਿੱਤਾ ਜਾਂਦਾ ਹੈ। ਲੜਕੀਆਂ ਨੂੰ ਕੁੱਖਾਂ ਵਿੱਚ ਮਾਰਨ ਦੀ ਬਜਾਏ ਉਨ੍ਹਾਂ ਦੇ ਜਨਮ ਲੈਣ ਦੇ ਅਧਿਕਾਰ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਜਨਮ ਉਪਰੰਤ ਉਸਨੂੰ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਸ ਮੌਕੇ ਕਮਿਊਨਿਟੀ ਹੈਲਥ ਅਫਸਰ ਨਵਜੋਤ ਕੌਰ ਨੇ ਦੱਸਿਆਂ ਕਿ ਪੀਸੀਪੀਐਨਡੀਟੀ ਐਕਟ ਤਹਿਤ ਲਿੰਗ ਅਧਾਰਿਤ ਜਾਂਚ ਕਰਨ ਵਾਲੇ ਅਤੇ ਕਰਵਾਉਣ ਵਾਲਿਆਂ ਖਿਲਾਫ ਸ਼ਖ਼ਤ ਕਾਨੂੰਨੀ ਜੁਰਮਾਨਾ ਤੇ ਸਜ਼ਾ ਦਿੱਤੀ ਜਾਂਦੀ ਹੈ। ਇਸ ਮੌਕੇ ਏਐੱਨਐੱਮ ਸੰਦੀਪ ਕੌਰ, ਮੇਲ ਵਰਕਰ ਸਰਬਜੀਤ ਸਿੰਘ, ਆਸ਼ਾ ਵਰਕਰਾਂ ਅਤੇ ਪਿੰਡ ਵਾਸੀ ਹਾਜ਼ਰ ਸਨ।

# ਮਿਲੇਨੀਅਮ ਵਰਲਡ ਸਕੂਲ ਕੈਰੋਂ ਵਿਖੇ ਪਈਆਂ ਤੀਆਂ ਦੀਆਂ ਧਮਾਲਾਂ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਮਿਲੇਨੀਅਮ ਵਰਲਡ ਸਕੂਲ ਕੈਰੋਂ ਵਿਖੇ ਤੀਆਂ ਦਾ ਤਿਉਹਾਰ ਡਾਇਰੈਕਟਰ ਗੁਰਜਿੰਦਰ ਸਿੰਘ, ਕੁਲਬੀਰ ਕੌਰ ਅਤੇ ਪ੍ਰਿੰਸੀਪਲ ਮੁਕਤਾ ਤ੍ਰੇਹਨ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮਿਲੇਨੀਅਮ ਐਜੂਕੇਸ਼ਨ ਮੈਨੇਜਮੈਂਟ ਵੱਲੋਂ ਲਿਟਲ ਮਿਲੇਨੀਅਮ ਅਕੈਡਮਿਕ ਕੋਆਰਡੀਨੇਟਰ ਮਿਸ ਅੰਮ੍ਰਿਤਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਉਨ੍ਹਾਂ ਅਧਿਆਪਕਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਕੋਆਰਡੀਨੇਟਰ ਮਿਸ ਹਰਜੀਤ ਕੌਰ ਦੀ ਅਗਵਾਈ ਹੇਠ ਸਕੂਲ ਵਿੱਚ ਪੰਜਾਬੀ ਸੱਭਿਆਚਾਰ ਦੀ ਝਲਕ ਦਿਖਾਉਂਦੀ ਝਾਕੀ ਤਿਆਰ ਕੀਤੀ ਗਈ ਅਤੇ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਗਿੱਧਾ, ਭੰਗੜਾ, ਡਾਂਸ ਵੀ ਪੇਸ ਕੀਤੇ ਗਏ। ਵਿਦਿਆਰਥੀਆਂ ਨੂੰ ਤੀਆਂ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ। ਪ੍ਰਿੰਸੀਪਲ ਮੁਕਤਾ ਤ੍ਰੇਹਨ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਸੀਂ ਵਿਦਿਆਰਥੀਆਂ ਨੂੰ ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਨ ਲਈ ਹਮੇਸ਼ਾ ਤਤਪਰ ਰਹਿੰਦੇ ਹਾਂ ਅਤੇ ਅਸੀਂ ਬਹੁਤ ਮਾਣ ਵੀ ਮਹਿਸੂਸ ਕਰਦੇ ਹਾਂ। ਭਵਿੱਖ ਵਿੱਚ ਵੀ ਅਸੀਂ ਸੱਭਿਆਚਾਰਕ ਗਤੀਵਿਧੀਆਂ ਦਾ ਆਯੋਜਨ ਕਰਦੇ ਰਹਾਂਗੇ।

# ਸੁਖਬੀਰ ਬਾਦਲ ਨੇ ਬਿਮਾਰ ਬੰਦੀ ਸਿੰਘ ਭਾਈ ਖੇੜਾ ਨਾਲ ਕੀਤੀ ਮੁਲਾਕਾਤ



**ਅੰਮ੍ਰਿਤਸਰ: (ਜਸਬੀਰ ਪੱਟੀ)**—ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੰਦੀ ਸਿੰਘ ਭਾਈ ਸਾਹਿਬ ਗੁਰਦੀਪ ਸਿੰਘ ਖੇੜਾ ਨਾਲ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਮੁਲਾਕਾਤ ਕੀਤੀ ਜਿਥੇ ਉਹ ਸਰਕਾਰ ਦੇ ਲੰਬੇ ਸਮੇਂ ਦੇ ਤਸ਼ੱਦਦ, ਅਨਿਆਂ ਤੇ ਅਸੰਵੇਦਨਸ਼ੀਲਤਾ ਦਾ ਸ਼ਿਕਾਰ ਹੋਣ ਮਗਰੋਂ ਇਲਾਜ ਅਧੀਨ ਹਨ। ਸ. ਬਾਦਲ ਨੇ ਭਾਈ ਸਾਹਿਬ ਦੀ ਸਿਹਤ ਦਾ ਹਾਲ ਚਾਲ ਜਾਣਿਆ ਤੇ ਨਾਲ ਹੀ ਹਸਪਤਾਲ ਵਿਚ ਉਨ੍ਹਾਂ ਨੂੰ ਮਿਲ ਰਹੀ ਇਲਾਜ ਸਹੂਲਤ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਭਾਈ ਸਾਹਿਬ ਨੂੰ ਤੁਰੰਤ ਉਸ ਵਾਰਡ ਵਿਚ ਸ਼ਿਫਟ ਕੀਤਾ ਜਾਣਾ ਚਾਹੀਦਾ ਹੈ ਜਿਥੇ ਬੰਦੀ ਸਿੰਘ ਨੂੰ 24 ਘੰਟੇ ਚੰਗੀ ਇਲਾਜ ਸਹੂਲਤ ਮਿਲ ਸਕੇ।

ਇਕ ਬਿਆਨ ਵਿਚ ਬਾਦਲ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਜਿਹੜੇ ਬੰਦੀ ਸਿੰਘਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਾਈ ਦਵਿੰਦਰਪਾਲ ਸਿੰਘ ਭੁੱਲਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਭਾਰਤ ਸਰਕਾਰ ਦੀ ਸਹਿਮਤੀ ਦੇਣ ਦੇ ਬਾਵਜੂਦ ਸਹਿਮਤੀ ਨਾ ਦੇਣ ਕਾਰਨ ਦਿੱਲੀ ਸਰਕਾਰ ਦੀ 'ਗੈਰ ਕਾਨੂੰਨੀ ਹਿਰਾਸਤ' ਵਿਚ ਹਨ। ਉਨ੍ਹਾਂ ਕਿਹਾ ਕਿ ਅਨੇਕਾਂ ਹੋਰ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਹੋਣ ਮਗਰੋਂ ਅਨਿਆਂ ਦਾ ਸਾਹਮਣਾ ਕਰ ਰਹੇ ਹਨ ਤੇ ਜੇਲ੍ਹਾਂ ਵਿਚ ਪਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਭਾਰਤ ਦੇ ਸੰਵਿਧਾਨ ਦਾ ਅਪਮਾਨ ਹੈ ਜਦੋਂਕਿ ਸੰਵਿਧਾਨ ਵਿਚ ਸਭ ਲਈ ਕਾਨੂੰਨ ਬਰਾਬਰ ਤੇ ਸਭ ਲਈ ਸਮਾਨਤਾ ਦਾ ਜ਼ਿਕਰ ਹੈ। ਉਨ੍ਹਾਂ ਕਿਹਾ ਕਿ ਇਹ ਆਮ ਪ੍ਰਭਾਵ ਹੈ ਕਿ ਦੇਸ਼ ਵਿਚ ਦੋ ਤਰੀਕੇ ਦੇ ਕਾਨੂੰਨ ਚਲ ਰਹੇ ਹਨ, ਇਕ ਸਿੱਖਾਂ ਵਾਸਤੇ ਹੈ ਤੇ ਇਕ ਹੋਰਨਾਂ ਵਾਸਤੇ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਗਲਤ ਤੇ ਖ਼ਤਰਨਾਕ ਰੁਝਾਨ ਹੈ ਤੇ ਇਹ ਭਾਰਤ ਦੇ ਸੰਵਿਧਾਨ ਦੇ ਖਿਲਾਫ ਹੈ ਜਿਸਦੀ ਸਹੁੰ ਭਾਰਤ ਸਰਕਾਰ ਚੁੱਕਦੀ ਹੈ।

# ਸੰਪਰਦਾਇ ਸਰਹਾਲੀ ਸਾਹਿਬ ਨੇ ਗੁਰੂ ਨਗਰੀ 'ਚ ਰੱਖਿਆ ਹਸਪਤਾਲ ਦਾ ਨੀਂਹ ਪੱਥਰ



**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)**-ਇਤਿਹਾਸਕ ਨਗਰ ਗੋਇੰਦਵਾਲ ਸਾਹਿਬ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਤਾਰਾ ਸਿੰਘ ਜੀ ਸੰਪਰਦਾਇ ਸਰਹਾਲੀ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਇਲਾਕੇ ਦੇ ਲੋਕਾਂ ਨੂੰ ਗੁਰੂ ਨਗਰੀ ਵਿੱਚ ਚੰਗੀਆਂ ਸਿਹਤ ਸਹੂਲਤ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੇ ਜਾ ਰਹੇ ਨਵੇਂ ਹਸਪਤਾਲ ਦੇ ਨਿਰਮਾਣ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਗਿਆ। ਗੁਰਦੁਆਰਾ ਬਾਉਲੀ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਗੁਰਮੁੱਖ ਸਿੰਘ ਵੱਲੋਂ ਅਰਦਾਸ ਉਪਰੰਤ ਜੈਕਾਰਿਆ ਦੀ ਗੂੰਜ ਵਿੱਚ ਸੰਤ ਬਾਬਾ ਘੋਲਾ ਸਿੰਘ, ਬਾਬਾ ਗੁਰਨਾਮ ਸਿੰਘ ਯੂਪੀ ਵਾਲਿਆਂ, ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਗੁਰਬਚਨ ਸਿੰਘ ਕਰਮੂੰਵਾਲਾ, ਮੈਨੇਜਰ ਸਰਬਜੀਤ ਸਿੰਘ ਮੁੰਡਾਪਿੰਡ ਵੱਲੋਂ ਟੱਕ ਲਾ ਕੇ ਧਾਰਮਿਕ ਮਰਿਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਹਸਪਤਾਲ ਦਾ ਨੀਂਹ ਪੱਥਰ ਰੱਖਿਆ ਗਿਆ । ਬਾਬਾ ਗੁਰਨਾਮ ਸਿੰਘ ਯੂਪੀ ਵਾਲਿਆਂ ਦੱਸਿਆ ਕਿ ਇਲਾਕੇ ਦੇ ਲੋਕਾਂ ਨੂੰ ਸਸਤੀਆਂ ਅਤੇ ਚੰਗੀਆਂ ਸਿਹਤ ਸੇਵਾਵਾਂ ਦੇਣ ਲਈ ਹਸਪਤਾਲ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜਿਸ ਦੇ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਆਰੰਭ ਕਰ ਦਿੱਤੇ ਗਏ ਹਨ। ਉਨ੍ਹਾਂ ਆਖਿਆ ਕਿ ਫਿਲਹਾਲ ਇਸ ਹਸਪਤਾਲ ਦੀ ਸ਼ੁਰੂਆਤ 20 ਕਮਰਿਆਂ ਦੀ ਉਸਾਰੀ ਨਾਲ ਕੀਤੀ ਜਾ ਰਹੀ ਹੈ ਜਿਸ ਵਿੱਚ ਮਰੀਜ਼ਾਂ ਲਈ ਅੱਖਾਂ ਨਾਲ ਸਬੰਧਤ ਪ੍ਰੇਸ਼ਾਨੀ ਲਈ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਨਾਲ ਓਪੀਡੀ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਦੌਰਾਨ ਬਾਬਾ ਦਵਿੰਦਰ ਸਿੰਘ ਸੋਨੂੰ ਨੇ ਦੱਸਿਆ ਕਿ ਹਸਪਤਾਲ ਦੇ ਨਿਰਮਾਣ ਕਾਰਜ ਦੇਸ਼-ਵਿਦੇਸ਼ ਵੱਸਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੰਪਰਦਾਇ ਸਰਹਾਲੀ ਸਾਹਿਬ ਵੱਲੋਂ ਨੇਪਰੇ ਚਾੜ੍ਹੇ ਜਾਣਗੇ।

# ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨਾਲ ਮੀਟਿੰਗ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੂਰੋਵਾਲ, ਅਨਿਲ ਕੁਮਾਰ, ਮਨਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮੈਡਮ ਮਮਤਾ ਸੇਠੀ ਨਾਲ ਅਧਿਆਪਕਾਂ ਦੇ ਮਸਲਿਆਂ ਨੂੰ ਹੱਲ ਕਰਨ ਸਬੰਧੀ ਮੀਟਿੰਗ ਕੀਤੀ। ਆਗੂਆਂ ਨੇ ਦੱਸਿਆ ਕਿ ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਤਰੱਕੀਆਂ ਸਬੰਧੀ, ਈਟੀਟੀ ਤੋਂ ਹੈੱਡ ਟੀਚਰ ਤਰੱਕੀਆਂ ਸਬੰਧੀ, 2002 ਤੋਂ ਪਹਿਲਾਂ ਦਾ ਅਧਿਆਪਕਾਂ ਦਾ ਜੀ ਪੀ ਫੰਡ ਬਕਾਇਆ ਬਲਾਕਾਂ ਨੂੰ ਵਾਪਿਸ ਭੇਜਣ, 6ਵੇਂ ਪੇ ਕਮਿਸ਼ਨ ਦੀ ਅਨਾਮਲੀ ਸਬੰਧੀ ਦਫਤਰ ਵੱਲੋਂ ਜਾਰੀ ਪੱਤਰ ਨੂੰ ਲਾਗੂ ਕਰਨ, ਏ ਸੀ ਆਰ ਸਬੰਧੀ, ਅਧਿਆਪਕਾਂ ਦੀਆਂ ਬੀ ਐਲ ਓ ਡਿਊਟੀ ਅਤੇ ਹੋਰ ਗ਼ੈਰ ਵਿੱਦਿਅਕ ਕੰਮਾਂ ਨੂੰ ਬੰਦ ਕਰਨ ਸਬੰਧੀ, ਟੀਚੰਗ ਫੈਲੋਜ਼ ਅਧਿਆਪਕਾਂ ਦਾ ਪੱਖ ਸੁਣਨ ਸਬੰਧੀ, ਨਵ-ਨਿਯੁਕਤ ਐਸੋਸੀਏਟ ਟੀਚਰਜ਼ ਨੂੰ ਹਾਜ਼ਰ ਹੋਣ ਉਪਰੰਤ ਡੈਪੂਟੇਸ਼ਨ ਲਗਾਉਣ ਸਬੰਧੀ, ਐਕਸਿਸ ਬੈਂਕ ਵਲੋਂ ਪੀ ਐਫ ਐਮ ਐਸ ਖਾਤਿਆਂ ਦੀਆਂ ਪਾਸ ਬੁੱਕ ਸਬੰਧੀ, ਰਿਟਰਨ ਭਰਨ ਸਮੇਂ ਅਧਿਆਪਕਾਂ ਨੂੰ ਆਈਆਂ ਮੁਸ਼ਕਲਾਂ ਸੰਬੰਧੀ ਵਿਚਾਰ ਹੋਈ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਅਧਿਆਪਕਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇਗਾ। ਵਫਦ ਵਿੱਚ ਵਿਜੇ ਕੁਮਾਰ, ਜੋਤ ਪਰਕਾਸ਼ ਸਿੰਘ, ਮੰਗਲਦੀਪ, ਰੇਖਾ, ਇੰਦੂ ਬਾਲਾ, ਹਰਪ੍ਰੀਤ ਸਿੰਘ, ਜਗਜੀਤ ਸਿੰਘ, ਲਵਪ੍ਰੀਤ ਸਿੰਘ, ਬਿੰਦਰ ਸਿੰਘ, ਕਸ਼ਮੀਰ ਸਿੰਘ, ਮਨਿੰਦਰ ਸਿੰਘ, ਮਦਨ ਲਾਲ, ਬਲਕਾਰ ਸਿੰਘ, ਹਰਚਰਨ ਸਿੰਘ, ਜਸਵੰਤ ਸਿੰਘ ਕੰਵਲਜੀਤ ਸਿੰਘ, ਦਫਤਰ ਵੱਲੋਂ ਸੁਪਰਡੰਟ ਸੁਰਿੰਦਰ ਸਿੰਘ, ਰਾਜ ਕੁਮਾਰ ਅਤੇ ਫਰਜੰਦ ਆਦਿ ਹਾਜ਼ਰ ਸਨ।

# ਜਸ਼ਨ-ਏ-ਆਜ਼ਾਦੀ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ 15 ਅਗਸਤ ਨੂੰ ਮਨਾਏ ਜਾ ਰਹੇ ਕੌਮੀ ਆਜ਼ਾਦੀ ਦਿਹਾੜੇ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਸਥਾਨਕ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਸ ਵਾਰ ਵੀ ਗੁਰਦਾਸਪੁਰ ਵਿਖੇ ਜਸ਼ਨ-ਏ-ਅਜ਼ਾਦੀ ਸਮਾਗਮ ਪੂਰੀ ਧੂਮ-ਧਾਮ ਨਾਲ ਮਨਾਇਆ ਜਾਵੇਗਾ ਅਤੇ ਹਰ ਵਿਭਾਗ ਆਪਣੀਆਂ ਤਿਆਰੀਆਂ ਨੂੰ ਸਮਾਂ ਰਹਿੰਦੇ ਮੁਕੰਮਲ ਕਰ ਲਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਉਪਰੰਤ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮ ਗਾਰਡ, ਐਨ.ਸੀ.ਸੀ. ਕੈਡਿਟ, ਭਾਰਤੀ ਫ਼ੌਜ ਦਾ ਬੈਂਡ ਅਤੇ ਵੱਖ-ਵੱਖ ਸਕੂਲਾਂ ਦੀਆਂ ਪਰੇਡ ਅਤੇ ਬੈਂਡ ਟੀਮਾਂ ਵਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਸ਼ਾਨਦਾਰ ਝਾਕੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਜ਼ਾਦੀ ਦਿਹਾੜੇ ਮੌਕੇ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ, ਵੀਰ ਨਾਰੀਆਂ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਜਸ਼ਨਾਂ ਦੌਰਾਨ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਦੀ ਤਰਜ਼ਮਾਨੀ ਕਰਦਾ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੱਭਿਆਚਾਰਕ ਪ੍ਰੋਗਰਾਮ ਦੀ ਰੋਜ਼ਾਨਾਂ ਰਿਹਰਸਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ 12 ਅਗਸਤ ਨੂੰ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ ਹੋਵੇਗੀ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਟੇਡੀਅਮ ਦੇ ਨਾਲ ਸਮੁੱਚੇ ਸ਼ਹਿਰ ਦੀ ਸਾਫ਼-ਸਫ਼ਾਈ ਅਤੇ ਚੌਂਕਾਂ ਦੀ ਸਜ਼ਾਵਟ ਵੱਲ ਵਿਸ਼ੇਸ਼ ਧਿਆਨ ਦੇਣ ਦੀਆਂ ਹਦਾਇਤਾਂ ਦਿੱਤੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਵਿੰਦਰਪਾਲ ਸਿੰਘ ਸੰਧੂ, ਸਹਾਇਕ ਕਮਿਸ਼ਨਰ (ਜ) ਸਚਿਨ ਪਾਠਕ, ਐੱਸ.ਪੀ. ਨਵਜੋਤ ਸਿੰਘ, ਤਹਿਸੀਲਦਾਰ ਰਾਜਵਿੰਦਰ ਕੌਰ, ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿਲੋਂ, ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਡਿਪਟੀ ਡਾਇਰੈਕਟਰ ਤਜਿੰਦਰ ਸਿੰਘ ਬਾਜਵਾ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਹਰਚਰਨ ਸਿੰਘ ਕੰਗ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਵਿਨੋਦ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਮਮਤਾ ਖੁਰਾਣਾ ਸੇਠੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸਪੈਸ਼ਲ ਕੈਂਪ 'ਚ ਮੁਫਤ ਬਦਲੇ ਜਾਣਗੇ ਗੋਡੇ ਤੇ ਚੂਲੇ : ਡਾ: ਮਨਜਿੰਦਰ ਸਿੰਘ



**ਮਜੀਠਾ (ਸੋਇਮ ਆਨੰਦ)**-ਪੰਜਾਬ ਸਰਕਾਰ ਵੱਲੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਇਸ ਯੋਜਨਾ ਦੇ ਕਾਰਡ ਧਾਰਕਾਂ ਲਈ 5 ਲੱਖ ਰੁਪਏ ਤੱਕ ਦਾ ਪੰਜਾਬ ਸਰਕਾਰ ਵਲੋਂ ਨਿਰਧਾਰਤ ਹਸਪਤਾਲਾਂ ਵਿਚ ਮੁਫਤ ਡਾਕਟਰੀ ਇਲਾਜ ਕੀਤਾ ਜਾਂਦਾ ਹੈ। ਇਸ ਯੋਜਨਾ ਤਹਿਤ ਕਮਿਊਨਿਟੀ ਸਿਹਤ ਕੇਂਦਰ ਮਜੀਠਾ ਵਿਖੇ ਹੱਡੀਆਂ ਅਤੇ ਜੋੜਾਂ ਦੇ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ। ਇਸ ਯੋਜਨਾ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਹੱਡੀਆਂ ਅਤੇ ਜੋੜਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਧਾਰਕ ਮਰੀਜ਼ ਜਿਨ੍ਹਾਂ ਦੇ ਗੋਡੇ, ਚੂਲੇ ਜਾਂ ਹੋਰ ਹੱਡੀਆਂ ਨਾਲ ਸਬੰਧਤ ਅਪਰੇਸ਼ਨ ਜਿਨ੍ਹਾਂ ਤੇ 5 ਲੱਖ ਰੁਪਏ ਤੱਕ ਦਾ ਖਰਚਾ ਹੋ ਸਕਦਾ ਹੈ। ਮਜੀਠਾ ਵਿਖੇ ਮੁਫਤ ਇਲਾਜ ਕਰਕੇ ਗੋਡੇ ਅਤੇ ਚੂਲੇ ਬਦਲਣ ਦੇ ਅਪਰੇਸ਼ਨ ਕੀਤੇ ਜਾਂਦੇ ਹਨ। ਮਜੀਠਾ ਵਿਖੇ ਇੱਕ ਬਜ਼ੁਰਗ ਮਰੀਜ਼ ਸਤਵਿੰਦਰ ਸਿੰਘ 65 ਸਾਲ ਵਾਸੀ ਪਿੰਡ ਨਿਜ਼ਾਮਪੁਰ ਜਿਸ ਦੇ ਗੋਡਿਆਂ ਦਾ ਅਪਰੇਸ਼ਨ ਕਰਕੇ ਦੋਵੇਂ ਗੋਡੇ ਬਦਲੇ ਹਨ।

ਅਪਰੇਸ਼ਨ ਕਰਨ ਤੋਂ ਬਾਅਦ ਡਾ: ਮਨਜਿੰਦਰ ਸਿੰਘ ਨੇ ਦੱਸਿਆ ਕਿ ਮਰੀਜ਼ ਦਾ ਗੋਡੇ ਬਦਲਣ ਦਾ ਸਾਰਾ ਇਲਾਜ ਬਿਲਕੁਲ ਮੁਫਤ ਕੀਤਾ ਗਿਆ ਹੈ। ਮਰੀਜ਼ ਦਾ ਕੋਈ ਖਰਚਾ ਨਹੀਂ ਲੱਗਾ। ਡਾ: ਮਨਜਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਇਸ ਸਕੀਮ ਤਹਿਤ ਸਰਕਾਰੀ ਹਸਪਤਾਲ ਮਜੀਠਾ ਵਿਖੇ ਗੋਡਿਆਂ ਅਤੇ ਹੱਡੀਆਂ ਦੇ ਅਪਰੇਸ਼ਨ ਕਰਨ ਦਾ ਕੈਂਪ 2 ਮਹੀਨੇ ਲਗਾਤਾਰ ਜਾਰੀ ਰਹੇਗਾ।

# ਮਨਰੇਗਾ ਮੇਟਾਂ 'ਤੇ 100 ਦਿਨ ਦੀ ਸ਼ਰਤ ਖਤਮ, ਸਕਿੱਲਡ ਵਰਕਰ ਦੀ ਵੇਜ ਹੋਵੇਗੀ ਲਾਗੂ-ਦੀਪਕ ਠਾਕੁਰ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**—ਮਨਰੇਗਾ ਵਰਕਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦਾ ਵਫ਼ਦ ਸਟੇਟ ਪ੍ਰੋਗਰਾਮ ਮੈਨੇਜ਼ਰ (ਮਨਰੇਗਾ) ਨੂੰ ਮਿਲਿਆ। ਜ਼ਿਲ੍ਹਾ ਪ੍ਰਧਾਨ ਪ੍ਰਮਜੀਤ ਕੌਰ ਆਸਫ਼ਪੁਰ ਨੇ ਦਸਿਆ ਕਿ ਮਨਰੇਗਾ ਕਾਮਿਆਂ ਅਤੇ ਮੇਟਾਂ ਨੂੰ ਦਰਪੇਸ਼ ਸਮਸਿਆਵਾਂ ਸਬੰਧੀ ਜ਼ਿਲ੍ਹਾ ਕਮੇਟੀ ਦਾ ਵਫ਼ਦ ਸੰਯੋਜਕ ਮਨਜੀਤ ਸੈਣੀ ਹੁਸ਼ਿਆਰਪੁਰ ਦੀ ਅਗਵਾਈ ਹੇਠ ਸਟੇਟ ਪ੍ਰੋਗਰਾਮ ਮੈਨੇਜ਼ਰ (ਐਸਪੀਐਮ) ਮਨਰੇਗਾ, ਪੰਜਾਬ ਰਜਨੀ ਬਾਲਾ ਨੂੰ ਮੁਹਾਲੀ ਸਥਿਤ ਦਫ਼ਤਰ ਵਿਖੇ ਮਿਲਿਆ। ਸੁਖਾਵੇਂ ਮਾਹੌਲ 'ਚ ਵਫ਼ਦ ਨਾਲ ਹੋਈ ਮੀਟਿੰਗ 'ਚ ਐਸਪੀਐਮ ਰਜਨੀ ਬਾਲਾ ਨੇ ਦਸਿਆ ਕਿ ਮਨਰੇਗਾ ਮੇਟਾਂ ਨੂੰ ਸਕਿੱਲਡ ਵਰਕਰ ਦੀ ਵੇਜ਼ ਦਿੱਤੀ ਜਾਵੇਗੀ, ਅਤੇ ਮੇਟਾਂ 'ਤੇ 100 ਦਿਨ ਦੀ ਸ਼ਰਤ ਸਮਾਪਤ ਕਰ ਦਿੱਤੀ ਗਈ ਹੈ। ਮਨਰੇਗਾ ਵਰਕਰਾਂ ਦੇ ਬੀਮੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਅਤੇ ਕੰਮ ਦੌਰਾਨ ਮਨਰੇਗਾ ਕਾਮਿਆਂ/ਮੇਟਾਂ ਦੇ ਸੱਟ-ਚੋਟ ਲੱਗਣ 'ਤੇ ਯੋਗ ਮੁਆਵਜ਼ਾ ਦਿੱਤਾ ਜਾਵੇਗਾ। ਵਿਭਾਗ ਵੱਲੋਂ ਜ਼ਲਦ ਹੀ ਜ਼ਿਲ੍ਹਾ ਮਨਰੇਗਾ ਅਧਿਕਾਰੀਆਂ ਨੂੰ ਪੱਤਰ ਜ਼ਾਰੀ ਕੀਤੇ ਜਾ ਰਹੇ ਹਨ। ਵਫ਼ਦ ਨੇ ਮਨਰੇਗਾ ਕਾਮਿਆਂ ਦੇ ਦਿਨਾਂ ਅਤੇ ਦਿਹਾੜੀ 'ਚ ਵਾਧਾ ਜਾਂ ਦਿਹਾੜੀ ਡੀਸੀ ਰੇਟ 'ਤੇ ਦੇਣ, ਗਰਾਮ ਰੁਜ਼ਗਾਰ ਸਹਾਇਕਾਂ ਦੀ ਭਰਤੀ 'ਚ ਮਨਰੇਗਾ ਮੇਟਾਂ ਵਰਕਰਾਂ ਨੂੰ ਪਹਿਲ ਦੇਣ, ਮੇਟਾਂ ਨੂੰ ਮੋਬਾਇਲ ਅਤੇ ਦਫ਼ਤਰ ਆਣ ਜਾਣ ਦਾ ਭੱਤਾ, ਮੇਟਾਂ ਨੂੰ ਟ੍ਰੇਨਿੰਗ ਆਦਿ ਦੇਣ ਸਬੰਧੀ ਮੰਗ ਪੱਤਰ ਦਿੱਤਾ। ਐਸਪੀਐਨ ਰਜਨੀ ਬਾਲਾ ਨੇ ਕਿਹਾ ਕਿ ਇਹ ਮੰਗਾਂ ਰਾਜ ਅਤੇ ਕੇਂਦਰ ਸਰਕਾਰ ਨਾਲ ਸਬੰਧਤ ਹਨ। ਉਨ੍ਹਾਂ ਸੰਬਧਤ ਸਰਕਾਰਾਂ ਨੂੰ ਉਕਤ ਮੰਗਾਂ ਭੇਜਣ ਦਾ ਭਰੋਸਾ ਦਿੱਤਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਵਫ਼ਦ 'ਚ ਬਲਵਿੰਦਰ ਕੌਰ ਹਾਜੀਪੁਰ, ਜ਼ਿਲ੍ਹਾ ਜਨ ਸਕੱਤਰ ਕਮਲਾ ਦੇਵੀ ਦਸੂਹਾ, ਰਕਸ਼ਾ ਦੇਵੀ ਦਸੂਹਾ, ਊਸ਼ਾ ਰਾਣੀ ਤੇ ਤੇਜਿੰਦਰ ਕੌਰ ਮਾਹਿਲਪੁਰ, ਗੁਰਨਾਮ ਸਿੰਘ, ਪਰਮਜੀਤ ਸਿੰਘ ਟਾਂਡਾ, ਸੋਹਨ ਲਾਲ ਤਲਵਾੜਾ ਸ਼ਾਮਲ ਸਨ।

# ਡਾ. ਵਰਿੰਦਰਪਾਲ ਕੌਰ ਦੀ ਅਗਵਾਈ 'ਚ ਚਾਈਲਡ ਡੈੱਥ ਰੀਵਿਊ ਮੀਟਿੰਗ ਹੋਈ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ 0-5 ਸਾਲ ਦੇ ਬੱਚਿਆਂ ਦੀ ਮੌਤਾਂ ਦਾ ਰੀਵਿਊ ਕਰਨ ਲਈ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਦੀ ਅਗਵਾਈ ਹੇਠ ਚਾਈਲਡ ਡੈੱਥ ਰੀਵਿਊ ਮੀਟਿੰਗ ਸਿਵਲ ਸਰਜਨ ਦਫਤਰ ਤਰਨ ਤਾਰਨ ਵਿਖੇ ਕੀਤੀ ਗਈ, ਜਿਸ ਵਿੱਚ ਬਲਾਕਾਂ ਤੋਂ ਐਲ.ਐਚ.ਵੀ. ਸਬੰਧਤ ਏ.ਐਨ.ਐਮ. ਅਤੇ ਅੰਤਰੀਵੀ ਕਮੇਟੀ ਨੇ ਸ਼ਿਰਕਤ ਕੀਤੀ। ਵੱਖ-ਵੱਖ ਕਾਰਨਾਂ ਕਰਕੇ 5 ਸਾਲ ਤੱਕ ਦੇ ਕੁੱਲ 11 ਬੱਚਿਆਂ ਦੀ ਡੈੱਥ ਰਿਪੋਰਟ ਕੀਤੀ ਗਈ ਸੀ, ਜਿਨ੍ਹਾਂ ਦੇ ਕਾਰਨਾਂ ਤੇ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕੀਤਾ ਗਿਆ। ਰੀਵਿਊ ਮੀਟਿੰਗ ਦੌਰਾਨ ਡਾ. ਵਰਿੰਦਰਪਾਲ ਕੌਰ ਨੇ ਕਿਹਾ ਕਿ ਇਨ੍ਹਾਂ ਵਿੱਚ ਜਮਾਂਦਰੂ ਬਿਮਾਰੀਆਂ, ਘੱਟ ਭਾਰ ਵਾਲੇ ਬੱਚੇ ਅਤੇ ਹੋਰ ਕਾਰਨਾਂ ਕਰਕੇ ਇਹ ਮੌਤਾਂ ਹੋਈਆਂ ਹਨ। ਉਨ੍ਹਾਂ ਹਾਜ਼ਰ ਏ. ਐਨ. ਐਮਜ, ਐੱਲ. ਐੱਚ. ਵੀ. ਨੂੰ ਗਰਭਵਤੀ ਔਰਤਾਂ ਦੀ ਜਲਦੀ ਤੋਂ ਜਲਦ ਰਜਿਸਟ੍ਰੇਸ਼ਨ ਕਰਨ, ਨਿਯਮਤ ਸਿਹਤ ਜਾਂਚ ਵਿੱਚ ਬੀ. ਪੀ. ਭਾਰ ਅਤੇ ਖੂਨ ਦੀ ਜਾਂਚ ਕਰਨ ਹਾਈ ਰਿਸਕ ਡਲਿਵਰੀਆਂ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਕੀਤੀਆਂ।

ਮੀਟਿੰਗ ਦੌਰਾਨ ਡਾ. ਵਰਿੰਦਰਪਾਲ ਕੌਰ ਨੇ ਦੱਸਿਆ ਕਿ ਰੀਵਿਊ ਦੌਰਾਨ ਵੇਖਣ ਵਿੱਚ ਆਇਆ ਹੈ ਕਿ ਜ਼ਿਆਦਾਤਾਰ ਮੌਤਾਂ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੱਚਿਆਂ ਅਤੇ ਬੱਚਿਆਂ ਦੇ ਐਸਪੀਡੇਂਟ ਹੋਣ ਕਾਰਨ ਹੋਈਆਂ ਹਨ। ਉਨ੍ਹਾਂ ਨੇ ਇਸ ਸਬੰਧੀ ਫੀਲਡ ਸਟਾਫ ਨੂੰ ਹਦਾਇਤ ਕੀਤੀ ਕਿ ਨਵਜੰਮੇ ਬੱਚੇ ਨੂੰ ਇੱਕ ਘੰਟੇ ਦੇ ਅੰਦਰ ਮਾਂ ਦਾ ਦੁੱਧ ਪਿਲਾਇਆ ਜਾਵੇ। ਏ. ਐਨ. ਐਮਜ਼. ਅਤੇ ਆਸ਼ਾ ਵਰਕਰਾਂ ਵੱਲੋਂ ਮਾਵਾਂ ਨੂੰ ਬੱਚੇ ਨੂੰ ਸਹੀ ਤਰੀਕੇ ਨਾਲ ਦੁੱਧ ਚੰਘਾਉਣ ਲਈ ਸਿੱਖਿਅਤ ਕੀਤਾ ਜਾਵੇ।

# ਅੰਤ੍ਰਿੰਗ ਕਮੇਟੀ ਨੇ ਸਰਕਾਰਾਂ ਵੱਲੋਂ ਸਿੱਖ ਮਾਮਲਿਆਂ 'ਚ ਦਖ਼ਲ ਦਾ ਲਿਆ ਕਰੜਾ ਨੋਟਿਸ

## * ਕੌਮੀ ਘੱਟ-ਗਿਣਤੀ ਕਮਿਸ਼ਨ ਆਪਣੇ ਅਧਿਕਾਰਾਂ ਦੀ ਕਰ ਰਿਹਾ ਦੁਰਵਰਤੋਂ : ਧਾਮੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਈ ਇਕੱਤਰਤਾ ਦੌਰਾਨ ਸਰਕਾਰਾਂ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਅਤੇ ਸੰਸਥਾਵਾਂ ਵਿਚ ਦਖ਼ਲਅੰਦਾਜ਼ੀ ਦਾ ਕਰੜਾ ਨੋਟਿਸ ਲਿਆ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ ਵਿਚ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦਾ ਪ੍ਰਬੰਧਕ ਗੈਰ ਸਿੱਖ ਲਗਾਉਣ ਵਿਰੁੱਧ ਮਤਾ ਪਾਸ ਕਰਨ ਤੋਂ ਇਲਾਵਾ ਕੌਮੀ ਘਟਗਿਣਤੀ ਕਮਿਸ਼ਨ ਵੱਲੋਂ ਆਪਣੇ ਦਾਇਰੇ ਤੋਂ ਬਾਹਰ ਜਾ ਕੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨਾਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ। ਇਸ ਦੇ ਨਾਲ ਹੀ 1984 ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਨੂੰ ਪੁਲਬੰਗਸ਼ ਕੇਸ ਵਿਚ ਅਗਾਊਂ ਜ਼ਮਾਨਤ ਖਿਲਾਫ ਪੀੜਤ ਪਰਿਵਾਰਾਂ ਦੀ ਉੱਚ ਅਦਾਲਤ ਵਿਚ ਪੈਰਵਾਈ ਲਈ ਕਾਨੂੰਨੀ ਸਹਾਇਤਾ ਦਾ ਫੈਸਲਾ ਵੀ ਕੀਤਾ ਗਿਆ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਸਿੱਖ ਮਾਮਲਿਆਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਇਕ ਗਹਿਰੀ ਸਾਜ਼ਿਸ਼ ਹੈ, ਜਿਸ ਨੂੰ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਸਿੱਖ ਗੁਰਧਾਮਾਂ ਦੀ ਆਪਣੀ ਮਰਯਾਦਾ ਅਤੇ ਰਵਾਇਤ ਹੈ, ਜਿਸ ਅਨੁਸਾਰ ਸਿੱਖ ਸੰਸਥਾਵਾਂ ਸੇਵਾ ਸੰਭਾਲ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦਾ ਪ੍ਰਬੰਧਕ ਗੈਰ ਸਿੱਖ ਲਗਾ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਗਈ ਹੈ। ਇਹ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਕਿ ਇਕ ਪਾਵਨ ਤਖ਼ਤ ਸਾਹਿਬ ਦਾ ਪ੍ਰਬੰਧਕ ਗੈਰ ਸਿੱਖ ਹੋਵੇ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਆ ਰਹੀਆਂ ਸ਼ਤਾਬਦੀਆਂ ਜਾਹੋ-ਜਲਾਲ ਨਾਲ ਮਨਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਸ ਤਹਿਤ 9 ਸਤੰਬਰ 2023 ਨੂੰ ਨਾਭਾ ਦਿਵਸ ਦੀ 100 ਸਾਲਾ ਸ਼ਤਾਬਦੀ, 1 ਅਕਤੂਬਰ 2023 ਨੂੰ ਸਿੰਘ ਸਭਾ ਲਹਿਰ ਦੀ 150 ਸਾਲਾ ਸ਼ਤਾਬਦੀ ਅਤੇ 21 ਫ਼ਰਵਰੀ 2024 ਨੂੰ ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਦੇ ਸਮਾਗਮ ਕੀਤੇ ਜਾਣਗੇ। ਇਸ ਤੋਂ ਇਲਾਵਾ ਵੱਖ-ਵੱਖ ਸੈਮੀਨਾਰ ਅਤੇ ਦੇਸ਼ ਭਰ ਅੰਦਰ ਸਮਾਗਮਾਂ ਦੀ ਲੜੀ ਵੀ ਚਲਾਈ ਜਾਵੇਗੀ। ਐਡਵੋਕੇਟ ਧਾਮੀ ਨੇ ਦੱਸਿਆ ਕਿ ਜੈਤੋ ਦੇ ਮੋਰਚੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇ ਲਿਜਾਣ ਵਾਲੇ ਗੁਰਸਿੱਖ ਦੇ ਪਿੰਡਾਂ ਵਿਚ ਵਿਸ਼ੇਸ਼ ਤੌਰ 'ਤੇ ਸਮਾਗਮ ਕੀਤੇ ਜਾਣਗੇ।

# ਤਰਕਸ਼ੀਲ ਸੁਸਾਇਟੀ ਵੱਲੋਂ ਅੰਧ-ਵਿਸ਼ਵਾਸ ਫੈਲਾਉਣ ਵਾਲੀ ਇਸ਼ਤਿਹਾਰਬਾਜ਼ੀ 'ਤੇ ਰੋਕ ਲਾਉਣ ਦੀ ਮੰਗ



**ਜਲੰਧਰ** (ਨਵਾਂ ਜ਼ਮਾਨਾ ਸਰਵਿਸ)—ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸਮੂਹ ਪ੍ਰਿੰਟ ਅਤੇ ਬਿਜਲਈ ਮੀਡੀਆ ਅਦਾਰਿਆਂ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਸਮਾਜ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਵਡੇਰੇ ਹਿੱਤਾਂ ਦੀ ਖਾਤਰ ਮੀਡੀਆ ਵਿਚ ਵਹਿਮ ਭਰਮ, ਅੰਧ ਵਿਸ਼ਵਾਸ ,ਅਖੌਤੀ ਚਮਤਕਾਰ ,ਅਸ਼ਲੀਲਤਾ ਅਤੇ ਫਿਰਕੂ ਨਫਰਤ ਫੈਲਾਉਣ ਵਾਲੇ ਗੈਰ ਵਿਗਿਆਨਕ ਮੈਟਰ ਉਤੇ ਸਵੈ ਰੋਕ ਲਾਈ ਜਾਵੇ ਅਤੇ ਸੰਵਿਧਾਨ ਦੀ ਧਾਰਾ 51 ਏ (ਐਚ) ਤਹਿਤ ਲੋਕਾਂ ਵਿਚ ਵਿਗਿਆਨਕ ਸੋਚ ਪ੍ਰਫੁੱਲਿਤ ਕਰਨ ਦੇ ਵਿਸ਼ੇਸ਼ ਯਤਨ ਕੀਤੇ ਜਾਣ । ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇਕ ਵਫਦ ਜਿਸ ਵਿਚ ਸੂਬਾ ਤਰਕਸ਼ੀਲ ਆਗੂ ਜਸਵਿੰਦਰ ਫਗਵਾੜਾ, ਜੋਨ ਆਗੂ ਸੁਰਜੀਤ ਟਿੱਬਾ, ਸਤਪਾਲ ਸਲੋਹ, ਵਿਜੇ ਰਾਹੀ,ਨਸੀਬ ਚੰਦ ਸ਼ਾਮਿਲ ਸਨ, ਸੂਬਾਈ ਮੀਡੀਆ ਮੁਖੀ ਸੁਮੀਤ ਸਿੰਘ ਦੀ ਅਗਵਾਈ ਹੇਠ ਜਲੰਧਰ ਸਥਿਤ ਸਮੂਹ ਪ੍ਰਿੰਟ ਅਤੇ ਬਿਜਲਈ ਮੀਡੀਆ ਅਦਾਰਿਆਂ ਦੇ ਸੰਪਾਦਕਾਂ ਅਤੇ ਨਿਰਦੇਸ਼ਕਾਂ ਨੂੰ ਮਿਲਿਆ। ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਆਮ ਲੋਕਾਂ ਦੀ ਅੰਧਵਿਸ਼ਵਾਸੀ ਮਾਨਸਿਕਤਾ ਦਾ ਫਾਇਦਾ ਉਠਾ ਕੇ ਜਗ੍ਹਾ ਜਗ੍ਹਾ ਦੁਕਾਨਾਂ ਖੋਲ ਕੇ ਬੈਠੇ ਪਾਖੰਡੀ ਬਾਬੇ,ਤਾਂਤਰਿਕ, ਸਾਧ,ਜੋਤਸ਼ੀ ਅਤੇ ਚੌਂਕੀਆਂ ਲਗਾ ਕੇ ਪੁੱਛਾਂ ਦੇਣ ਵਾਲੇ ਅਖੌਤੀ ਸਿਆਣੇ ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ, ਬਿਮਾਰੀਆਂ, ਖਾਹਿਸ਼ਾਂ ਦਾ ਆਪਣੀਆਂ ਅਖੌਤੀ ਦੈਵੀ ਸ਼ਕਤੀਆਂ ਨਾਲ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਧਾਰਮਿਕ ਆਸਥਾ ਦੀ ਆੜ ਹੇਠ ਭੂਤਾਂ-ਪ੍ਰੇਤਾਂ,ਬੁਰੀਆਂ ਆਤਮਾਵਾਂ, ਜਾਦੂ ਟੂਣਿਆਂ,ਧਾਗੇ ਤਵੀਤਾਂ,ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ,ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਜੰਤਰ-ਮੰਤਰ, ਸੁਰੱਖਿਆ ਕਵਚ,ਕਾਲੇ ਇਲਮ, ਅਖੌਤੀ ਸਵਰਗ-ਨਰਕ, ਕਿਸਮਤ ਅਤੇ ਅਗਲੇ-ਪਿਛਲੇ ਜਨਮ ਦੇ ਅੰਧਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦਾ ਸ਼ਰੇਆਮ ਆਰਥਿਕ,ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਖੌਤੀ ਸਿਆਣਿਆਂ ਦੀਆਂ ਅਜਿਹੀਆਂ ਕਾਰਵਾਈਆਂ ਅਤੇ ਇਨ੍ਹਾਂ ਦੀ ਪ੍ਰਿੰਟ ਅਤੇ ਬਿਜਲਈ ਮੀਡੀਏ ਵਿੱਚਲੀ ਗੈਰ ਵਿਗਿਆਨਕ ਇਸ਼ਤਿਹਾਰਬਾਜ਼ੀ ਡਰੱਗਜ ਤੇ ਮੈਜਿਕ ਰੈਮਡੀਜ ਤੇ ਇਤਰਾਜਯੋਗ ਇਸ਼ਤਿਹਾਰਬਾਜ਼ੀ ਨਿਯਮ 1954, ਦੀ ਕੇਬਲ ਟੈਲੀਵਿਜਨ ਨੈੱਟਵਰਕਸ ਰੂਲਜ 1994 ਅਤੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸ਼ਰੇਆਮ ਉਲੰਘਣਾ ਹੈ ਜਿਸ ਉਤੇ ਸਖਤ ਰੋਕ ਲਾਉਣ ਦੀ ਲੋੜ ਹੈ।ਆਗੂਆਂ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਪੰਜਾਬ ਵਿਚ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ, ਜੋਤਸ਼ੀਆਂ ਅਤੇ ਡੇਰਿਆਂ ਦੇ ਸੰਸਥਾਪਕਾਂ ਵਲੋਂ ਅਖੌਤੀ ਬੁਰੀ ਆਤਮਾ,ਉਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਔਰਤਾਂ ਨਾਲ ਬਲਾਤਕਾਰ, ਕਤਲ,ਗਰਮ ਚਿਮਟਿਆਂ ਨਾਲ ਤਸੀਹੇ ਦੇਣ, ਅਗਵਾ ਕਰਨ, ਮਾਸੂਮ ਬੱਚਿਆਂ ਦੀ ਬਲੀ ਅਤੇ ਹੋਰ ਕਈ ਤਰ੍ਹਾਂ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰੀਆਂ ਹਨ ਪਰ ਬੇਹੱਦ ਅਫਸੋਸ ਦੀ ਗੱਲ ਹੈ ਕਿ ਸਰਕਾਰਾਂ ਅਤੇ ਮੀਡੀਆ ਅਦਾਰਿਆਂ ਵਲੋਂ ਉਪਰੋਕਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਨਹੀਂ ਨਿਭਾਈ ਜਾ ਰਹੀ ਅਤੇ ਨਾ ਹੀ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਇਸ ਮੌਕੇ ਮੀਡੀਆ ਅਦਾਰਿਆਂ ਨੂੰ ਸੌਂਪੇ ਮੰਗ ਪੱਤਰ ਵਿੱਚ ਇਹ ਜੋਰਦਾਰ ਮੰਗ ਕੀਤੀ ਗਈ ਕਿ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਖੌਤੀ ਦੈਵੀ ਸ਼ਕਤੀਆਂ ਰਾਹੀਂ ਅਤੇ ਧਾਰਮਿਕ ਆਸਥਾ ਦੀ ਆੜ ਹੇਠ ਅੰਧ ਵਿਸ਼ਵਾਸ ਫੈਲਾਉਣ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ,ਜੋਤਸ਼ੀਆਂ ਅਤੇ ਪੁੱਛਾਂ ਦੇਣ ਵਾਲੇ ਢੌਂਗੀਆਂ ਦੀ ਗੁਮਰਾਹਕੁਨ ਅਤੇ ਤਰਕਹੀਣ ਇਸਤਿਹਾਰਬਾਜ਼ੀ ਬੰਦ ਕੀਤੀ ਜਾਵੇ।ਅੰਧ ਵਿਸ਼ਵਾਸ ,ਫਿਰਕੂ ਨਫਰਤ ਅਤੇ ਅਸ਼ਲੀਲਤਾ ਫੈਲਾਉਣ ਵਾਲੇ ਲੇਖ,ਖਬਰਾਂ, ਤਸਵੀਰਾਂ,ਰਿਪੋਰਟਾਂ ਪ੍ਰਕਾਸ਼ਤ / ਪ੍ਰੋਗਰਾਮ ਬਿਲਕੁਲ ਪ੍ਰਸਾਰਤ ਨਾ ਕੀਤੇ ਜਾਣ। ਇਸਦੇ ਇਲਾਵਾ ਇਹ ਵੀ ਮੰਗ ਕੀਤੀ ਗਈ ਕਿ ਲੋਕਾਂ ਵਿਚ ਵਿਗਿਆਨਕ ਚੇਤਨਾ ਦੇ ਪਾਸਾਰ ਲਈ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਸਰਗਰਮੀਆਂ, ਪ੍ਰੋਗਰਾਮਾਂ, ਰਿਪੋਰਟਾਂ ਅਤੇ ਵਿਗਿਆਨਕ ਚੇਤਨਾ ਭਰਪੂਰ ਲੇਖਾਂ ਨੂੰ ਆਪਣੇ ਮੀਡੀਆ ਵਿਚ ਢੁੱਕਵੀਂ ਕਵਰੇਜ ਦਿੱਤੀ ਜਾਵੇ।

## ਪ੍ਰੋ. ਵਰਿਆਮ ਸਿੰਘ ਸੰਧੂ ਨੂੰ ਪੁਰਸਕਾਰ ਮਿਲਣ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਖੁਸ਼ੀ ਦਾ ਇਜ਼ਹਾਰ



**ਜਲੰਧਰ** (ਨਵਾਂ ਜ਼ਮਾਨਾ ਸਰਵਿਸ)—ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਇਹ ਖੁਸ਼ੀ ਭਰੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਾਰ ਵਾਰਿਸ ਸ਼ਾਹ ਅੰਤਰਰਾਸ਼ਟਰੀ ਪੁਰਸਕਾਰ ਪ੍ਰਮੁੱਖ ਕਹਾਣੀਕਾਰ ਵਜੋਂ ਪ੍ਰੋ. ਵਰਿਆਮ ਸਿੰਘ ਸੰਧੂ ਨੂੰ ਭੇਂਟ ਕਰਨ ਦਾ ਲਹਿੰਦੇ ਪੰਜਾਬ ਦਾ ਫੈਸਲਾ ਲਹਿੰਦੇ ਅਤੇ ਚੜ੍ਹਦੇ ਪੰਜਾਬ ਲਈ ਸਾਂਝੇ ਤੌਰ 'ਤੇ ਮਾਣਮੱਤਾ ਅਤੇ ਇਸ ਅਟੁੱਟ ਗਲਵੱਕੜੀ ਨੂੰ ਹੋਰ ਨਿੱਘਾ ਅਤੇ ਮਜ਼ਬੂਤ ਕਰਨ ਵਾਲਾ ਹੈ। ਉਹਨਾਂ ਦੱਸਿਆ ਕਿ ਪ੍ਰੋ ਵਰਿਆਮ ਸਿੰਘ ਸੰਧੂ ਨੂੰ ਇਹ ਸਨਮਾਨ 26 ਅਗਸਤ 2023 ਸ਼ਾਮ 3 ਵਜੇ ਪਿਲਾਕ ਆਡੀਟੋਰੀਅਮ, 1- ਕੁਜਾਫੀ ਸਟੇਡੀਅਮ ਲਾਹੌਰ ਵਿਖੇ ਸ਼ਾਨਦਾਰ ਸਮਾਗਮ ਵਿੱਚ ਦਿੱਤੇ ਜਾਣ 'ਤੇ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ, ਇਤਿਹਾਸ ਅਤੇ ਸਭਿਆਚਾਰਕ ਵਿੰਗ ਦੀ ਸਨਮਾਨਿਤ ਸ਼ਖ਼ਸੀਅਤ ਨੂੰ ਵਾਰਿਸ ਸ਼ਾਹ ਅੰਤਰਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਕਮੇਟੀ ਆਗੂਆਂ ਨੇ ਕਿਹਾ ਹੈ ਕਿ ਅਸੀਂ ਪਿਛਲੇ ਗਦਰੀ ਬਾਬਿਆਂ ਦੇ ਮੇਲੇ ਮੌਕੇ ਨਾਮਵਰ ਕਵੀ ਬਾਬਾ ਨਜਮੀ ਅਤੇ ਅਤੇ ਦੋ ਰੰਗ ਮੰਚ ਟੀਮਾਂ ਨੂੰ ਬੁਲਾਵਾ ਭੇਜਿਆ ਸੀ ਪਰ ਵੀਜ਼ਾ ਨਾ ਮਿਲਣ ਕਾਰਨ ਇਹ ਤਿੱਖੀ ਪੀੜ ਸੀਨੇ ਵਿੱਚ ਨੱਪ ਕੇ ਅਸੀਂ ਮੇਲਾ ਨੇਪਰੇ ਚਾੜ੍ਹਿਆ। ਪ੍ਰੋ. ਵਰਿਆਮ ਸਿੰਘ ਸੰਧੂ ਆਪਣੇ ਸਨਮਾਨ ਸਮਾਰੋਹ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਛਲਕਦੇ ਜਜਬਾਤ, ਲਹਿੰਦੇ ਪੰਜਾਬ ਵਸਦੇ ਅਦੀਬਾਂ ਨਾਲ ਜ਼ਰੂਰ ਸਾਂਝੇ ਕਰ ਕੇ ਆਉਣਗੇ। ਇਹ ਵੀ ਸੁਲੱਖਣੀ ਗੱਲ ਹੈ ਕਿ ਇਸ ਸਮਾਗਮ ਮੌਕੇ ਲਹਿੰਦੇ ਪੰਜਾਬ ਦੇ ਪੰਜਾਬੀ ਲੇਖਕਾਂ, ਸਾਹਿਤਕਾਰਾਂ ਨੂੰ ਵੀ ਸਨਮਾਨਿਤ ਕੀਤਾ ਜਾ ਰਿਹਾ ਹੈ।

## ਖਾਲਸਾ ਕਾਲਜ ਦੀ ਬੀ ਐੱਸ ਸੀ ਐਗਰੀਕਲਚਰ ਦੀ ਵਿਦਿਆਰਥਣ 'ਵਰਸਿਟੀ ਦੀ ਮੈਰਿਟ 'ਚ



**ਮਾਹਿਲਪੁਰ, (ਸਫਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲ ਰਹੇ ਬੀ ਐੱਸ ਸੀ ਐਗਰੀਕਲਚਰ ਕੋਰਸ ਦੇ ਸਮੈਸਟਰ ਅੱਠਵਾਂ ਅਤੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਐਗਰੀਕਲਚਰ ਵਿਭਾਗ ਦੇ ਮੁੱਖੀ ਡਾ. ਪ੍ਰਤਿਭਾ ਚੌਹਾਨ ਨੇ ਦੱਸਿਆ ਕਿ ਬੀਐੱਸਸੀ ਐਗਰੀਕਲਚਰ ਕੋਰਸ ਦੇ ਸਮੈਸਟਰ ਅੱਠਵਾਂ ਦੇ ਨਤੀਜੇ ਵਿੱਚ ਵਿਦਿਆਰਥਣ ਸ਼ਿਵਾਨੀ ਨੇ 90.3 ਫੀਸਦੀ ਅੰਕ ਹਾਸਿਲ ਕਰਕੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਨੌਂਵਾਂ ਸਥਾਨ ਪ੍ਰਾਪਤ ਕੀਤਾ ਹੈ। ਇਸੇ ਨਤੀਜੇ ਤਹਿਤ ਵਿਦਿਆਰਥਣ ਅੰਚਲ ਕੁਮਾਰੀ ਨੇ 85.5 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਦੂਜਾ ਅਤੇ ਵਿਦਿਆਰਥੀ ਪਰਵੀਨ ਨੇ 85 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕੋਰਸ ਦੇ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਸਿਧਾਰਥ ਰਾਜ ਨੇ 77.5 ਫੀਸਦੀ ਅੰਕਾਂ ਨਾਲ ਪਹਿਲਾ, ਸਿਮਰਨ ਕੌਰ ਨੇ 74.6 ਫੀਸਦੀ ਅੰਕਾਂ ਨਾਲ ਦੂਜਾ ਅਤੇ ਚੇਤਨ ਸ਼ਰਮਾ ਨੇ 73.1 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

ਇਸ ਮੌਕੇ ਪ੍ਰਿੰ. ਡਾ. ਜਸਪਾਲ ਸਿੰਘ ਸਮੇਤ ਐਗਰੀਕਲਚਰ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਲਗਾਤਾਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਇੰਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ ਸਹੋਦਿਆ ਇੰਟਰ ਸਕੂਲ ਤੇ ਟੈਕ ਮੰਥਨ ਮੁਕਾਬਲਿਆਂ 'ਚ ਜਿੱਤੇ ਇਨਾਮ



**ਜਲੰਧਰ** (ਸ਼ੈਲੀ ਐਲਬਰਟ)-: ਇੰਨੋਸੈਂਟ ਹਾਰਟਸ ਗ੍ਰੀਨ ਮਾਡਲ ਟਾਊਨ ਦੇ ਵਿਦਿਆਰਥੀਆਂ ਨੇ ਜਲੰਧਰ ਇੰਡੀਪੈਂਡੈਂਟ ਸਕੂਲ ਸਹੋਦਿਆ ਕੰਪਲੈਕਸ ਮੁਕਾਬਲਿਆਂ ਅਤੇ ਹੋਰ ਵੱਖ-ਵੱਖ ਮੁਕਾਬਲਿਆਂ ਵਿੱਚ ਇਨਾਮ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।। ਸ਼ਿਵ ਜਯੋਤੀ ਸਕੂਲ ਵਿੱਚ ਹੋਏ ਅੰਤਰ-ਸਕੂਲ ਕਵਿਤਾ ਉਚਾਰਨ ਮੁਕਾਬਲੇ ਵਿੱਚ ਜਮਾਤ ਦੂਸਰੀ ਦੀ ਅਵਾਨਾ ਨੇ 'ਵੰਡਿਆ ਪਿਆਰ ਦੇਵੇ ਜ਼ਿੰਦਗੀ ਸ਼ਿੰਗਾਰ, ਆਉ ਮਨੁੱਖਤਾ 'ਚ ਪਿਆਰ ਵਧਾਈਏ' ਕਵਿਤਾ ਰਾਹੀਂ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਕੇ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ। ਜਲੰਧਰ ਸੁਤੰਤਰ ਸਕੂਲ ਸਹੋਦਿਆ ਕੰਪਲੈਕਸ ਵੱਲੋਂ ਸੰਤ ਰਘਬੀਰ ਸਿੰਘ ਏਮਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ 'ਸਹੋਦਿਆ ਈ-ਪੋਸਟਰ' ਮੁਕਾਬਲੇ ਵਿੱਚ ਅੱਠਵੀਂ ਜਮਾਤ ਦੀ ਸ਼ੰਭਵੀ 'ਮਨੋਵਿਗਿਆਨਕ ਵਿਕਾਰ ਅਤੇ ਰੋਕਥਾਮ' ਵਿਸ਼ੇ ਵਿੱਚ ਦੂਜੇ ਸਥਾਨ 'ਤੇ ਰਹੀ। ਬੀ.ਸੀ.ਐਮ. ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਵਿੱਚ ਕਰਵਾਏ ਗਏ ਟੈਕਮੰਥਨ ਮੁਕਾਬਲੇ ਵਿੱਚ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨਿਖਿਲੇਸ਼ ਅਤੇ ਅਰਨਵ ਮਦਾਨ ਨੇ ਈਵੈਂਟ ਸਪੇਸ ਹੌਪਰਸ ਦੇ ਤਹਿਤ ਐਸਟ੍ਰੋਨੋਮਿਕ ਐਕਸ਼ਨ ਥੀਮ ਅਧੀਨ ਨਵੀਂ ਤਕਨਾਲੋਜੀ ਨਾਲ ਸਪੇਸ 'ਤੇ ਆਧਾਰਿਤ ਇੱਕ ਗੇਮ ਤਿਆਰ ਕੀਤੀ,ਜਿਸ ਵਿੱਚ ਉਸਨੇ ਤੀਸਰਾ ਸਥਾਨ ਹਾਸਿਲ ਕੀਤਾ। ਰਾਜੀਵ ਪਾਲੀਵਾਲ,ਸਕੂਲ ਪ੍ਰਿੰਸੀਪਲ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਮੁਕਾਬਲਿਆਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਦਿੱਲੀ ਪੈਨਸ਼ਨ ਅਧਿਕਾਰ ਮਹਾਂ ਰੈਲੀ 'ਚ ਪੰਜਾਬ ਤੋਂ ਕਰਮਚਾਰੀ ਹੋਣਗੇ ਸ਼ਾਮਲ : ਤਲਵਾੜਾ



**ਲੁਧਿਆਣਾ**, (ਨ ਜ਼ ਸ)-ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸੰਯੁਕਤ ਮੰਚ ਦੇ ਸੱਦੇ 'ਤੇ ਦੇਸ਼ ਭਰ ਦੇ ਐਨ ਪੀ ਐਸ ਮੁਲਾਜ਼ਮ 10 ਅਗਸਤ ਨੂੰ ਰਾਮ ਲੀਲਾ ਮੈਦਾਨ ਤੋਂ ਸੰਸਦ ਵੱਲ ਰੋਸ ਮਾਰਚ ਕਰਨਗੇ। ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ ਤੇ ਸਕੱਤਰ ਜਰਨੈਲ ਸਿੰਘ ਪੱਟੀ ਨੇ ਕਿਹਾ ਕਿ ਮੰਚ ਵੱਲੋਂ ਦਿੱਤੇ ਸੱਦੇ ਨੂੰ ਲੈ ਕੇ ਵੱਖ-ਵੱਖ ਰਾਜਾਂ ਵਿੱਚ ਤਿਆਰੀਆਂ ਚੱਲ ਰਹੀਆਂ ਹਨ। ਪੰਜਾਬ ਤੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਐਨ ਪੀ ਐਸ ਮੁਲਾਜ਼ਮ ਵੱਡਾ ਕਾਫਲਾ ਲੈ ਕੇ ਪਹੁੰਚਣਗੇ, ਇਸ ਸਬੰਧੀ ਸਾਰੇ ਜਾਣ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਕੋ ਕਨਵੀਨਰ ਅਜੀਤਪਾਲ ਸਿੰਘ ਜਸੋਵਾਲ,ਜਸਵਿੰਦਰ ਸਿੰਘ ਜੱਸਾ,ਰਣਬੀਰ ਸਿੰਘ ਉੱਪਲ, ਕਰਮਜੀਤ ਸਿੰਘ ਤਾਮਕੋਟ, ਲਖਵਿੰਦਰ ਸਿੰਘ ਭੌਰ,ਵਿੱਤ ਸਕੱਤਰ ਵਰਿੰਦਰ ਵਿੱਕੀ,ਸਹਾਇਕ ਸਕੱਤਰ ਬਿਕਰਮਜੀਤ ਸਿੰਘ ਕੱਦੋਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਅਦਾਰੇ ਪੀ ਐਫ ਆਰ ਡੀ ਏ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਵਿੱਚ ਲਾਈਆਂ ਜਾ ਰਹੀਆਂ ਅਟਕਲਾਂ ਕਾਰਨ ਦੇਸ਼ ਭਰ ਦੇ ਐਨ ਪੀ ਐਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ । ਯਾਦ ਰਹੇ ਪੰਜਾਬ ਸਮੇਤ ਕਈ ਰਾਜਾਂ ਦੇ ਪੁਰਾਣੀ ਪੈਨਸ਼ਨ ਬਹਾਲੀ ਦੇ ਐਲਾਨ ਕਰਨ ਤੋਂ ਬਾਅਦ ਇਸਦੇ ਵਿਰੁੱਧ ਗੋਦੀ ਮੀਡੀਆ ਵੱਲੋਂ ਕੂੜ ਪ੍ਰਚਾਰ ਦਾ ਪ੍ਰਾਪੇਗੰਡਾ ਚਲਾਇਆ ਗਿਆ । ਪੀ ਐਫ ਆਰ ਡੀ ਏ ਨੇ ਐਨ ਪੀ ਐਸ ਟਰੱਸਟ ਕੋਲ ਪਏ ਮੁਲਾਜ਼ਮਾਂ ਦੇ ਪੈਸੇ ਨੂੰ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਜਿਸ ਕਾਰਨ ਪੂਰੇ ਦੇਸ਼ ਦੇ ਕਰਮਚਾਰੀਆਂ ਵਿੱਚ ਗੁੱਸੇ ਦੀ ਲਹਿਰ ਫੈਲ ਗਈ ਹੈ। ਭਾਵੇਂ ਕਿ ਇਸਦੇ ਬਾਵਜੂਦ ਕਈ ਰਾਜਾਂ ਦੀਆਂ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਲਾਗੂ ਕਰ ਦਿੱਤੀ ਹੈ ਪਰ ਕੇਂਦਰ ਦਾ ਰਾਜ ਸਰਕਾਰਾਂ ਨਾਲ ਲਗਾਤਾਰ ਪੁਰਾਣੀ ਪੈਨਸ਼ਨ ਬਹਾਲੀ ਦੇ ਮੁੱਦੇ ਨੂੰ ਲੈ ਕੇ ਟਕਰਾਅ ਬਰਕਰਾਰ ਹੈ। ਪ੍ਰੈੱਸ ਸਕੱਤਰ ਨਿਰਮਲ ਮੋਗਾ,ਪ੍ਰਭਜੀਤ ਸਿੰਘ ਰਸੂਲਪੁਰ,ਪ੍ਰੇਮ ਸਿੰਘ ਠਾਕੁਰ,ਸੰਤ ਸੇਵਕ ਸਰਕਾਰੀਆ ਤੇ ਆਈ ਟੀ ਵਿੰਗ ਤੋਂ ਸੱਤ ਪ੍ਰਕਾਸ਼ ,ਹਰਪ੍ਰੀਤ ਸਿੰਘ ਉੱਪਲ, ਸ਼ਿਵਪ੍ਰੀਤ ਪਟਿਆਲਾ ਨੇ ਕਿਹਾ ਕਿ ਇੱਧਰ ਪੰਜਾਬ ਦੀ ਆਪ ਸਰਕਾਰ ਨੋਟੀਫਿਕੇਸ਼ਨਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਆਪ ਸਰਕਾਰ ਖਿਲਾਫ ਫੈਸਲਾਕੁੰਨ ਲੜਾਈ ਲੜੀ ਜਾਵੇਗੀ। ਇਹ ਰੋਸ ਮਾਰਚ ਐਨ ਪੀ ਐਸ ਮੁਲਾਜ਼ਮਾਂ ਲਈ ਹੋਰ ਵੀ ਅਹਿਮ ਹੈ ਕਿਉਂਕਿ ਦਿੱਲੀ ਵਿੱਚ ਵੀ ਆਪ ਦੀ ਸਰਕਾਰ ਹੈ। ਦਿੱਲੀ ਦੇ ਲੋਕਾਂ ਵਿੱਚ ਆਪ ਸਰਕਾਰ ਦਾ ਕਮਜ਼ੋਰ ਚਿਹਰਾ ਵੀ ਉਜਾਗਰ ਕੀਤਾ ਜਾਣਾ ਹੈ । ਖੁਦ ਫੈਸਲਾ ਲੈ ਕੇ ਪੰਜਾਬ ਸਰਕਾਰ ਲਾਗੂ ਨਹੀਂ ਕਰ ਪਾ ਰਹੀ ਇਸ ਸਬੰਧੀ ਰਾਸ਼ਟਰ ਪੱਧਰ 'ਤੇ ਪੰਜਾਬ ਸਰਕਾਰ ਦੀ ਡੰਗ ਟਪਾਊ ਨੀਤੀ ਦੀ ਪੋਲ ਖੋਲ੍ਹੀ ਜਾਵੇਗੀ ।

ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਇਸ ਸਬੰਧੀ ਤਿਆਰੀਆਂ ਚੱਲ ਰਹੀਆਂ ਹਨ । ਸਮੂਹ ਮੁਲਾਜ਼ਮ ਵਰਗ ਇਸ ਰੋਸ ਮਾਰਚ ਨੂੰ ਕਾਮਯਾਬ ਕਰਨ ਲਈ ਵੱਡੀ ਗਿਣਤੀ ਵਿੱਚ ਪੱਬਾਂ ਭਾਰ ਹੈ।

## ਖੇਤੀਬਾੜੀ ਵਿਭਾਗ ਨੇ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਮੁਫਤ ਮੁਹੱਈਆ ਕਰਵਾਈ ਪਨੀਰੀ

**ਜਲੰਧਰ** ( ਸ਼ੈਲੀ ਐਲਬਰਟ)-ਹੜ੍ਹਾਂ ਕਰਕੇ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਤਬਾਹ ਹੋਈਆਂ ਸਨ, ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀ ਪਨੀਰੀ ਮੁਫਤ ਮੁਹੱਈਆ ਕਰਵਾਉਣ ਸਦਕਾ ਲੋਹੀਆਂ ਦੇ ਲਗਭਗ 6460 ਏਕੜ ਰਕਬੇ ਵਿੱਚ ਝੋਨੇ ਦੀਆਂ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦੀ ਮੁੜ ਲੁਆਈ ਕੀਤੀ ਗਈ ਹੈ। ਇਸ ਤੋਂ ਇਲਾਵਾ 1000 ਏਕੜ ਰਕਬੇ 'ਤੇ ਝੋਨੇ ਦੀ ਮੁੜ ਲੁਆਈ ਦਾ ਕੰਮ ਚੱਲ ਰਿਹਾ ਹੈ, ਜੋ ਕਿ ਕੁਝ ਹੀ ਦਿਨਾਂ 'ਚ ਮੁਕੰਮਲ ਕਰ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਭਾਗ ਨੂੰ 25 ਕੁਇੰਟਲ ਬੀਜ ਪ੍ਰਾਪਤ ਹੋਇਆ ਸੀ ਅਤੇ ਅਧਿਕਾਰੀਆਂ ਵੱਲੋਂ ਪਨੀਰੀ ਤਿਆਰ ਕਰਨ ਲਈ ਵਲੰਟੀਅਰਾਂ ਦੇ ਸਹਿਯੋਗ ਖਾਲੀ ਪਈ ਜਮੀਨ ਦੀ ਵਰਤੋਂ ਕੀਤੀ ਗਈ । ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਕਿਸਾਨਾਂ ਨਾਲ ਰਾਬਤੇ ਵਿੱਚ ਰਹਿਣ ਲਈ ਅਧਿਕਾਰੀਆਂ ਅਤੇ ਕਿਸਾਨਾਂ ਨੂੰ ਸ਼ਾਮਲ ਕਰਦਿਆਂ ਵਟਸਐਪ ਗਰੁੱਪ ਵੀ ਬਣਾਏ ਗਏ ਹਨ ਤਾਂ ਜੋ ਉਹ ਪਨੀਰੀ ਪ੍ਰਾਪਤ ਕਰਕੇ ਝੋਨੇ ਦੀ ਮੁੜ ਲੁਆਈ ਕਰ ਸਕਣ। ਸਾਰੰਗਲ ਨੇ ਕਿਹਾ ਕਿ ਅਧਿਕਾਰੀਆਂ ਨੂੰ ਹਰ ਹੜ੍ਹ ਪ੍ਰਭਾਵਿਤ ਕਿਸਾਨ ਤੱਕ ਪਹੁੰਚ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਉਹ ਜਲਦ ਤੋਂ ਜਲਦ ਪਨੀਰੀ ਦੀ ਮੁੜ ਲੁਆਈ ਕਰ ਸਕਣ।

ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਮੁੜ ਵਸੇਬੇ ਨੂੰ ਜਲਦ ਯਕੀਨੀ ਬਣਾਉਣ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਮੁੱਖ ਖੇਤੀਬਾੜੀ ਅਫਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਵਿਭਾਗ ਵਟਸਐਪ ਗਰੁੱਪਾਂ ਰਾਹੀਂ ਪ੍ਰਭਾਵਿਤ ਕਿਸਾਨਾਂ ਨਾਲ ਲਗਾਤਾਰ ਸੰਪਰਕ ਵਿੱਚ ਹੈ। ਉਨ੍ਹਾਂ ਦੱਸਿਆ ਕਿ ਵਟਸਐਪ ਗਰੁੱਪਾਂ ਰਾਹੀਂ ਕਿਸਾਨਾਂ ਨੂੰ ਪਨੀਰੀ ਪ੍ਰਾਪਤ ਕਰਨ ਲਈ ਸੰਦੇਸ਼ ਭੇਜੇ ਗਏ ਅਤੇ ਜਿਨ੍ਹਾਂ ਨੂੰ ਲੋੜ ਸੀ, ਉਨ੍ਹਾਂ ਵੱਲੋਂ ਉਸੇ ਦਿਨ ਵਿਭਾਗ ਤੋਂ ਪਨੀਰੀ ਪ੍ਰਾਪਤ ਕੀਤੀ ਗਈ । ਬਹੁਤੇ ਕਿਸਾਨਾਂ ਵੱਲੋਂ ਪੀਆਰ-126 ਦੀ ਮੁੜ ਲੁਆਈ ਕੀਤੀ ਗਈ ਹੈ ਅਤੇ ਕੁਝ ਵੱਲੋਂ ਬਾਸਮਤੀ 1509 ਦੀ ਚੋਣ ਕੀਤੀ ਗਈ ਹੈ।

## ਜ਼ਿਲ੍ਹਾ ਉਦਯੋਗ ਕੇਂਦਰ 'ਚ ਮਨਾਇਆ ਗਿਆ ਰਾਸ਼ਟਰੀ ਬੁਣਕਰ ਦਿਵਸ



**ਹੁਸ਼ਿਆਰਪੁਰ**, (ਬਲਵੀਰ ਸਿੰਘ ਸੈਣੀ)—ਜ਼ਿਲ੍ਹਾ ਉਦਯੋਗ ਕੇਂਦਰ ਹੁਸ਼ਿਆਰਪੁਰ ਵਿਚ ਰਾਸ਼ਟਰੀ ਬੁਣਕਰ ਦਿਵਸ ਮਨਾਇਆ ਗਿਆ। ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਅਰੁਣ ਕੁਮਾਰ ਨੇ ਦੱਸਿਆ ਕਿ ਇਸ ਸਮਾਰੋਹ ਦੌਰਾਨ ਜਿਲ੍ਹੇ ਦੇ ਵੱਖ-ਵੱਖ ਹੈਂਡਲੂਮ ਵੀਵਰਜ਼ ਵਲੋਂ ਸ਼ਮੂਲੀਅਤ ਕੀਤੀ ਗਈ। ਕੇਂਦਰੀ ਮੰਤਰਾਲਾ ਟੈਕਸਟਾਈਲ ਦੇ ਰਾਸ਼ਟਰੀ ਹੈਂਡਲੂਮ ਵਿਕਾਸ ਪ੍ਰੋਗਰਾਮ ਤਹਿਤ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਹੈਂਡਲੂਮ ਵੀਵਰਜ਼ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਵੀਵਰ ਮੁਦਰਾ ਸਕੀਮ ਤਹਿਤ ਦਸਤਕਾਰੀ ਨੂੰ ਪ੍ਰਫੁਲਿਤ ਕਰਨ ਲਈ 6 ਫੀਸਦੀ ਵਿਆਜ 'ਤੇ 3 ਸਾਲ ਲਈ ਮਿਲ ਰਹੀ ਸਬਸਿਡੀ ਸਬੰਧੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ ਤਹਿਤ ਬੁਣਕਰਾਂ ਦੀ ਕੁਦਰਤੀ ਜਾਂ ਦੁਰਘਟਨਾ ਗ੍ਰਸਤ ਮੌਤ ਅਤੇ ਅਪੰਗਤਾ ਹੋਣ ਦੀ ਸੂਰਤ ਵਿਚ ਵੱਧ ਤੋਂ ਵੱਧ 1.5 ਲੱਖ ਦੇ ਵਿੱਤੀ ਅਨੁਦਾਨ ਦਾ ਪ੍ਰਬੰਧ ਭਾਰਤ ਸਰਕਾਰ ਵਲੋਂ ਕੀਤਾ ਗਿਆ ਹੈ। ਉਨ੍ਹਾਂ ਇਸ ਦੌਰਾਨ ਬੁਣਕਰਾਂ ਦੀ ਹਸਤਕਲਾ ਨੂੰ ਨਿਖਾਰਨ ਤੇ ਹੁਨਰ ਵਿਕਾਸ ਹਿੱਤ ਚੱਲ ਰਹੀਆਂ ਸਮਰੱਥ ਸਕੀਮ ਤਹਿਤ 45 ਦਿਨ ਦੀ ਟ੍ਰੇਨਿੰਗ ਦੇ ਬਾਰੇ ਜਾਣੂ ਕਰਵਾਇਆ। ਇਸ ਦੇ ਨਾਲ ਹੀ ਹੈਂਡਲੂਮ ਬੁਣਕਰਾਂ ਦੀ ਭਲਾਈ ਅਤੇ ਸਮਾਜਿਕ ਸਹਾਇਤਾ ਲਈ ਪਹਿਲਾਂ ਤੋਂ ਚੱਲ ਰਹੀਆਂ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਜੀਵਨ ਜਿਓਤੀ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ ਲਾਭਪਾਤਰੀਆਂ ਨੂੰ 2 ਲੱਖ ਦੀ ਵਿੱਤੀ ਸਹਾਇਤਾ ਅਤੇ ਉਪਰੋਕਤ ਸਕੀਮਾਂ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ ਗਿਆ।

ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਅਰੁਣ ਕੁਮਾਰ ਵਲੋਂ ਹੈਂਡਲੂਮ ਵੀਵਰਜ਼ ਨੂੰ ਫੋਟੋ ਪਛਾਣ ਪੱਤਰ ਵੰਡੇ ਅਤੇ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਜ਼ਿਲ੍ਹਾ ਉਦਯੋਗ ਕੇਂਦਰ ਵਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਹੈਂਡਲੂਮ ਵੀਵਰਜ਼ ਅਨਿਲ ਸਿੱਧੂ, ਹੀਰਾ ਲਾਲ, ਹਰਭਗਵਾਨ ਅਤੇ ਹਰਮੇਲ ਸਿੰਘ ਵੀ ਮੌਜੂਦ ਸਨ।

## ਵਿਦਿਆਰਥੀਆਂ ਨੇ ਅਧਿਆਪਕਾਂ ਨਾਲ ਕੌਮਾਂਤਰੀ ਮਿੱਤਰਤਾ ਦਿਹਾੜਾ ਮਨਾਇਆ



**ਜਲੰਧਰ** ( ਇਕਬਾਲ ਸਿੰਘ ਉੱਭੀ ) ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ 'ਚ ਕੌਮਾਂਤਰੀ ਮਿੱਤਰਤਾ ਦਿਵਸ ਮਨਾਇਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਸੀ ਸਦਭਾਵਨਾ ਤੇ ਪਿਆਰ ਨਾਲ ਰਹਿਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਵਿਦਿਆਰਥੀਆਂ ਨੇ ਸਕੂਲ ਅਧਿਆਪਕਾਂ ਫਰੈਂਡਸ਼ਿਪ ਬੈਂਡ ਬੰਨ੍ਹ ਕੇ ਉਨ੍ਹਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਪ੍ਰਿੰਸੀਪਲ ਸਤਵਿੰਦਰ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਦੌਰਾਨ ਪੰਜਵੀਂ ਜਮਾਤ ਦੀ ਵਿਦਿਆਰਥਣ ਆਂਚਲ, ਗੁਰਤੇਜਵੀਰ ਸਿੰਘ, ਏਕਮਜੀਤ ਸਿੰਘ, ਜਸਜੀਤ ਕੌਰ ਠੰਡਲ, ਹਰਨੂਰ ਕੌਰ, ਤਨਵੀਰ ਕੌਰ, ਸਹਿਜਪ੍ਰੀਤ ਸਿੰਘ, ਪਵਨਪ੍ਰੀਤ ਸਿੰਘ, ਸੁਖਜੀਤ ਸਿੰਘ, ਬਨੀ ਕੌਰ, ਗੁਰਲੀਨ ਕੌਰ, ਸਿਮਰਜੋਤ ਸਿੰਘ, ਜਸਰਾਜ ਸਿੰਘ ਆਦਿ ਨੇ ਸਕੂਲ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਸਮੇਤ ਅਧਿਆਪਕਾਂ ਤੇ ਆਪਣੇ ਦੋਸਤਾਂ ਦੇ ਗੁੱਟ 'ਤੇ ਦੋਸਤੀ ਦੀ ਪੱਟੀ ਬੰਨ੍ਹ ਕੇ ਹਮੇਸ਼ਾ ਇਕ-ਦੂਜੇ ਦਾ ਸਾਥ ਦੇਣ ਦਾ ਅਹਿਦ ਲਿਆ। ਡਾਇਰੈਕਟਰ ਸਾਹਨੀ ਨੇ ਸਾਰਿਆਂ ਨੂੰ ਅੰਤਰਰਾਸ਼ਟਰੀ ਮਿੱਤਰਤਾ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਦਿਨ ਹਰ ਸਾਲ ਅਗਸਤ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਹੈ ਅਤੇ ਦੋਸਤਾਂ ਦੇ ਸਨਮਾਨ 'ਚ ਇੱਕ ਦਿਨ ਸਮਰਪਿਤ ਕਰਨ ਦੀ ਪਰੰਪਰਾ 1935 'ਚ ਸ਼ੁਰੂ ਹੋਈ ਸੀ। ਉਨ੍ਹਾਂ ਕਿਹਾ ਕਿ ਜ਼ਿੰਦਗੀ ਬਹੁਤ ਛੋਟੀ ਹੈ। ਇਸ ਲਈ ਜਾਤ-ਪਾਤ, ਧਰਮ, ਅਮੀਰ-ਗਰੀਬ ਵਰਗੇ ਬੰਧਨੰ ਤੋੜਦੇ ਹੋਏ ਆਪਸੀ ਮਤਭੇਦ ਭੁੱਲ ਕੇ ਭਾਈਚਾਰਕ ਸਾਂਝ ਨੂੰ ਪ੍ਰਫੁੱਲਤ ਕਰਦੇ ਹੋਏ ਮਿਲਜੁਲ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਸਮੂਹ ਵਿਦਿਆਰਥੀਆਂ ਨੂੰ ਹਮੇਸ਼ਾ ਇੱਕ-ਦੂਜੇ ਦਾ ਸਾਥ ਦੇਣ ਦਾ ਪ੍ਰਣ ਕਰਵਾਇਆ।

## ਮਜ਼ਦੂਰ ਵਰਗ ਦੀ ਹਾਲਤ ਹੋਰ ਕਿਸੇ ਵੀ ਸਮੇਂ ਨਾਲੋਂ ਬਦਤਰ : ਸਰਹਾਲੀ ਕਲਾਂ



**ਸ਼ਾਹਕੋਟ**(ਗਿਆਨ ਸੈਦਪੁਰੀ) ਸਾਡਾ ਅਜੋਕਾ ਸਿਆਸੀ, ਸਮਾਜੀ ਤੇ ਆਰਥਿਕ ਤਾਣਾ ਬਾਣਾ ਭ੍ਰਿਸ਼ਟਾਚਾਰ ਦੀ ਦਲ ਦਲ ਅੰਦਰ ਧਸ ਚੁੱਕਾ ਹੈ। ਮਜਦੂਰ ਵਰਗ ਦੀ ਹਾਲਤ ਕਿਸੇ ਵੀ ਹੋਰ ਸਮੇਂ ਨਾਲੋਂ ਬਦਤਰ ਬਣ ਗਈ ਹੈ। ਮਜਦੂਰ ਵਰਗ ਨੂੰ ਸਿੱਖਿਅਤ, ਸੰਗਠਤ ਤੇ ਸੰਘਰਸ਼ਾਂ ਦੇ ਪਾਂਧੀ ਬਣਾ ਕੇ ਇਸ ਹਾਲਤ ਨੂੰ ਬਦਲਣਾ ਪੈਣਾ ਹੈ। ਉਕਤ ਵਿਚਾਰਾਂ ਪ੍ਰਗਟਾਵਾ ਪੰਜਾਬ ਖੇਤ ਮਜਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕੀਤਾ। ਉਹ ਨੇੜਲੇ ਪਿੰਡ ਸੈਦਪੁਰ ਝਿੜੀ ਵਿਖੇ ਮਜਦੂਰਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਅਕਾਲੀ- ਭਾਜਪਾ ਤੇ ਕਾਂਗਰਸੀ ਸਰਕਾਰਾਂ ਵਾਂਗ ਮੌਜੂਦਾ ਆਪ ਸਰਕਾਰ ਨੇ ਵੀ ਮਜਦੂਰ ਹੱਕਾਂ ਨੂੰ ਅਣਗੌਲਿਆਂ ਕੀਤਾ ਹੈ। ਮਜਦੂਰ ਵਰਗ ਦੀਆਂ ਵੱਖ-ਵੱਖ 8 ਜਥੇਬੰਦੀਆਂ ਪਿਛਲੇ ਸਮੇਂ ਤੋਂ ਇੱਕ ਮੰਚ 'ਤੇ ਇੱਕਠੀਆਂ ਹੋ ਕੇ ਆਪਣੇ ਵਰਗ ਦੀ ਹਾਲਤ ਨੂੰ ਸੁਧਾਰਨ ਲਈ ਸੰਘਰਸ਼ ਦੇ ਰਾਹ ਪਈਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਜਥੇਬੰਦੀਆਂ ਦੀ ਮਜਬੂਤੀ ਲਈ ਸਾਨੂੰ ਆਪੋ- ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਕਾਮਰੇਡ ਸਰਹਾਲੀ ਕਲਾਂ ਨੇ ਪਿੰਡ ਦੇ ਲੋਕਾਂ ਨੂੰ ਪੰਜਾਬ ਖੇਤ ਮਜਦੂਰ ਸਭਾ ਦਾ ਹਿੱਸਾ ਬਣਨ ਦੀ ਪ੍ਰੇਰਨਾ ਦਿੰਦਿਆਂ ਸਭਾ ਦੇ ਸੰਘਰਸ਼ੀ ਤੇ ਸ਼ਾਨਾਮੱਤੇ ਇਤਿਹਾਸ 'ਤੇ ਪੰਛੀ ਝਾਤ ਵੀ ਪਵਾਈ। ਉਨ੍ਹਾਂ ਦੱਸਿਆ ਕਿ 4-5 ਅਕਤੂਬਰ ਨੂੰ ਪੰਜਾਬ ਖੇਤ ਮਜਦੂਰ ਸਭਾ ਦਾ ਸੂਬਾਈ ਇਜਲਾਸ ਕੋਟਕਪੂਰਾ ਵਿੱਚ ਹੋ ਰਿਹਾ ਹੈ। ਇਸ ਮੌਕੇ ਇੱਕ ਵੱਡੀ ਰੈਲੀ ਵੀ ਕੀਤੀ ਜਾਵੇਗੀ। ਰੈਲੀ ਨੂੰ ਸੰਬੋਧਨ ਕਰਨ ਲਈ ਸੀ. ਪੀ. ਆਈ ਦੀ ਸੂਬਾਈ ਲੀਡਰਸ਼ਿਪ ਤੋਂ ਇਲਾਵਾ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਪਹੁੰਚ ਰਹੇ ਹਨ। ਮੀਟਿੰਗ ਨੂੰ ਪੰਜਾਬ ਖੇਤ ਮਜਦੂਰ ਸਭਾ ਦੇ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਗਿਆਨ ਸੈਦਪੁਰੀ, ਬਲਵਿੰਦਰ ਗਿੱਲ ਅਤੇ ਅਮਰਜੀਤ ਨਾਹਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਅਮਰਜੀਤ ਨਾਹਰ, ਸਕੱਤਰ ਹਰਜੋਤ ਸਹੋਤਾ, ਕੈਸ਼ੀਅਰ ਬਲਵਿੰਦਰ ਗਿੱਲ ਨੂੰ ਚੁਣਿਆ ਗਿਆ। ਚੁਣੇ ਗਏ ਮੈਂਬਰਾਂ ਵਿੱਚ ਸਰਬਜੀਤ ਕੌਰ, ਰਾਜ ਰਾਣੀ, ਸੁਰਿੰਦਰ ਗਿੱਲ, ਹਰਮਨਦੀਪ ਹੈਪੀ, ਇੰਦਰਜੀਤ, ਗਿਆਨ ਕੌਰ, ਮਨਦੀਪ ਕੌਰ, ਮਨਜੀਤ ਕੌਰ, ਪਰਮਜੀਤ ਕੌਰ ਤੇ ਅਜੈ ਕੁਮਾਰ ਸ਼ਾਮਲ ਹਨ।

## ਗੌਰਮਿੰਟ ਟੀਚਰਜ਼ ਯੂਨੀਅਨ ਦੇ ਵਫਦ ਨੇ ਸਿੱਖਿਆ ਵਿਭਾਗ ਦੇ ਪ੍ਰਮੁੱਖ ਅਧਿਕਾਰੀਆਂ ਨਾਲ ਕੀਤੀ ਮੁਲਾਕਾਤ



ਮਹਿਤਪੁਰ (ਰਾਜਾ)—-ਡਾਇਰੈਕਟਰ ਸਿੱਖਿਆ ਵਿਭਾਗ ਦਫਤਰ ਦੇ ਵੱਖ-ਵੱਖ ਅਧਿਕਾਰੀਆਂ ਨਾਲ ਅਧਿਆਪਕ ਮਸਲਿਆਂ ਬਾਰੇ ਅਤੇ ਸੀਨੀਆਰਤਾ/ਪਰਮੋਸ਼ਨਾਂ ਲਈ ਗਠਿਤ ਕਮੇਟੀ ਨਾਲ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਵਫਦ ਦੀ ਮੀਟਿੰਗ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ ਦੀ ਅਗਵਾਈ ਵਿੱਚ ਹੋਈ । ਇਸ ਮੀਟਿੰਗ ਵਿੱਚ ਠੀਕ ਸੀਨੀਆਰਤਾ ਸੂਚੀ ਬਣਾ ਕੇ ਹਰ ਕਾਡਰ ਦੀਆਂ ਪ੍ਰਮੋਸ਼ਨਾਂ/ਪਦਉਨੱਤੀਆਂ ਕਰਨ ਬਾਰੇ, ਪੇਂਡੂ / ਬਾਰਡਰ ਭੱਤਾ ਬਹਾਲ ਕਰਨ ਬਾਰੇ, ਅਧਿਆਪਕਾਂ ਕੋਲੋਂ ਗੈਰ ਵਿੱਦਿਅਕ ਕੰਮ ਸਮੇਤ ਬੀ ਐਲ ਓ ਡਿਊਟੀਆਂ ਨਾ ਲੈਣ ਬਾਰੇ, ਬੱਚਿਆਂ ਦੀਆਂ ਸਕੂਲਾਂ ਦੀ ਵਰਦੀਆਂ ਦੀ ਰਕਮ ਬਾਰੇ, ਐਮੀਨੈਂਸ ਸਕੂਲਾਂ ਬਾਰੇ, ਰਹਿੰਦੇ ਮੈਡੀਕਲ ਬਿੱਲ , ਵਿਦੇਸ਼ ਛੁੱਟੀ ਸਮੇਤ ਵੱਖ ਵੱਖ ਮਸਲਿਆਂ ਜਿਵੇਂ ਤਬਲਾ ਪਲੇਅਰ ਅਸਾਮੀ ਦਾ ਨਾਂਅ ਬਦਲ ਕੇ ਤਬਲਾ ਅਧਿਆਪਕ ਰੱਖਣ ਅਤੇ ਖਾਲੀ ਸਟੇਸ਼ਨ ਆਨ ਲਾਇਨ ਦਿਖਾਉਣ ਅਤੇ ਸਾਰੇ ਸੀ ਐਂਡ ਵੀ ਕਾਡਰ ਦਾ ਤਨਖਾਹ ਸਕੇਲ ਬਰਾਬਰ ਕਰਨ ਬਾਰੇ, ਪ੍ਰੀ ਪ੍ਰਾਇਮਰੀ ਦੇ ਬੱਚਿਆਂ ਲਈ ਹੈਲਪਰ, ਸਕੂਲ ਮੁਖੀਆਂ ਨੂੰ ਇਕ ਸਕੂਲ ਅਤੇ ਬੀਪੀਈਓਜ ਨੂੰ ਇਕ ਬਲਾਕ ਦਾ ਕਾਰਜ ਦੇਣ ਸੰਬੰਧੀ, ਹਰੇਕ ਸਕੂਲ ਵਿੱਚ ਕਲਰਕ ਅਤੇ ਚੌਥਾ ਦਰਜਾ ਕਰਮਚਾਰੀ ਦੇਣ ਸੰਬੰਧੀ, ਮਿਡਲ ਸਕੂਲਾਂ ਵਿੱਚ ਸੱਤ ਅਧਿਆਪਕ ਅਤੇ ਹਰ ਪ੍ਰਾਇਮਰੀ ਸਕੂਲ ਵਿੱਚ ਹੈਡਟੀਚਰ ਦੀ ਪੋਸਟ ਸੰਬੰਧੀ ਮੀਟਿੰਗ ਵਿੱਚ ਵਿਚਾਰ ਚਰਚਾ ਹੋਈ । ਇਸ ਵਫਦ ਵਿੱਚ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਸੂਬਾ ਵਿੱਤ ਸਕੱਤਰ ਸੋਮ ਸਿੰਘ, ਪ੍ਰੈੱਸ ਸਕੱਤਰ ਐਨ ਡੀ ਤਿਵਾੜੀ, ਸੁੱਚਾ ਸਿੰਘ ਚਾਹਲ, ਸ਼ਮਸ਼ੇਰ ਸਿੰਘ ਆਦਿ ਆਗੂ ਸ਼ਾਮਿਲ ਸਨ । ਉੱਕਤ ਜਾਣਕਾਰੀ ਜਥੇਬੰਦਕ ਸਕੱਤਰ ਕੰਵਲਜੀਤ ਸੰਗੋਵਾਲ ਨੇ ਪ੍ਰੈੱਸ ਨਾਲ ਸਾਂਝੀ ਕੀਤੀ!

## ਦੋਆਬਾ ਜਨਰਲ ਕੈਟਾਗਰੀਜ਼ ਫਰੰਟ ਪੰਜਾਬ ਵੱਲੋਂ ਬੰਦ ਦੀ ਹਮਾਇਤ

**ਮੇਹਟੀਆਣਾ** ( ਜਗਤਾਰ ਸਿੰਘ ਭੁੰਗਰਨੀ ) ਮਨੀਪੁਰ ਦੇ ਹੋਏ ਸ਼ਰਮਨਾਕ ਕਾਂਡ ਅਤੇ ਇਨਸਾਨੀਅਤ ਦੇ ਕੀਤੇ ਨੰਗੇ ਨਾਚ ਦੇ ਵਿਰੋਧ ਵਜੋਂ ਪੰਜਾਬ ਦੀਆ ਸਮੁੱਚੀਆਂ ਸਮਾਜ ਸੇਵੀ ਜਥੇਬੰਦੀਆਂ ਵਲੋਂ 9 ਅਗਸਤ ਦੀ ਜੋ ਬੰਦ ਦੀ ਕਾਲ ਦਿੱਤੀ ਗਈ ਹੈ, ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਉਸਦਾ ਭਰਪੂਰ ਸਮਰਥਨ ਕਰਦਾ ਹੈ। ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਨੇ ਬਿਆਨ ਜਾਰੀ ਕਰਦਿਆ ਕਿਹਾ ਕਿ ਮਨੀਪੁਰ ਦੀ ਬੀ ਜੇ ਪੀ ਦੀ ਸਰਕਾਰ ਨੇ ਜੋ ਨੰਗਾ ਨਾਚ ਨਚਿਆ ਅਤੇ ਕੇਂਦਰ ਦੀ ਸਰਕਾਰ ਵਲੋ ਉਥੇ ਦੀ ਸਰਕਾਰ ਅਤੇ ਦੋਸ਼ੀਆਂ ਖਿਲਾਫ ਕੋਈ ਬਿਆਨ ਨਾ ਦੇਣਾ ਅਤੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਕਰਨਾ ਅਤੇ ਪੀੜਤ ਪਰਵਾਰਾਂ ਦੀ ਕੋਈ ਵੀ ਸਾਰ ਨਾ ਲੈਣਾ ਇਹ ਇਕ ਕੇਦਰ ਅਤੇ ਰਾਜ ਸਰਕਾਰ ਦੀ ਸੋਚੀ ਸਮਝੀ ਸਾਜ਼ਿਸ਼ ਹੈ।

ਇਸ ਘਿਨੌਣੇ ਕਾਂਡ ਦੇ ਨਾਲ ਪੂਰੇ ਦੂਨੀਆ ਵਿਚ ਦੇਸ਼ ਦੀ ਬਦਨਾਮੀ ਹੋਈ ਹੈ। ਇਸ ਲਈ ਮਨੀਪੁਰ ਦੀ ਸਰਕਾਰ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮੌਕੇ ਜਸਵੀਰ ਸਿੰਘ ਮਿਨਹਾਸ ਅਤੇ ਸਤਨਾਮ ਸਿੰਘ ਪਰਹਾਰ ਵੀ ਸ਼ਾਮਲ ਸੀ।



## 21 ਮਕਾਨਾਂ ਲਈ ਕੁੱਲ 25 ਲੱਖ 20 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ



**ਮੋਰਿੰਡਾ** (ਜ਼ੈਜੀ ਸਰਦਾਰ)-ਪਿਛਲੇ ਮਹੀਨੇ ਜ਼ਿਲ੍ਹੇ ਵਿਚ ਭਾਰੀ ਵਰਖਾ ਹੋਣ ਨਾਲ ਰੂਪਨਗਰ ਦੇ ਬਲਾਕ ਮੋਰਿੰਡਾ ਪਾਣੀ ਦੀ ਮਾਰ ਹੇਠਾਂ ਆਉਣ ਨਾਲ ਕਾਫੀ ਮਾਲੀ ਨੁਕਸਾਨ ਹੋਇਆ। ਜਿਸ ਦੇ ਚਲਦਿਆਂ ਪੰਜਾਬ ਸਰਕਾਰ ਸੂਬਾ ਵਾਸੀਆਂ ਦੇ ਨੁਕਸਾਨ ਦਾ ਮੁਆਵਜਾ ਦੇਵੇਗੀ। ਇਸੇ ਤਹਿਤ ਹਲਕਾ ਵਿਧਾਇਕ ਸ੍ਰੀ ਚਮਕੌਰ ਸਾਹਿਬ ਡਾ. ਚਰਨਜੀਤ ਸਿੰਘ ਅਤੇ ਸਬ-ਡਵੀਜਨਲ ਮੈਜਿਸਟ੍ਰੇਟ ਮੋਰਿੰਡਾ ਦੀਪਾਂਕਰ ਗਰਗ ਨੇ ਹੜ੍ਹਾਂ ਦੌਰਾਨ ਨੁਕਸਾਨੇ ਗਏ ਘਰਾਂ ਦੇ ਮਾਲਕਾਂ ਨੂੰ 1 ਲੱਖ 20 ਹਜਾਰ ਪ੍ਰਤੀ ਘਰ ਮੁਆਵਜਾ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਬੀਤੇ ਹੜ੍ਹਾਂ ਜਿਹੇ ਹਾਲਾਤ ਦੌਰਾਨ ਮੋਰਿੰਡਾ ਬਲਾਕ ਦੇ ਕੁੱਲ 21 ਮਕਾਨਾਂ ਨੂੰ ਬਹੁਤ ਜਿਆਦਾ ਨੁਕਸਾਨ ਹੋਇਆ। ਇਨ੍ਹਾਂ ਨੁਕਸਾਨੇ ਗਏ ਘਰਾਂ 1 ਲੱਖ 20 ਹਜਾਰ ਪ੍ਰਤੀ ਮਕਾਨ ਮੁਆਵਜਾ ਐਲਾਨਿਆ ਗਿਆ ਹੈ। ਇਨ੍ਹਾਂ 21 ਮਕਾਨਾਂ ਦੀ ਕੁੱਲ ਰਾਸ਼ੀ 25 ਲੱਖ 20 ਹਜਾਰ ਰੁਪਏ ਜਾਰੀ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਵਲੋਂ ਹੜ੍ਹ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਵਾਰ ਨੂੰ 4 ਲੱਖ ਰੁਪਏ ਪ੍ਰਤੀ ਪਰਵਾਰ ਉਨ੍ਹਾਂ ਦੇ ਖਾਤੇ ਵਿੱਚ ਪਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਮੁਸੀਬਤ ਵਿਚ ਆਪਣੇ ਸੂਬਾ ਵਾਸੀਆਂ ਦੇ ਨਾਲ ਖੜੀ ਹੈ, ਹੜ੍ਹ ਪੀੜਤਾਂ ਦੀ ਜਮੀਨੀ ਪੱਧਰ ਉੱਤੇ ਰਾਹਤ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਐੱਮ ਐੱਲ ਏ ਬਲਾਚੌਰ ਦੇ ਘਰ ਅੱਗੇ ਧਰਨਾ 19 ਨੂੰ

**ਬਹਿਰਾਮ** (ਅਵਤਾਰ ਕਲੇਰ) ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਨਵਾਂਸ਼ਹਿਰ ਦੀ ਮੀਟਿੰਗ ਭੁਪਿੰਦਰ ਸਿੰਘ ਵੜੈਚ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਵਿਚਾਰ ਚਰਚਾ ਵਿੱਚ ਸਾਰੇ ਸਾਥੀਆਂ ਨੇ ਹਿੱਸਾ ਲਿਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਤਰਸੇਮ ਸਿੰਘ ਬੈਂਸ ਨੇ ਦੱਸਿਆ ਕਿ ਪਿਛਲੇ ਦਿਨੀਂ ਭਾਰੀ ਬਾਰਸ਼ਾਂ ਅਤੇ ਹੜ੍ਹਾਂ ਦੇ ਪਾਣੀ ਨਾਲ ਫਸਲਾਂ , ਮਕਾਨਾਂ , ਅਤੇ ਪਸ਼ੂ ਧਨ ਦਾ ਵੱਡਾ ਨੁਕਸਾਨ ਹੋਇਆ ਹੈ। ਇਹ ਸਰਕਾਰ ਤੇ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਵਾਪਰਿਆ ਹੈ। ਪਾਣੀ ਦੇ ਰਸਤੇ ਪੁਲੀਆਂ ਅਤੇ ਵੇਈਆਂ ਦੀ ਸਫਾਈ ਵੱਲ ਸਮੇਂ ਸਿਰ ਧਿਆਨ ਨਾ ਕਰਨ ਕਰਕੇ ਹੋਇਆ ਹੈ । ਸਰਕਾਰੀ ਸ਼ਹਿ 'ਤੇ ਨਜਾਇਜ ਮਾਈਨਿੰਗ ਬੇਰੋਕ ਜਾਰੀ ਹੈ। ਇਹ ਗੋਰਖ ਧੰਦਾ ਪਹਿਲਾਂ ਦੀਆਂ ਸਰਕਾਰਾਂ ਨਾਲੋਂ ਵੱਧ ਜੋਰ ਨਾਲ ਹੋ ਰਿਹਾ ਹੈ। ਹੜ੍ਹਾਂ ਦੀ ਕਰੋਪੀ ਤੋਂ ਮਗਰੋਂ ਸਰਕਾਰ ਦੇ ਮੰਤਰੀ ਅਤੇ ਮੁੱਖ ਮੰਤਰੀ ਸਿਰਫ ਫੋਟੋ ਖਿੱਚਵਾ ਕੇ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਰਹਿਣਾ ਪਸੰਦ ਕਰਦੇ ਹਨ । ਲੋਕਾਂ ਨੂੰ ਅੱਜ ਤੱਕ ਨਾ ਕੇਂਦਰ ਸਰਕਾਰ ਅਤੇ ਨਾ ਹੀ ਪੰਜਾਬ ਸਰਕਾਰ ਨੇ ਕੋਈ ਰਾਹਤ ਦੇਣ ਦੀ ਲੋੜ ਸਮਝੀ ਹੈ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਅਤੇ ਕਿਸਾਨ ਜਥੇਬੰਦੀਆਂ ਨੇ ਆਪਣੀ ਸਮਰੱਥਾ ਅਨੁਸਾਰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਜਾ ਕੇ ਲੋਕਾਂ ਦੀ ਬਾਂਹ ਫੜੀ ਹੈ। ਮੀਟਿੰਗ ਦੌਰਾਨ



ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਨੂੰ ਲਾਗੂ ਕਰਨ ਹਿੱਤ 19 ਅਗਸਤ ਨੂੰ ਆਪ ਸਰਕਾਰ ਦੇ ਬਲਾਚੌਰ ਹਲਕੇ ਦੇ ਐਮ ਐਲ ਏ ਦੇ ਘਰ ਅੱਗੇ ਸੈਂਕੜੇ ਕਿਸਾਨਾਂ ਦੀ ਗਿਣਤੀ ਵਿੱਚ ਜਾ ਕੇ ਸਵੇਰੇ 11ਵਜੇ ਤੋਂ 3 ਵਜੇ ਤੱਕ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਬੀਮਾਰੀ ਨਾਲ ਮਰੇ ਪਸ਼ੂਆਂ ਦੇ ਮੁਆਵਜੇ ਲਈ ਵੀ ਯਾਦ ਕਰਵਾਇਆ ਜਾਵੇਗਾ। ਇਸ ਮੌਕੇ ਸੁਰਿੰਦਰ ਸਿੰਘ ਬੈਂਸ , ਸੁਤੰਤਰ ਕੁਮਾਰ , ਨਿਰਮਲ ਸਿੰਘ ਔਜਲਾ , ਸੁਰਿੰਦਰ ਸਿੰਘ ਮਹਿਰਮ ਪੁਰ , ਹਰਵਿੰਦਰ ਸਿੰਘ ਚਾਹਲ , ਜਸਵਿੰਦਰ ਸਿੰਘ ਭੋਗਲ , ਪਰਮਜੀਤ ਸਿੰਘ ਸਹਾਬਪੁਰ , ਜੀਵਨ ਬੇਗੋਵਾਲ , ਸੋਹਣ ਸਿੰਘ , ਜੁਝਾਰ ਸਿੰਘ ਅਤੇ ਬਲਬੀਰ ਸਿੰਘ ਹਾਜਰ ਸਨ।

### ਗੜ੍ਹਾ ਦੀ ਪੰਚਾਇਤ ਤੇ ਪਤਵੰਤਿਆਂ ਵੱਲੋਂ ਸੰਘਰਸ਼ 'ਚ ਸ਼ਮੂਲੀਅਤ ਦਾ ਫੈਸਲਾ

**ਫਿਲੌਰ** (ਨਿਰਮਲ)- ਸ੍ਰੀ ਗੁਰੂ ਰਵਿਦਾਸ ਮੰਦਿਰ ਪਿੰਗ ਗੜ੍ਹਾ ਵਿਖੇ ਮੀਟਿੰਗ ਹੋਈ,ਜਿਸ ਦੀ ਪ੍ਰਧਾਨਗੀ ਸਰਪੰਚ ਦਲਵੀਰ ਕੌਰ, ਬੁੱਧ ਪ੍ਰਕਾਸ਼, ਚਰਨ ਸਿੰਘ ਗੜ੍ਹਾ ਨੇ ਕੀਤੀ। ਮੀਟਿੰਗ ਵਿੱਚ ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਦੇ ਆਗੂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਵਿਸ਼ਾਲ ਖਹਿਰਾ ਮਾ.ਹੰਸ ਰਾਜ, ਜਸਵੰਤ ਅੱਟੀ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਸ਼ੋਤਮ ਫਿਲੌਰ ਨੇ ਸਿਵਲ ਹਸਪਤਾਲ ਫਿਲੌਰ ਦੀਆਂ ਘਾਟਾਂ ਤੇ ਕਮਜ਼ੋਰੀਆਂ ਬਾਰੇ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਆਖਿਆ ਕਿ ਸਾਨੂੰ ਸਾਡੇ ਮਹਾਨ ਵਿਰਸੇ ਕੋਲੋਂ ਸੇਧ ਲੈ ਕੇ ਅੰਦੋਲਨ ਲੜਨਾ ਚਾਹੀਦਾ ਹੈ। ਜਰਨੈਲ ਫਿਲੌਰ ਨੇ ਕਿਹਾ ਕਿ ਸਿਹਤ ਸਹੂਲਤਾਂ ਨੂੰ ਬਚਾਉਣ ਲਈ ਲੜਾਈ ਤਕੜੇ ਹੋ ਕੇ ਲੜਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੜਾਈ ਇਕ ਲਹਿਰ ਦਾ ਰੂਪ ਧਾਰਨ ਕਰ ਰਹੀ ਹੈ। ਇਸ ਮੌਕੇ 'ਤੇ ਜਰਨੈਲ ਜੱਸੀ, ਪ੍ਰਿਥੀਪਾਲ ਲਾਡੀ, ਜਸਪਾਲ ਜੱਸੀ, ਜੀਤ ਪਾਲ ,ਜੱਸੀ, ਤਾਰਾ ਚੰਦ, ਬਲਦੇਵ ਮੋਮੀ, ਐਡੋਕੇਟ ਸੰਜੀਵ ਭੌਰਾ, ਹੰਸ ਰਾਜ ਰਾਮਾ, ਪਰਗਣ ਬੇਗਮਪੁਰੀ, ਸੁਖਦੇਵ, ਗੁਰਮੇਲ, ਪਰਸੋਤਮ , ਜਗਦੀਸ ਨਰ, ਧਰਮ ਪਾਲ, ਦਵਿੰਦਰ ਗੁਰੂ, ਜੋਨੀ ਗੁਰੂ, ਕਪਿਲ ਮੋਮੀ, ਸਨੀ ਨਰ, ਬੁੱਧੂ ਗੋਪਾਲ ਕਲੋਨੀ, ਰਾਮ ਲੁਭਾਇਆ, ਰਤਨ ਲਾਲ ਮੋਮੀ, ਅਰਵਿੰਦ ,ਗੋਸ਼ਾ, ਮੋਹਿਤ, ਆਸ਼ਾ ,ਵਿਦਿਆ, ਦੇਬੋ, ਅਵਤਾਰ ਵੀਰਾ, ਪ੍ਰੇਮ ਮੋਮੀ, ਸੰਦੀਪ ਗੁਰੂ, ਅਜੇ, ਅਰੁਣ ਵਿਰਦੀ, ਰਾਜੇਸ ਕੁਮਾਰ ਮੋਹਿਤ, ਚਰਨ ਸਿੰਘ ਗੜ੍ਹਾ, ਸਵਰਨ ਦਾਸ, ਅਵਤਾਰ ਤਾਰੀ, ਲੱਖਾ ਸੋਨੂੰ , ਚਰਨੋ, ਦੇਬੋ ਰਾਣੀ, ਸਵਰਨ ਦਾਸ, ਅਵਤਾਰ ਤਾਰੀ ,ਲੱਖਾ, ਸੋਨੂੰ, ਚਰਨੋ, ਦੇਬੋ ਰਾਣੀ, ਈਸ਼ਵਰ ਹਾਜਰ ਸਨ। ਮੀਟਿੰਗ ਉਪਰੰਤ 5 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ ਚਰਨ ਸਿੰਘ ਗੜ੍ਹਾ, ਅਵਤਾਰ ਚੰਦ, ਜਸਪਾਲ ਸਿੰਘ, ਨਰੇਸ਼ ਕੁਮਾਰ, ਗੁਰਮੇਲ ਸਿੰਘ ਚੁਣੇ ਗਏ। ਚੁਣੀ ਹੋਈ ਕਮੇਟੀ ਨੇ ਭਰੋਸਾ ਦਿਵਾਇਆ ਕਿ 11 ਅਗਸਤ ਨੂੰ ਵੱਡੀ ਗਿਣਤੀ 'ਚ ਔਰਤਾਂ ਤੇ ਨੌਜਵਾਨਾਂ ਦਾ ਜਥਾ ਮੰਗ ਪੱਤਰ ਦੇਣ ਮੌਕੇ ਸ਼ਾਮਲ ਹੋਣਗੇ।

## ਪੰਚਾਇਤਾਂ ਤੇ ਬੱਚਿਆਂ ਦੇ ਮਾਪਿਆਂ ਨੇ ਸਕੂਲ ਦੇ ਗੇਟ ਨੂੰ ਲਗਾਇਆ ਜਿੰਦਰਾ



**ਭਲਾਣ**, (ਢਿੱਲੋਂ)- ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੁਰੇਵਾਲ ਵਿਖੇ ਸਥਿਤੀ ਉਸ ਸਮੇਂ ਤਣਾਅਪੂਰਨ ਬਣ ਗਈ ਜਦੋਂ ਕਈ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨੇ ਸਕੂਲ ਦੇ ਗੇਟ ਨੂੰ ਜਿੰਦਰਾ ਲਗਾ ਦਿੱਤਾ। ਪਿੰਡ ਦੇ ਸਰਪੰਚ ਹਰਿੰਦਰ ਕੁਮਾਰ ਕੋਸੋ, ਸਹਿਜੋਵਾਲ ਦੇ ਸਰਪੰਚ ਸੂਰਜ ਸ਼ਰਮਾ, ਸਮਾਜ ਸੇਵੀ ਬਖਸ਼ੀਸ਼ ਸਿੰਘ ਹਾਜੀਪੁਰ, ਜਯੋਤੀ ਲਾਲ ਗੌਤਮ, ਅਰਜਿਤ ਸੈਣੀ ਆਦਿ ਅਤੇ ਹਾਜਰ ਪਿੰਡਾਂ ਦੇ ਮੋਹਤਵਰ ਪਤਵੰਤਿਆਂ ਨੇ ਦੱਸਿਆ ਕਿ ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੀਤਲ ਦਾ ਰਵੱਈਆ ਬੱਚਿਆਂ ਪ੍ਰਤੀ ਠੀਕ ਨਾ ਹੋਣ ਕਾਰਨ ਬੱਚਿਆਂ ਦੇ ਮਾਪਿਆਂ ਵਿੱਚ ਭਾਰੀ ਰੋਸ ਹੈ, ਜਿਸ ਕਾਰਨ ਮਾਪਿਆਂ ਨੇ ਇਸ ਬਾਰੇ ਕਈ ਵਾਰ ਵਿਭਾਗ ਨੂੰ ਲਿਖਤੀ ਸ਼ਿਕਾਇਤ ਵੀ ਕੀਤੀ ਹੋਈ ਸੀ। ਉਨ੍ਹਾਂ ਦੱਸਿਆ ਕਿ ਮਾਪਿਆਂ ਦੀ ਸ਼ਿਕਾਇਤ 'ਤੇ ਸਿੱਖਿਆ ਵਿਭਾਗ ਨੇ ਸਕੂਲ ਮੁਖੀ ਦੀ ਬਦਲੀ ਕਰ ਦਿੱਤੀ ਸੀ ਪਰ ਸਵੇਰੇ ਫਿਰ ਮੈਡਮ ਸਕੂਲ ਆ ਗਏ ਅਤੇ ਬੋਲਣ ਲੱਗੇ ਕਿ ਮੇਰੀ ਕੋਈ ਵੀ ਬਦਲੀ ਨਹੀਂ ਹੋਈ ਮੈਂ ਤਾਂ ਆਪਣੀ ਡਿਊਟੀ 'ਤੇ ਆਈ ਹਾਂ। ਇਸ ਤੋਂ ਗੁੱਸੇ ਹੋਏ ਪਿੰਡ ਦੀਆਂ ਪੰਚਾਇਤਾਂ ਅਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਬੱਚਿਆਂ ਦੇ ਮਾਪੇ ਸਕੂਲ ਦੇ ਗੇਟ ਨੂੰ ਜੰਦਰਾ ਲਗਾ ਕੇ ਬਾਹਰ ਬੈਠ ਗਏ। ਇਕੱਠੇ ਹੋਏ ਲੋਕਾਂ ਦਾ ਕਹਿਣਾ ਸੀ ਕਿ ਇਸ ਮੈਡਮ ਨੂੰ ਜਲਦ ਇਥੋਂ ਰਲੀਵ ਕੀਤਾ ਜਾਵੇ। ਇਸ ਬਾਰੇ ਜਦੋਂ ਬੀ.ਪੀ.ਈ.ਓ ਨੰਗਲ ਯੋਗ ਰਾਜ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਕੂਲ ਮੁਖੀ ਦੀ ਬਦਲੀ ਦੀ ਮੇਲ ਕੱਲ੍ਹ 4 ਵੱਜ ਕੇ 50 ਮਿੰਟ 'ਤੇ ਆਈ ਸੀ ਜਿਸ ਤੇ ਅਮਲ ਕਰਦੇ ਹੋਏ ਅੱਜ ਉਸ ਨੂੰ ਰਲੀਵ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਇਸ ਸਕੂਲ ਮੁਖੀ ਦੀਆਂ ਵਿਭਾਗ ਨੂੰ ਕਾਫੀ ਸ਼ਿਕਾਇਤਾਂ ਆ ਰਹੀਆਂ ਸਨ ਜਿਸ 'ਤੇ ਵਿਭਾਗ ਨੇ ਕਾਰਵਾਈ ਕਰਦੇ ਹੋਏ ਇਸ ਦੀ ਪ੍ਰਬੰਧਕੀ ਤੌਰ 'ਤੇ ਬਦਲੀ ਜ਼ਿਲ੍ਹਾ ਮਾਨਸਾ ਵਿਖੇ ਕੀਤੀ ਹੈ ਜਿਸ ਨੂੰ ਅਸੀਂ ਰਲੀਵ ਕਰ ਦਿੱਤਾ ਹੈ। ਜਦੋਂ ਇਸ ਬਾਰੇ ਮੈਡਮ ਸੀਤਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਹੈ ਮੈਂ ਤਾਂ ਤਨਦੇਹੀ ਨਾਲ ਬੱਚਿਆਂ ਨੂੰ ਪੜ੍ਹਾ ਰਹੀ ਹਾਂ ਸਕੂਲੀ ਬੱਚੇ, ਉਨ੍ਹਾਂ ਦੇ ਮਾਪੇ ਅਤੇ ਸਕੂਲ ਸਟਾਫ ਨਾਲ ਮੇਰੇ ਚੰਗੇ ਸਬੰਧ ਹਨ ਪਰ ਕੁੱਝ ਸਟਾਫ ਮੈਂਬਰ ਮਹੌਲ ਨੂੰ ਖਰਾਬ ਕਰ ਰਹੇ ਹਨ । ਇਸ ਮੌਕੇ ਸਹਿਜੋਵਾਲ, ਸੁਰੇਵਾਲ ਦੀਆਂ ਪੰਚਾਇਤਾਂ ਸਮੇਤ ਮੋਹਤਵਰ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਅਤੇ ਪਿੰਡ ਵਾਸੀ ਹਾਜਰ ਸਨ।

## 19 ਨੂੰ ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ੍ਹ ਸਾਹਿਬ ਵਿਖੇ ਮੁਫਤ ਅੱਖਾਂ, ਮੈਡੀਕਲ ਕੈਂਪ ਲੱਗੇਗਾ



**ਹੁਸ਼ਿਆਰਪੁਰ** (ਓ ਪੀ ਰਾਣਾ )-ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ,ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਦਨ ਨਜਦੀਕ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ 19 ਅਗਸਤ ਨੂੰ ਲੱਗਣ ਵਾਲੇ ਵਿਸ਼ਾਲ ਅੱਖਾਂ ਅਤੇ ਮੈਡੀਕਲ ਕੈਂਪ ਸਬੰਧੀ ਮਹਾਂਪੁਰਸ਼ਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮੂਹ ਸੰਗਤ ਨੂੰ ਵੱਡੀ ਗਿਣਤੀ ਵਿਚ ਪਹੁੰਚ ਕੇ ਇਸ ਮਹਾਨ ਕੈਂਪ ਦਾ ਲਾਭ ਉਠਾਉਣ ਲਈ ਬੇਨਤੀ ਕੀਤੀ। ਇਸ ਮੌਕੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ , ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਨੇ ਦਸਿਆ ਕਿ 19 ਅਗਸਤ 2023 ਦਿਨ ਸ਼ਨੀਵਾਰ ਸਵੇਰੇ 9 ਵਜੇ ਸੁਖਮਨੀ ਸਾਹਿਬ ਜੀ ਦੇ ਜਾਪ ਤੋਂ ਉਪਰੰਤ ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਕਰਕੇ ਮਹਾਨ ਮੁਫਤ ਅੱਖਾਂ ਅਤੇ ਮੈਡੀਕਲ ਕੈਂਪ ਦੀ ਆਰੰਭਤਾ ਹੋਵੇਗੀ। ਉਨਾਂ ਦਸਿਆ ਕਿ ਸੰਤ ਬਾਬਾ ਪ੍ਰੀਤਮ ਦਾਸ ਮੈਮੋਰੀਅਲ ਚੈਰੀਟੇਬਲ ਹਸਪਤਾਲ ਰਾਏਪੁਰ ਰਸੂਲ ਪੁਰ,ਸੰਗਤ ਏਡ ਸੁਸਾਇਟੀ (ਰਜਿ.)ਯੂ ਕੇ ਵਲੋਂ ਦੇਸੀ ਦਵਾਈਆਂ , ਅੱਖਾਂ ਤੇ ਦੰਦਾਂ ਦਾ ਫ੍ਰੀ ਮੈਡੀਕਲ ਚੈਕਅੱਪ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਧਰਤੀ ਤੇ ਲਗਾਇਆ ਜਾ ਰਿਹਾ ਹੈ। ਸੰਤ ਪਰਮਜੀਤ ਦਾਸ ਨਗਰ ਵਾਲੇ ਲੰਗਰ, ਸੰਤ ਰਮੇਸ਼ ਦਾਸ ਸ਼ੇਰਪੁਰ ਢਕੋਂ ਚਾਹ ਅਤੇ ਪ੍ਰਸ਼ਾਦ,ਸੰਤ ਪ੍ਰਮੇਸ਼ਵਰੀ ਦਾਸ ਸ਼ੇਖੇ ਜਲ ਦੀ ਸੇਵਾ ਅਤੇ ਹੋਰ ਡੇਰਿਆਂ ਦੇ ਸੰਤ ਮਹਾਂਪੁਰਸ਼ ਸੇਵਾ ਨਿਭਾਉਣਗੇ।

ਇਸ ਮੌਕੇ ਹਾਜ਼ਰ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ,ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ, ਸੰਤ ਇੰਦਰ ਦਾਸ ਸ਼ੇਖੇ ਜਨ. ਸਕੱਤਰ, ਸੰਤ ਪਰਮਜੀਤ ਦਾਸ ਨਗਰ,ਸੰਤ ਧਰਮਪਾਲ ਸ਼ੇਰਗੜ,ਸੰਤ ਰਮੇਸ਼ ਦਾਸ ਸ਼ੇਰਪੁਰ ਢਕੋਂ, ਸੰਤ ਜਸਵੰਤ ਦਾਸ ਰਾਵਲਪਿੰਡੀ,ਸੰਤ ਸੰਤੋਖ ਦਾਸ ਭਾਰਟਾ ਗਨੇਸ਼ਪੁਰ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਸੰਤੋਸ਼ ਕੁਮਾਰੀ ਮੈਂਬਰ ਬਿਲਡਿੰਗ ਇੰਚਾਰਜ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਪ੍ਰਮੇਸ਼ਰੀ ਦਾਸ, ਸੰਤ ਸਰੂਪ ਸਿੰਘ ਬੋਹਾਨੀ, ਸੰਤ ਪ੍ਰੇਮ ਦਾਸ ਭਗਾਣਾ ਸ਼ਿਵ ਨਰਾਇਣ ਮਰਨਾਈਆਂ ਹਾਜਰ ਸਨ।